# ਵਰਿਆਮ

੩੩ਵਾਂ ਸਾਲ ਅਪਰੈਲ, ੨੦੦੮


## ਪੰਜਾਬੀ ਜਗਤ ਨੂੰ ਵਧਾਈਆਂ

ਪੰਜਾਬ ਦੀ ਵਿਧਾਨ ਸਭਾ ਨੇ ਸਰਬਤ ਪਾਰਟੀਆਂ ਦੀ ਸਹਿਮਤੀ ਨਾਲ ਇਕ ਮਤਾ ਪਾਸ ਕੀਤਾ ਹੈ ਜਿਸ ਅਨੁਸਾਰ ਪੰਜਾਬ ਵਿਚ ਦਸਵੀਂ ਜਮਾਤ ਤੱਕ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਕਰਾਰ ਦਿੱਤੀ ਗਈ ਹੈ। ਇਸ ਘੇਰੇ ਵਿਚ ਪੰਜਾਬ ਵਿਚਲੇ ਸਭ ਸਰਕਾਰੀ ਅਤੇ ਪ੍ਰਾਈਵੇਟ ਸਕੂਲ (ਅਖੌਤੀ ਇੰਗਲਿਸ਼ ਮੀਡੀਅਮ ਸਮੇਤ) ਭਾਵੇਂ ਉਹ ਸੀ. ਬੀ. ਐਸ. ਈ ਜਾਂ ਆਈ. ਸੀ. ਐਸ ਨਾਲ ਸਬੰਧਤ ਹੋਣ, ਆਉਣਗੇ। ਦੂਸਰੀ ਵਿਸ਼ੇਸ਼ ਗੱਲ ਇਹ ਪਾਸ ਕੀਤੀ ਗਈ ਹੈ ਸਰਕਾਰੀ ਪੱਧਰ ਤੇ ਪੰਜਾਬੀ ਪੂਰੀ ਤਰ੍ਹਾਂ ਲਾਗੂ ਕੀਤੀ ਜਾਵੇਗੀ ਅਤੇ ਇਸ ਕੰਮ ਵਿਚ ਕੋਤਾਹੀ ਵਰਤਣ ਵਾਲੇ ਮੁਲਾਜ਼ਮਾਂ, ਅਫਸਰਾਂ ਨੂੰ ਸਜ਼ਾ ਦੀ ਵਿਵਸਥਾ ਹੋਵੇਗੀ।

ਪੰਜਾਬੀ ਬੋਲਦਾ ਸੂਬਾ ਅਰਥਾਤ ਪੰਜਾਬੀ ਸੂਬਾ ਕਾਫੀ ਲਫੜੇ ਬਾਦ ਸੰਨ ੧੯੬੬ ਵਿਚ ਹੋਂਦ ਵਿਚ ਆ ਗਿਆ ਸੀ। ਪੰਜਾਬ ਦੀ ਇਕ ਪਾਰਟੀ ਭਾਵ ਅਕਾਲੀ ਦਲ ਨੇ ਤਾਂ ਪੰਜਾਬੀ ਸੂਬਾ ਕਾਇਮ ਕਰਣ ਵਾਸਤੇ ਵੱਡੇ ਵੱਡੇ ਅੰਦੋਲਨ ਕੀਤੇ। ਫਲ ਸਰੂਪ ਉਹਨਾਂ ਨੂੰ ਪੰਜਾਬੀ ਬੋਲੀ ਦੇ ਮੁੱਦੇ ਨੂੰ ਚੁਕਣ ਕਰਕੇ ਰਾਜ ਭਾਗ ਵੀ ਮਿਲਿਆ। ਰਾਜ ਭਾਗ ਦੀ ਦਾਤ ਤਾਂ ਮਿਲ ਗਈ ਪਰ ਜਿਸਦੀ ਕਿਰਪਾ ਨਾਲ ਇਹ ਦਾਤ ਮਿਲੀ ਉਹ ਪੰਜਾਬੀ ਭਾਸ਼ਾ ਵਿਚਾਰੀ ਦੀ ਵਿਚਾਰੀ ਹੀ ਰਹਿ ਗਈ।

ਅਕਾਲੀ ਪਾਰਟੀ ਤੋਂ ਬਾਗੀ ਜਾਂ ਵਖਰਾ ਹੋ ਕੇ ਇਕ ਅਕਾਲੀ ਨੇਤਾ ਸ. ਲਛਮਣ ਸਿੰਘ ਗਿਲ ਪੰਜਾਬ ਦਾ ਮੁਖ ਮੰਤਰੀ ਬਣਿਆ। ਸਿਆਸੀ ਹਾਲਾਤ ਕਰਕੇ ਸ. ਗਿਲ ਦੀ ਮੁਖ ਮੰਤਰੀ ਦੀ ਮਿਆਦ ਤਾਂ ਅਲਪ ਕਾਲਕ ਹੀ ਰਹੀ ਪਰ ਇਕ ਮਾਅਰਕੇ ਦਾ ਕਾਰਜ ਉਹ ਮੁਜਾਹਦ ਮਰਦ ਕਰ ਗਿਆ। ਉਹ ਪੰਜਾਬੀ ਭਾਸ਼ਾ ਨੂੰ ਰਾਜ ਦੀ ਸਰਕਾਰੀ ਭਾਸ਼ਾ ਬਣਾ ਗਿਆ। ਸ. ਗਿਲ ਤਾਂ ਕਾਗਜ਼ਾਂ ਵਿਚ ਪੰਜਾਬੀ ਲਾਗੂ ਕਰ ਕੇ ਲਾਂਭੇ ਹੋ ਗਿਆ ਪਿਛੋਂ ਪੰਜਾਬ ਦੀ ਅਫਸਰਸ਼ਾਹੀ ਨੇ ਅਮਲੀ ਰੂਪ ਵਿਚ ਪੰਜਾਬੀ ਨੂੰ ਬਣਦਾ ਥਾਂ ਨਾ ਦਿੱਤਾ। ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਵਲੋਂ ਖੁਲੇ ਆਮ ਕੰਮ ਕਾਜ ਗੈਰ ਪੰਜਾਬੀ ਭਾਸ਼ਾਵਾਂ 'ਚ ਹੁੰਦਾ ਰਿਹਾ ਗੱਲ ਥੋਹੜੇ ਸ਼ਬਦਾਂ ਵਿਚ ਮੁਕਾਉਣੀ ਹੋਵੇ ਤਾਂ ਇਹ ਹੈ ਕਿ ਪੰਜਾਬੀ ਕਿਸੇ ਥਾਂ ਜੋਗੀ ਨਾ ਰਹੀ।

ਇਕ ਵਾਰ ਹਾਲਤ ਇਹ ਬਣ ਗਏ ਕਿ ਪੰਜਾਬ ਦੀ ਅਕਾਲੀ ਸਰਕਾਰ ਅਤੇ ਬਾਦ ਵਿਚ ਕਾਂਗਰਸ ਸਰਕਾਰ ਨੇ ਅੰਗਰੇਜ਼ੀ ਭਾਸ਼ਾ ਨੂੰ ਪ੍ਰਮੁੱਖ ਅਸਥਾਨ ਦੇ ਕੇ ਸ਼ੁਰੂ ਤੋਂ ਹੀ ਪੰਜਾਬੀ ਨੂੰ ਖਾਰਜ ਕਰ ਦਿੱਤਾ।

ਇਸ ਸਮੇਂ ਇਕੋ ਇਕ ਧਿਰ ਸੀ ਜੋ ਪੰਜਾਬੀ ਨਾਲ ਹੋ ਰਹੇ ਧੱਕੇ ਵਿਰੁਧ ਕੂਕਦੀ ਰਹੀ। ਉਹ ਸੀ ਪੰਜਾਬੀ ਦਾ ਲੇਖਕ ਵਰਗ। ਪੰਜਾਬੀ ਦੀਆਂ ਲੇਖਕ/ਸਾਹਿਤ ਸਭਾਵਾਂ, ਕੇਂਦਰੀ ਸਭਾਵਾਂ ਸਾਹਿਤ ਅਕੇਡਮੀਆਂ ਨੇ ਇਕ ਵਾਰ ਨਹੀਂ ਕਈ ਵਾਰ ਸਰਕਾਰ ਨੂੰ ਯਾਦ ਪੱਤਰ ਦਿੱਤੇ। ਨਿਤ ਨਿਤ ਚੰਡੀਗੜ੍ਹ ਨੂੰ ਮਾਰਚ ਹੋਏ ਅਤੇ ਕਲਪ ਕੁਲਪ ਕੇ ਸਭ ਵਾਪਸ ਆਉਂਦੇ ਰਹੇ ਪਰ ਕਿਸੇ ਦੇ ਕੰਨ ਤੇ ਜੂੰ ਤੱਕ ਨਾ ਸਰਕੀ। ਆਖਰ ਲੇਖਕਾਂ ਦੀ ਗਿਣਤੀ ਕਿੰਨੀ ਕੁ ਸੀ ਜੋ ਸਿਆਸੀ ਪਾਰਟੀਆਂ ਦੀਆਂ ਵੋਟਾਂ ਤੇ ਅਸਰ ਅੰਦਾਜ਼ ਹੁੰਦੀ।

ਸ਼ਾਇਦ ਸਮੇਂ ਦੇ ਬੀਤਣ ਨਾਲ ਅਤੇ ਸਿਆਸੀ ਤਕਾਜ਼ਿਆਂ ਦੀ ਲੋੜ ਵਿੱਚੋਂ ਪੰਜਾਬ ਅਸੰਬਲੀ ਦਾ ਵਰਤਮਾਨ ਮਤਾ ਨਿਕਲਿਆ ਹੈ। ਪਿਛਲੇ ਸਮੇਂ ਵਿਚ ਵੱਖ ਵੱਖ ਜਥੇਬੰਦੀਆਂ ਨੇ ਜ਼ੋਰਦਾਰ ਆਵਾਜ਼ ਉਠਾਈ ਸੀ ਅਤੇ ਇਹ ਖਦਸ਼ਾ ਜ਼ਾਹਰ ਕੀਤਾ ਸੀ ਕਿ ਪੰਜਾਬੀ ਸ਼ਾਇਦ ਅੱਧੀ ਸਦੀ ਵੀ ਨਾ ਕਢੇ। ਖੈਰ ਜੋ ਮਤਾ ਪਾਸ ਹੋਇਆ ਹੈ ਉਹ ਬਹੁਤ ਸਲਾਹੁਣਯੋਗ ਹੈ ਅਤੇ ਪੰਜਾਬ ਦੀ ਸਰਕਾਰ ਅਤੇ ਸਮੁੱਚੀ ਵਿਧਾਨ ਸਭਾ ਵਧਾਈ ਦੀ ਪਾਤਰ ਹੈ। ਸ. ਪਰਕਾਸ਼ ਸਿੰਘ ਬਾਦਲ ਸਿਖਿਆ ਮੰਤਰੀ ਬੀਬੀ ਉਪਿੰਦਰਜੀਤ ਕੌਰ ਅਤੇ ਕਾਂਗਰਸੀ ਨੇਤਾ ਸ੍ਰੀਮਤੀ ਰਜਿੰਦਰ ਕੌਰ ਭੱਠਲ ਸਭ ਲੋਕ ਪਰਸੰਸਾ ਦੇ ਪਾਤਰ ਹਨ।

ਅਜੇ ਮੁੜ ਸੁਚੇਤ ਰਹਿਣਾ ਪਵੇਗਾ ਕਿ ਅਗੇ ਵਾਂਗ ਫੇਰ ਅਫਸਰਸ਼ਾਹੀ ਆਨੇ ਬਹਾਨੇ ਰੋੜੇ ਨਾ ਅਟਕਾਏ। ਇਸ ਮੱਤੇ ਦੇ ਪੂਰੀ ਤਰ੍ਹਾਂ ਲਾਗੂ ਹੋਣ ਦੀ ਉਡੀਕ ਹੈ

*—ਜਗਦੀਸ਼ ਸਿੰਘ ਵਰਿਆਮ*


Namdhari Elibrary NamdhariElibrary@gmail.com

# ਨਾਮਧਾਰੀ ਫਾਰਮਜ਼ ਔਰੰਗਾਬਾਦ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ੧੦ ਫਰਵਰੀ ੨੦੦੮



ਸ. ਹਰਭਜਨ ਸਿੰਘ ਅਤੇ ਜਥੇਦਾਰ ਪ੍ਰੀਤਮ ਸਿੰਘ ਜੀ ਜੱਥੇ ਸਹਿਤ ਦੀਵਾਨ ਕੀਰਤਨ ਸਮੇਂ



ਕੁਮਾਰੀ ਸਰਲਾ ਡਾਵਖਰ ਦੁਆਰਾ ਸ਼ਬਦ ਕੀਰਤਨ



ਸਾਧ ਸੰਗਤ ਦਾ ਦ੍ਰਿਸ਼ ਪਿਛੇ ਵਿਆਹ ਮੰਡਪ

Namdhari Elibrary NamdhariElibrary@gmail.com

# ਵਰਿਆਮ

ਅਪਰੈਲ -੨੦੦੮
ਜਿਲਦ-੩੩
ਅੰਕ- ੬


ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'



ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

Office Address :
Monthly WARIAM
Ladowali Road.
Opp. Central Town,
Jalandhar-144001

ਫੋਨ-:੦੧੮੧- ੨੨੨੨੫੪੩ Ph. :0181-2222543 (O)
ਘਰ : ੦੧੮੧-੨੪੫੬੨੮੯ 0181-2456289 (R)
e-mail 'monthlywariam@yahoo.com'


**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ |
| ਹਵਾਈ ਡਾਕ ਰਾਹੀਂ | (ਸਾਲਾਨਾ) |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

# ਤਤਕਰਾ


ਗੈਰ ਸਿਖਾਂ ਵਿਚ ਗੁਰਬਾਣੀ ਦਾ ਪਰਚਾਰ—
ਕੌਣ ਕਰ ਰਿਹਾ ਹੈ?
—*ਤਰਲੋਚਨ ਸਿੰਘ, ਐਮ. ਪੀ.* ------ ੨
ਕੌਮੀ ਆਜ਼ਾਦੀ ਦੇ ਅੰਦੋਲਨ ਦਾ
ਸੁਨਹਿਰੀ ਪੰਨਾ ਹੈ "ਕੂਕਾ ਲਹਿਰ"
—*ਡਾ. ਤਾਰਾ ਸਿੰਘ ਸੰਧੂ* ------------ ੫
ਖਾਲਸਾ ਸਿਰਜਨਾ (ਫਲਸਫਾਈ ਉਦੇਸ਼ ਚਿੰਤਨ)
—*ਕਰਤਾਰ ਸਿੰਘ ਨੀਲਧਾਰੀ ਚੰਡੀਗੜ੍ਹ* ----- ੯
ਪਾਰਖੂ ਨਜ਼ਰ ਵਾਲਾ—ਸੂਬਾ ਕਾਹਨ ਸਿੰਘ 'ਨਿਹੰਗ'
—*ਸੁਵਰਨ ਸਿੰਘ ਵਿਰਕ* ------------ ੧੧
ਚੋਣਵੇਂ ਪੰਜਾਬੀ ਸ਼ਿਅਰ —*ਚਰਨ ਸੀਚੇਵਾਲਵੀ* ੨੩
ਗ਼ਜ਼ਲ —*ਸਿਰੀ ਰਾਮ 'ਅਰਸ਼'* --------- ੨੪
ਦੋ ਗ਼ਜ਼ਲਾਂ —*ਸਰਬਜੀਤ ਦਰਦੀ* -------- ੨੪
ਤੇਰੇ ਬਿਨ —*ਗੁਰਭਜਨ ਗਿੱਲ* ---------- ੨੫
ਮੁਸਲਸਲ ਗ਼ਜ਼ਲ —*ਕਰਤਾਰ ਸਿੰਘ ਕਾਲੜਾ* ੨੬
ਗ਼ਜ਼ਲ — *ਕੁਲਵੰਤ ਜਗਰਾਉਂ* ---------- ੨੬
ਗੀਤਾਂ ਦੀ ਗੰਢ —*ਦਲਬੀਰ ਸਿੰਘ ਤਰਸ* --- ੨੬
ਅਜ਼ਾਦੀ ਦੀ ਪਹਿਲੀ "ਦਹਾੜ"
—*ਮਹਿੰਦਰ ਸਿੰਘ "ਚਿਤਾਰ"* ------ ੨੭
ਤੇਰਾ ਚੇਤਾ ਨਹੀਂ ਭੁੱਲਣਾ —*ਸਾਧੂ ਸਿੰਘ ਕਿਸਾਨ* ੨੯
ਸਾਹਿਤਕਾਰ, ਚਿੰਤਕ ਅਤੇ ਵਿਦਵਾਨ
ਪ੍ਰਿੰ. ਕਰਤਾਰ ਸਿੰਘ ਕਾਲੜਾ
—*ਹਰਦਿਆਲ ਬੂਹੀ* ------------ ੩੩
ਡਾ. ਸਰਦਾਰ ਸਿੰਘ ਗਾਂਧੀ ਬਰਮਾ ਵਾਲੇ
—*ਸੂਬਾ ਸੁਰਿੰਦਰ ਕੌਰ ਖਰਲ* ------- ੩੭
ਸ. ਬਖਸ਼ੀਸ਼ ਸਿੰਘ ਲਾਇਲਪੁਰੀ
—*ਸਰਬ ਸ਼ਕਤੀਮਾਨ ਸਿੰਘ* -------- ੩੯
ਖ਼ਬਰਨਾਮਾ --------------------------- ੪੧
ਪ੍ਰਤੀਕਿਰਿਆ -------------------------- ੪੬





Namdhari Elibrary NamdhariElibrary@gmail.com

# ਗੈਰ ਸਿਖਾਂ ਵਿਚ ਗੁਰਬਾਣੀ ਦਾ ਪਰਚਾਰ—ਕੌਣ ਕਰ ਰਿਹਾ ਹੈ?

*—ਤਰਲੋਚਨ ਸਿੰਘ, ਐਮ. ਪੀ.*

ਹਰ ਥਾਂ, ਹਰ ਵਕਤ ਅਸੀਂ ਇਹ ਕਹਿੰਦੇ ਨਹੀਂ ਥਕਦੇ ਕਿ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਸਾਰੀ ਮਾਨਵਤਾ ਲਈ ਹੈ। ਸਾਰੇ ਵਿਸ਼ਵ ਵਿਚ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਹੈ ਜੋ ਹਰ ਧਰਮ ਮੰਨਣ ਵਾਲੇ ਲਈ ਸਾਂਝਾ ਹੈ। ਰਬ ਦੀ ਇਬਾਦਤ ਚਾਹੇ ਕੋਈ ਕਿਸੇ ਵੀ ਤਰੀਕੇ ਨਾਲ ਕਰੇ, ਉਸਨੂੰ ਗੁਰੂ ਗ੍ਰੰਥ ਆਸ਼ੇ ਅਨੁਸਾਰ ਪੂਰੀ ਖੁਲ ਹੈ। ਗੁਰੂ ਦਾ ਸੰਦੇਸ਼ ਜ਼ਾਤ ਪਾਤ ਤੇ ਮਰਦ ਤੀਵੀਂ ਦੇ ਝਗੜਿਆਂ ਤੋਂ ਉਪਰ ਹੈ। ਜਦ ਮੈਂ ਦੁਨੀਆ ਦੇ ਵੱਡੇ ਵੱਡੇ ਫਲਾਸਫਰਾਂ ਦੇ ਗੁਰੂ ਗ੍ਰੰਥ ਪ੍ਰਤੀ ਵਿਚਾਰ ਪੜ੍ਹਦਾ ਹਾਂ ਤੇ ਜੋ ਮੈਂ ਪਿਛੇ ਜਿਹੇ ਪਾਰਲੀਮੈਂਟ ਵਿਚ ਵੀ ਪੜ੍ਹਕੇ ਸੁਣਾਏ ਤਾਂ ਖੁਸ਼ੀ ਵੀ ਹੁੰਦੀ ਹੈ ਤੇ ਆਪਣੇ ਆਪ ਤੇ ਅਫਸੋਸ ਵੀ। ਪਿਛਲੇ ਸਦੀ ਦੇ ਸਭ ਤੋਂ ਵੱਧ ਪ੍ਰਮਾਣਤ ਪ੍ਰੋਫੈਸਰ ਆਰਨਲਡ ਟਾਨਬੀ ਨੇ ਲਿਖਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਵਿਸ਼ਵ ਦੇ ਹਰ ਹਿੱਸੇ ਵਿਚ ਲੋਕਾਂ ਨੂੰ ਪਹੁੰਚਾਏ ਜਾਣ। ਪਰਲ ਐਸ. ਬਕ, ਸਭ ਤੋਂ ਵੱਡੀ ਲੇਖਕ ਨੇ ਵੀ ਇਹੋ ਜਿਹੇ ਵਿਚਾਰ ਰੱਖੇ। ਬਰਨਡ ਸ਼ਾਹ ਨੇ ਤਾਂ ਇਸ ਤੋਂ ਵੱਧ ਸਤਿਕਾਰ ਪਰਗਟ ਕੀਤਾ। ਪਰ ਕੀ ਅਸੀਂ ਜੋ ਗੁਰੂ ਦੇ ਵਾਰਸ ਹਾਂ ਤੇ ਇਸ ਇਲਾਹੀ ਬਾਣੀ ਨੂੰ ਕੇਵਲ ਆਪਣਾ ਹੱਕ ਸਮਝ ਕੇ ਇਸ ਸਬੰਧੀ ਕੁਝ ਕਰਦੇ ਵੀ ਹਾਂ। ਮੈਂ ਪਿਛਲੇ ੨੫ ਸਾਲ ਤੋਂ ਦਿੱਲੀ ਵਿਚ ਰਹਿ ਰਿਹਾ ਹਾਂ। ਇਕ ਕੋਰੜ ਤੋਂ ਵੱਧ ਆਬਾਦੀ ਵਾਲੇ ਇਸ ਸ਼ਹਿਰ ਵਿਚ ਬੜੇ ਗੁਰਦੁਆਰੇ ਹਨ। ਇਕ ਗੁਰਦੁਆਰਾ ਕਮੇਟੀ ਵੀ ਹੈ ਜਿਸ ਦਾ ਬਹੁਤ ਵੱਡਾ ਬਜਟ ਹੈ। ਸਾਡੇ ਸਾਰੇ ਯਤਨ ਗੁਰਪੁਰਬਾਂ ਤੇ ਗੁਰਦੁਆਰੇ ਅੰਦਰ ਦੀਵਾਨ, ਕੀਰਤਨ ਦਰਬਾਰ ਤੇ ਸੜਕਾਂ ਤੇ ਜਲੂਸ ਕੱਢਣ ਤੱਕ ਹੀ ਸੀਮਤ ਹਨ। ਗੁਰੂ ਤੇਗ ਬਹਾਦਰ ਜੀ ਵੀ ਦੂਜਿਆਂ ਦੇ ਲਈ ਸ਼ਹੀਦ ਹੋਏ। ਉਹਨਾਂ ਦੇ ਸ਼ਹੀਦੀ ਦਿਵਸ ਤੇ ਕੇਵਲ ਸਿੱਖ ਹੀ ਨਜ਼ਰ ਆਂਦੇ ਹਨ। ਗੈਰ ਸਿੱਖਾਂ, ਮੇਰਾ ਭਾਵ ਜਿਹਨਾਂ ਨੂੰ ਅਸੀਂ ਸਿੱਖ ਹੋਣ ਦੀ ਲਿਸਟ ਤੋਂ ਬਾਹਰ ਰੱਖਦੇ ਹਾਂ, ਦੇ ਲਈ ਸਮਾਗਮ ਸਾਡੀ ਦਰਿਸ਼ਟੀ ਤੋਂ ਦੂਰ ਹਨ। ਇਕ ਗੱਲ ਜ਼ਰੂਰ ਹੋ ਰਹੀ ਹੈ ਕਿ ਗੁਰਦੁਆਰਾ ਸੀਸ ਗੰਜ ਤੋਂ ਬਾਹਰ ਲੰਬੀਆਂ ਕਤਾਰਾਂ ਵਿਚ ਅਸੀਂ ਸਵੇਰੇ ਲੰਗਰ ਵੰਡਦੇ ਹਾਂ।

ਆਓ ਵੇਖੋ ਜਿਹਨਾਂ ਨੂੰ ਅਸੀਂ ਆਪਣਾ ਨਹੀਂ ਸਮਝਦੇ ਉਹ ਇਸ ਬਾਰੇ ਕੀ ਕਰ ਰਹੇ ਹਨ। ਮੈਂ ਇਹ ਸਚਾਈ ਇਕ ਸਮਾਗਮ ਜੋ ਮੈਂ ਆਪ ਵੇਖਿਆ ਹੈ ਉਸ ਬਾਰੇ ਲਿਖ ਕੇ ਆਮ ਸਿੱਖਾਂ ਨੂੰ ਜਾਣਕਾਰੀ ਦੇਣ ਦਾ ਯਤਨ ਕਰ ਰਿਹਾ ਹਾਂ। ੯ ਮਾਰਚ, ਐਤਵਾਰ ਨੂੰ ਦਿੱਲੀ ਦੇ ਬਾਹਰ ਕੁਤਬ ਮੀਨਾਰ ਤੋਂ ਕਰੀਬਨ ੮ ਮੀਲ ਦੂਰ ਰਾਧਾ ਸੁਆਮੀ ਸਤਿਸੰਗ ਵਿਚ ਮੈਨੂੰ ਜਾਣ ਦਾ ਅਵਸਰ ਮਿਲਿਆ। ਸਮਾਗਮ ਸਵੇਰ ਸਾਢੇ ਨੌ ਵਜੇ ਅਰੰਭ ਹੋਣਾ ਸੀ। ਮੈਂ ਘਰੋਂ ੮ ਵਜੇ ਤੋਂ ਪਹਿਲਾਂ ਚਲ ਪਿਆ ਕਿ ਵਕਤ ਤੇ ਪੁੱਜ ਜਾਵਾਂ। ਰਸਤੇ ਵਿਚ ਹਜ਼ਾਰਾਂ ਕਾਰਾਂ ਬੰਪਰ ਤੋਂ ਬੰਪਰ ਨਾਲ ਲਗੀਆਂ ਕਤਾਰਾਂ ਵਿਚ ਜਾ ਰਹੀਆਂ ਸਨ। ਇਤਨੀ ਵੱਡੀ ਗਿਣਤੀ ਵਿਚ ਤਾਂ ਕਦੇ ਦਿੱਲੀ ਦੇ ਕਿਸੇ ਸਮਾਗਮ ਵਿਚ, ੨੬ ਜਨਵਰੀ ਦੇ ਰਿਪਬਲਿਕ ਦਿਵਸ ਤੇ ਵੀ ਨਹੀਂ ਵੇਖੀਆਂ। ਦੂਜੀ ਅਚੰਭੇ ਵਾਲੀ ਗੱਲ ਕਿ ੧੫ ਮੀਲ ਦੇ ਰਸਤੇ ਵਿਚ ਪੁਲਿਸ ਟਰੈਫਿਕ ਨਜ਼ਰ ਨਹੀਂ ਆਈ। ਹਜ਼ਾਰਾਂ ਵਾਲੰਟੀਅਰ ਵਰਦੀਆਂ ਵਿਚ ਸਾਰਾ ਪ੍ਰਬੰਧ ਕਰ ਰਹੇ ਸਨ। ਸਾਰੀ ਸੜਕ ਦੇ ਛੋਟੇ ਖੰਬੇ ਜਿਹਨਾਂ ਦੀ ਗਿਣਤੀ ਲੱਖਾਂ ਵਿਚ ਹੋਵੇਗੀ, ਲਗਾ ਕੇ ਟਰੈਫਿਕ ਕੰਟਰੋਲ ਕਰ ਰਹੇ ਸਨ। ਹਰ ਮੋੜ ਤੇ ਢੁਕਵਾਂ ਪ੍ਰਬੰਧ ਤੇ ਵਾਕੀ ਟਾਕੀ ਸੈਟ ਹਰ ਕੋਲ ਸੀ। ਮੈਨੂੰ ਡੇਢ ਘੰਟਾ ਉਥੇ ਪੁਜਣ ਤੇ ਲੱਗਾ। ਜੇ ਮੈਂ ਗਲਤ ਨਾ ਹੋਵਾਂ ਉਥੇ ਜਾਕੇ ਜੋ ਪੰਡਾਲ ਵੇਖਿਆ ਉਸ ਵਰਗਾ ਕਿਧਰੇ ਹੋਰ ਮੈਂ ਨਹੀਂ ਵੇਖਿਆ। ਸਾਰਾ ਪੰਡਾਲ ਪੱਕਾ ਉਪਰ ਸ਼ੀਟਾਂ ਲਗੀਆਂ ਹੋਈਆ ਜਿਸ ਵਿਚ ੨ ਲੱਖ ਸ਼ਰਧਾਲੂਆਂ ਦਾ ਆਰਾਮ ਨਾਲ ਬੈਠਣ ਦਾ ਪ੍ਰਬੰਧ, ਉਪਰ ਪੱਖੇ ਪੱਕੇ ਲੱਗੇ ਹੋਏ ਸਨ। ਸਾਰੇ ਪੰਡਾਲ ਵਿਚ ਸੈਕਟਰ ਬਣੇ ਹੋਏ। ਹਰ ਕੋਈ ਜਾ ਕੇ ਆਪਣੀ ਥਾਂ ਬੈਠ ਰਿਹਾ ਸੀ। ਕੋਈ ਵੀ ਅੱਗੇ ਆ ਕੇ ਮੱਥਾ ਨਹੀਂ ਟੇਕਦਾ। ਆਪਣੇ ਬੂਟ ਜਾਂ ਜੁੱਤੀਆਂ ਉਤਾਰ ਕੇ ਆਪਣੇ ਕੋਲ ਰਖ ਕੇ ਚੌਕੜੀ ਮਾਰ ਕੇ ਬੈਠ ਰਿਹਾ ਸੀ। ਕਰੀਬਨ ਤਿਨ ਲੱਖ ਦੀ ਹਾਜ਼ਰੀ ਉਸ ਦਿਨ ਸੀ। ਠੀਕ ਸਾਢੇ ਨੌ ਵਜੇ ਰਾਧਾ ਸੁਆਮੀ ਪਰਮੁੱਖ ਬਾਬਾ ਗੋਰਿੰਦਰ ਸਿੰਘ ਜੀ ਸਟੇਜ ਤੇ ਆ ਕੇ ਬਹਿ ਗਏ। ਸਟੇਜ ੮ ਫੁੱਟ ਉੱਚਾ ਤੇ ਉਹ ਇਕ ਕੁਰਸੀ ਤੇ ਬੈਠ ਗਏ। ਸਾਰੇ ਆਪਣੀ ਥਾਂ ਹੀ ਬੈਠੇ ਰਹੇ। ਕੋਈ ਖੜਾ ਨਹੀਂ ਹੋਇਆ। ਬੈਠੇ ਹੀ ਨਮਸਕਾਰ ਕੀਤੀ ਗਈ। ਉਹਨਾਂ ਦੇ ਨਾਲ ਉਤਨੀ ਹੀ ਉੱਚੀ ਚੌਕੀ ਤੇ ਇਕ ਸੇਵਕ ਬੈਠਾ ਸੀ (ਸ. ਗੁਰਦੇਵ ਸਿੰਘ) ਉਸ ਨੇ ਇਕ ਪੋਥੀ ਤੋਂ ਬੜੀ ਸੁਰੀਲੀ ਆਵਾਜ਼ ਵਿਚ ਇਹ ਸ਼ਬਦ ਪੜ੍ਹਿਆ :-

ਰਾਗ ਸੂਹੀ ਮਹਲਾ ੩ ਘਰ ੧ ਅਸ਼ਟਪਦੀਆਂ



Namdhari Elibrary NamdhariElibrary@gmail.com

ੴ ਸਤਿਗੁਰ ਪ੍ਰਸਾਦ
ਨਾਮੈ ਹੀ ਤੇ ਸਭੁ ਕਿਛੁ ਹੋਆ
ਬਿਨ ਸਤਿਗੁਰ ਨਾਮ ਨਾ ਜਾਪੈ।
ਗੁਰ ਕਾ ਸਬਦੁ ਮਹਾ ਰਸੁ ਮੀਠਾ
ਬਿਨ ਚਾਖੇ ਸਾਦੁ ਨਾ ਜਾਪੈ॥

ਸ਼ਬਦ ਬੜਾ ਲੰਬਾ ਸੀ ਕਰੀਬਨ ਪੌਣੇ ਸਫੇ ਦਾ, ਅਖੀਰਲੀ ਤੁਕ ਸੀ,

"ਨਾਨਕ ਤਿਸਦਾ ਸਭੁ ਕਿਛੁ ਹੋਵੇ
ਜਿ ਵਿਚਹੁ ਆਪ ਗਵਾਏ॥"

ਫਿਰ ਬਾਬਾ ਜੀ ਨੇ ਠੇਠ ਪੰਜਾਬੀ ਬੋਲੀ ਵਿਚ ਡੇਢ ਘੰਟਾ ਇਸ ਸ਼ਬਦ ਦੀ ਕਥਾ ਕੀਤੀ। ਸਾਰੇ ਪ੍ਰਮਾਣ ਨਾਮ ਬਾਰੇ ਹੀ ਦਿੱਤੇ ਕਿ ਕਿਵੇਂ ਗੁਰੂ ਨਾਨਕ ਦੇਵ ਜੀ ਪਹਿਲੀ ਪਾਤਸ਼ਾਹੀ ਨੇ ਸਾਰੇ ਵਿਸ਼ਵ ਨੂੰ ਨਾਮ ਜਪਣ ਲਈ ਉਪਦੇਸ਼ ਦਿੱਤਾ। ਬਾਬਾ ਜੀ ਦਾ ਗੁਰਬਾਣੀ ਦਾ ਗਿਆਨ ਕਥਾ ਵਿਚ ਨਜ਼ਰ ਆ ਰਿਹਾ ਸੀ। ਉਹਨਾਂ ਸਾਰੀਆਂ ਪਾਤਸ਼ਾਹੀਆਂ ਦੇ ਬਚਨ ਸਰੋਤਿਆਂ ਦੇ ਸਾਹਮਣੇ ਰੱਖੇ। ਪੂਰੇ ਸਤਿਕਾਰ ਨਾਲ ਗੁਰਬਾਣੀ ਦੀ ਕਥਾ ਕਰ ਕੇ ਗੁਰੂਆਂ ਦੇ ਮਨੁੱਖਤਾ ਨੂੰ ਸਹੀ ਰਸਤੇ ਤੇ ਲਿਜਾਣ ਦੀ ਵਿਧੀ ਸਮਝਾਈ। ਮੈਂ ਹੈਰਾਨ ਸੀ ਕਿਵੇਂ ਉਹਨਾਂ ਦੇ ਬੋਲਾਂ ਦਾ ਅਸਰ ਹੋ ਰਿਹਾ ਸੀ। ਹਰ ਪਾਸੇ ਸ਼ਾਂਤ ਮਾਹੌਲ ਕੋਈ ਆਪਸ ਵਿਚ ਗਲ ਨਹੀਂ ਕਰਦਾ। ਕੋਈ ਆਪਣੀ ਥਾਂ ਤੋਂ ਉਠਿਆ ਨਹੀਂ ਜਦ ਤਕ ਬਾਬਾ ਜੀ ਚਲੇ ਨਹੀਂ ਗਏ। ਜੋ ਇਹ ਲੱਖਾਂ ਦਾ ਇਕੱਠ ਸੀ ਉਸ ਵਿਚ ਪਗੜੀ ਵਾਲੇ ਬਹੁਤ ਥੋੜੇ ਸਨ। ਭਾਵ ਸਿੱਖਾਂ (ਸਿੰਘਾਂ) ਦਾ ਇਕੱਠ ਨਹੀਂ ਸੀ। ਅਸੀਂ ਤਾਂ ਸਿੱਖ ਕੇਵਲ ਉਸਨੂੰ ਹੀ ਮੰਨਦੇ ਹਾਂ ਜੋ ਸਾਬਤ ਸੂਰਤ ਹੋਵੇ। ਨਾਨਕ ਨਾਮ ਲੇਵਾ ਜੋ ਕਰੋੜਾਂ ਵਿਚ ਹਨ ਉਹ ਸਾਡੀ ਲਿਸਟ ਤੋਂ ਬਾਹਰ ਹਨ। ਇਸ ਵੱਡੇ ਇਕੱਠ ਵਿਚ ਕਈ ਵਿਦੇਸ਼ੀ ਵੀ ਬੈਠੇ ਸਨ। ਸ੍ਰੀ ਐਲ. ਕੇ. ਅਡਵਾਨੀ ਦੀ ਧਰਮਪਤਨੀ ਵੀ ਪਰਿਵਾਰ ਸਮੇਤ ਬੈਠੀ ਸੀ। ਦਿੱਲੀ ਦੇ ਗਵਰਨਰ ਸ੍ਰੀ ਤੇਜਿੰਦਰ ਖੰਨਾ ਵੀ ਸਨ ਹੋਰ ਬੜੇ ਅਫਸਰ ਤੇ ਵੱਡੇ ਧਨਾਢ ਹਾਜ਼ਰ ਸਨ। ਸਾਰੇ ਪ੍ਰੋਗਰਾਮ ਵਿਚ ਬਾਬਾ ਜੀ ਨੇ ਜਿਸ ਸ਼ਰਧਾ ਨਾਲ ਗੁਰਬਾਣੀ ਦਾ ਉਚਾਰਨ ਕੀਤਾ ਤੇ ਵਿਆਖਿਆ ਕੀਤੀ ਉਹ ਮੈਂ ਸੁਣ ਕੇ ਆਇਆ ਹਾਂ। ਸਾਰੀ ਕਥਾ ਰੀਕਾਰਡ ਹੁੰਦੀ ਹੈ ਤੇ ਟੇਪ ਮਿਲਦੇ ਹਨ। ਕੋਈ ਚਾਹੇ ਤਾਂ ਮੰਗਵਾ ਕੇ ਸੁਣ ਸਕਦਾ ਹੈ, ਤਾਂ ਜੋ ਮੇਰੇ ਇਸ ਕਥਨ ਦਾ ਤੁਹਾਨੂੰ ਯਕੀਨ ਹੋ ਸਕੇ। ਮੈਨੂੰ ਪਤਾ ਲੱਗਾ ਹੈ ਕਿ ਬਾਬਾ ਗੁਰਿੰਦਰ ਸਿੰਘ ਜੀ ਸਾਰੇ ਭਾਰਤ ਵਿਚ ਇਦਾਂ ਹੀ ਵਿਆਖਿਆ ਕਰਦੇ ਹਨ। ਸਭ ਤੋਂ ਵਧ ਇਕਠ ਮੱਧ ਪ੍ਰਦੇਸ਼ ਵਿਚ ਇੰਦੌਰ, ਭੋਪਾਲ, ਜਬਲਪੁਰ ਵਿਚ ਹੁੰਦੇ ਹਨ। ਜਿਥੇ ਲੱਖਾਂ ਗਰੀਬ ਲੋਕ ਉਹਨਾਂ ਤੋਂ ਧਾਰਮਕ ਉਪਦੇਸ਼ ਸੁਣਦੇ ਹਨ।

ਇਹ ਲਿਖਣ ਦਾ ਭਾਵ ਇਹ ਹੈ ਕਿ ਲੱਖਾਂ ਸ਼ਰਧਾਲੂ ਭਾਰਤ ਅਤੇ ਵਿਸ਼ਵ ਵਿਚ ਗੁਰਬਾਣੀ ਨੂੰ ਸੁਣਨਾ ਤੇ ਸਮਝਣਾ ਚਾਹੁੰਦੇ ਹਨ। ਅਸੀਂ ਇਸ ਪ੍ਰਤੀ ਕੀ ਕਰ ਰਹੇ ਹਾਂ? ਸਾਡੇ ਲੀਡਰ ਤਾਂ ਬਿਆਨ ਦੇਂਦੇ ਨਹੀਂ ਥਕਦੇ ਕਿ ਫਲਾਂ ਸਿੱਖ ਹੀ ਨਹੀਂ ਹੈ। ਜਿਵੇਂ ਕਿਸੇ ਨੂੰ ਗੁਰੂ ਦਾ ਸ਼ਬਦ ਸੁਣਾਨ ਜਾਂ ਸੁਣਨ ਲਈ ਅਸੀਂ ਆਗਿਆ ਦੇਣੀ ਹੈ। ਨਿਰਮਲੇ ਸੰਤਾਂ ਦੇ ਡੇਰੇ ਜਾ ਕੇ ਵੇਖੋ ਕਿ ਕਿਵੇਂ ਸਿੱਖ ਧਰਮ ਦਾ ਪ੍ਰਚਾਰ ਕਰ ਰਹੇ ਹਨ। ਨਾਮਧਾਰੀ ਦਰਬਾਰਾਂ ਵਿਚ ਜੋ ਬਾਣੀ ਦਾ ਗਾਇਨ ਹੁੰਦਾ ਹੈ ਉਹ ਆਪਣੀ ਆਪ ਮਿਸਾਲ ਹੈ। ਸਿੰਧੀ ਸੰਗਤ ਹਾਲਾਂ ਵੀ ਗੁਰੂ ਨਾਨਕ ਦੇ ਸ਼ਬਦਾਂ ਨੂੰ ਸਿੰਧੀ ਜ਼ਬਾਨ ਵਿਚ ਸੁਣਦੀ ਹੈ। ਹਰ ਸਿੰਧੀ ਕਿਧਰੇ ਵੀ ਬੈਠਾ ਹੈ ਗੁਰੂ ਨਾਨਕ ਨੇਮ ਲੇਵਾ ਹੈ। ਕਦੋਂ ਅਸੀਂ ਵੀ ਇਸ ਤੋਂ ਕੁਝ ਗਿਆਨ ਲਵਾਂਗੇ। ਗੁਰੂ ਦੇ ਸ਼ਬਦ ਨੂੰ ਜੋ ਆਮ ਜਨਤਾ ਤਕ ਪਹੁੰਚਾ ਰਿਹਾ ਹੈ ਉਸਦੀ ਕਦਰ ਕਰੋ। ਸਿੱਖੀ ਰਹਿਤ ਬਹਿਤ ਜ਼ਰੂਰੀ ਹੈ। ਉਸ ਬਾਰੇ ਕੋਈ ਮੁਨਕਰ ਨਹੀਂ। ਪਰ ਉਹ ਜੋ ਇਸ ਤੇ ਪੂਰੇ ਨਹੀਂ ਉਤਰਦੇ ਤੇ ਸਾਡੀ ਕੌਮ ਵਿਚ ਸ਼ਾਮਲ ਨਹੀਂ ਹਨ ਕੀ ਉਹਨਾਂ ਨੂੰ ਗੁਰੂ ਦੇ ਸ਼ਬਦ ਤੋਂ ਦੂਰ ਰਖਣਾ ਚਾਹੀਦਾ ਹੈ? ਕੀ ਕਦੇ ਸਾਡੀਆਂ ਜਥੇਬੰਦੀਆਂ ਤੰਗ ਦਿਲੀ ਤੋਂ ਉਠ ਕੇ ਸਾਰੇ ਗੁਰੂ ਨਾਨਕ ਨਾਮ ਲੇਵਾ ਅਤੇ ਆਮ ਲੋਕਾਂ ਤਕ ਪੁੱਜਣ ਦਾ ਉਪਰਾਲਾ ਕਰਨਗੇ?

*ਬੀ-੫, ਡਾ. ਜ਼ਾਕਿਰ ਹੁਸੈਨ ਮਾਰਗ*
*ਨਵੀਂ ਦਿੱਲੀ-੧੧੦੦੦੩*



Namdhari Elibrary Namdharielibrary@gmail.com

Our Motto : Best Quality of the Day

*High Class Gun Manufacturers*

**Single & Double Barrels**



# 12-BORE GUNS

## Free India Gun Manufacturers

Prop. S. KARTAR SINGH (Jammu-Wale)

6, Industrial Estate, Ashok Nagar,
Jammu Cantt-3
Ph. : 433810

**Sister Concern :**

**M/s Kartar Singh**

**ARMS & AMMUNITION DEALERS**



Namdhari Elibrary NamdhariElibrary@gmail.com

# ਕੌਮੀ ਆਜ਼ਾਦੀ ਦੇ ਅੰਦੋਲਨ ਦਾ ਸੁਨਹਿਰੀ ਪੰਨਾ ਹੈ "ਕੂਕਾ ਲਹਿਰ"

*—ਡਾ. ਤਾਰਾ ਸਿੰਘ ਸੰਧੂ*

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਪੰਜਾਹਵਿਆਂ ਦੇ ਅੰਤ 'ਤੇ ਹਿੰਦੋਸਤਾਨ ਦੇ ਕੌਮੀ ਆਜ਼ਾਦੀ ਦੇ ਅੰਦੋਲਨ ਸਮੇਂ ਚਲਾਈ 'ਕੂਕਾ ਲਹਿਰ' ਦੇ ੧੫੦ ਸਾਲਾਂ ਸ਼ਤਾਬਦੀ ਸਮਾਰੋਹ ਭਾਰਤ ਅਤੇ ਵਿਦੇਸ਼ਾਂ ਦੀ ਧਰਤੀ 'ਤੇ ਮਨਾਏ ਜਾ ਰਹੇ ਹਨ। ਪ੍ਰੰਤੂ ਇਨ੍ਹਾਂ ੧੫੦ ਸਾਲਾਂ ਵਿਚ ਵੀ ਕੂਕਾ ਲਹਿਰ ਦਾ ਬਾਹਰਮੁਖੀ ਮੁਲਾਂਕਣ ਨਹੀਂ ਹੋ ਸਕਿਆ। ਉਸ ਦਾ ਪ੍ਰਮੁੱਖ ਕਾਰਨ ਇਸ ਲਹਿਰ ਦਾ ਸਮਾਂ ਬੀਤਣ ਨਾਲ ਧਾਰਮਿਕ ਸੰਸਥਾਈਕਰਨ ਹੋਣਾ ਹੈ ਜਿਸ ਨੂੰ ਖੁੱਲ੍ਹੇ-ਡੁੱਲ੍ਹੇ ਸੁਭਾਅ ਸਭਿਆਚਾਰ ਅਤੇ ਮੋਕਲੇ ਤੇ ਸਿੱਧ ਪੱਧਰੇ ਧਾਰਮਿਕ ਵਿਚਾਰਾਂ ਵਾਲੇ ਪੰਜਾਬੀਆਂ ਨੇ ਇਸ ਨੂੰ ਉਸ ਕਦਰ ਨਹੀਂ ਅਪਣਾਇਆ ਜਿਸ ਕਦਰ ਗ਼ਦਰ ਲਹਿਰ, ਗੁਰਦੁਆਰਾ ਸੁਧਾਰ ਲਹਿਰ ਜਾਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ ਜਾਂ ਲਾਲਾ ਲਾਜਪਤ ਰਾਏ ਦੀਆਂ ਕੁਰਬਾਨੀਆਂ ਨੂੰ ਅਪਣਾਇਆ ਹੈ। ਇਹ ਮਹਿਜ ਇਤਫ਼ਾਕ ਹੈ ਕਿ ੧੮੫੭ ਦੇ ਗਦਰ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਤਾਬਦੀ ਸਮਾਰੋਹ ਵੀ ਇਸੇ ਵਰ੍ਹੇ ਮਨਾਏ ਗਏ। ਪ੍ਰੰਤੂ ਪੰਜਾਬ ਅਤੇ ਦੇਸ਼ ਦੀ ਆਵਾਮ ਵੱਲੋਂ ਜਿਸ ਅਵਾਮੀ ਪੱਧਰ 'ਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਤਾਬਦੀ ਸਮਾਰੋਹ ਨੂੰ ਹੁੰਗਾਰਾ ਭਰਿਆ ਉਸ ਪੱਧਰ 'ਤੇ ਕੂਕਾ ਲਹਿਰ ਦੀ ਮਹਾਨ ਤੇ ਇਤਿਹਾਸਕ ਦੇਣ ਨੂੰ ਚੇਤਿਆਂ ਵਿਚੋਂ ਉਹ ਹੁੰਗਾਰਾ ਨਹੀਂ ਭਰਿਆ। ਇਸ ਨੂੰ ਇਕ ਫਿਰਕੇ ਦੀ ਧਾਰਮਿਕ ਸੰਸਥਾ ਤੇ ਲਹਿਰ ਦੇ ਰੂਪ ਵਿਚ ਹੀ ਦੇਖਿਆ ਗਿਆ ਹੈ।

ਇਸ ਦੇ ਪਿਛੋਕੜ ਵਿਚ ਦੂਸਰਾ ਕਾਰਨ ਭਾਰਤ ਅਤੇ ਪੰਜਾਬ ਦੇ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ ਜਿਸ ਨੂੰ ੨੧ਵੀਂ ਸਦੀ 'ਚ ਮੁੜ ਕੇ ਬਾਹਰਮੁਖੀ ਅਧਾਰਾਂ 'ਤੇ ਲਿਖਣ ਦੀ ਲੋੜ ਹੈ। ਤੀਸਰਾ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੇ ਸਿੱਖ ਸੰਸਥਾਵਾਂ ਨੇ ਨਾਮਧਾਰੀ ਲਹਿਰ ਨੂੰ ਇਕ ਦੇਸ਼ ਭਗਤ ਲਹਿਰ ਦੇ ਰੂਪ ਵਿਚ ਵੇਖਣ ਦੀ ਥਾਂ ਇਕ ਸ਼ਰੀਕਣੀ ਧਾਰਮਿਕ ਲਹਿਰ ਦੇ ਰੂਪ ਵਿਚ ਹੀ ਵੇਖਿਆ ਹੈ। ਕੂਕਾ ਲਹਿਰ ਜੇਕਰ ਨਿਰੋਲ ਧਾਰਮਿਕ ਲਹਿਰ ਜਾਂ ਸਮਾਜ-ਸੁਧਾਰ ਦੀ ਲਹਿਰ ਹੁੰਦੀ ਤਾਂ ਅੰਗਰੇਜ਼ਾਂ ਨੇ ਥੋੜ੍ਹੇ ਸਮੇਂ ਵਿਚ ਹੀ ਇਸ ਨੂੰ ਦਮਨਕਾਰੀ ਤਰੀਕਿਆਂ ਨਾਲ ਕੁਚਲਣ ਅਤੇ ਇਸ ਦੇ ਬਾਨੀ ਸਤਿਗੁਰੂ ਰਾਮ ਸਿੰਘ ਨੂੰ ਜਲਾਵਤਨ ਕਰਨ ਦੀਆਂ ਕੋਸ਼ਿਸ਼ਾਂ ਨਹੀਂ ਸੀ ਕਰਨੀਆਂ। ਬਰਤਾਨਵੀ ਸਾਮਰਾਜ ਦੀਆਂ ਚੂਲਾਂ ਨੂੰ ਧੁਰ ਤੱਕ ਹਿਲਾਉਣ ਵਾਲੀ ਇਹ ਧਾਰਮਿਕ ਮੁਹਾਂਦਰੇ ਵਿਚ ਲਿਪਟੀ ਇਕ ਦੂਰ-ਅੰਦੇਸ਼ੀ ਰਾਜਨੀਤਿਕ ਪਹੁੰਚ ਸੀ ਜਿਸ ਤੋਂ ਅੰਗਰੇਜ਼ ਭੈਅਭੀਤ ਹੋ ਗਏ ਸਨ।

ਕੂਕਾ ਲਹਿਰ ਦਾ ਜਨਮ ਉਨ੍ਹਾਂ ਪ੍ਰਸਥਿਤੀਆਂ ਵਿਚ ਹੋਇਆ ਜਦੋਂ ਪੰਜਾਬ ਸਿੱਖ ਮਿਸਲਾਂ ਤੋਂ ਸਫਰ ਕਰਦਾ ਮਹਾਰਾਜਾ ਰਣਜੀਤ ਸਿੰਘ ਦੇ 'ਪੰਜਾਬੀ ਰਾਜ' ਦੀਆਂ ਸਿਖਰਾਂ 'ਤੇ ਪਹੁੰਚ ਚੁੱਕਾ ਸੀ, ਸਿੱਖ ਧਰਮ ਲਈ ਇਤਿਹਾਸ ਵਿਚ ਅਥਾਹ ਕੁਰਬਾਨੀਆਂ ਕਰਨ ਵਾਲੀਆਂ ਪੱਛੜੀ ਕਿਰਤੀ ਕਾਰੀਗਰ ਤੇ ਦਲਿਤ ਜਮਾਤਾਂ ਦਾ ਪੰਜਾਬੀ ਰਾਜ ਤੋਂ ਮੋਹ ਭੰਗ ਹੋ ਚੁੱਕਾ ਸੀ। ਮਹਾਰਾਜਾ ਰਣਜੀਤ ਸਿੰਘ ਦਾ ਅਥਾਹ ਕੁਰਬਾਨੀਆਂ ਨਾਲ ਬਣਾਇਆ 'ਪੰਜਾਬੀ ਰਾਜ' ਸਾਜ਼ਿਸ਼ਾਂ, ਧੋਖਾਧੜੀ, ਕਤਲੋਗਾਰ ਦਾ ਸ਼ਿਕਾਰ ਹੋ ਚੁੱਕਾ ਸੀ ਅਤੇ ੧੮੪੯ 'ਚ ਅੰਗਰੇਜ਼ਾਂ ਨੇ ਇਸ ਨੂੰ ਹੜਪ ਕਰ ਲਿਆ ਸੀ। ਪੰਜਾਬ ਵਿਚ ਚਾਰੇ ਪਾਸੇ ਘੋਰ ਨਿਰਾਸ਼ਾ ਦਾ ਆਲਮ ਸੀ। ਅੰਗਰੇਜ਼ ਸਰਪ੍ਰਸਤੀ ਹਾਸਲ ਕਰਨ ਲਈ ਧਾਰਮਿਕ, ਸਮਾਜਿਕ ਤੇ ਪਰੰਪਰਾਗਤ ਰਾਜਨੀਤਕ ਸੰਸਥਾਵਾਂ ਦੇ ਮੁਖੀ ਇਕ ਦੂਜੇ ਨੂੰ ਲਤਾੜਨ ਵਿਚ ਲੱਗੇ ਹੋਏ ਸਨ। ਪੂਰੇ ਦੇਸ਼ ਵਿਚ ਉਤਰਿਆ ੧੮੫੭ ਦਾ ਗ਼ਦਰ ਅੰਗਰੇਜ਼ ਕੁਚਲ ਚੁੱਕੇ ਸਨ। ਇਸ ਨੂੰ ਕੁਚਲਣ ਲਈ ਉਨ੍ਹਾਂ ਨੇ ਬਿਖਰ ਚੁੱਕੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ, ਪਟਿਆਲਾ, ਜੀਂਦ, ਫਰੀਦਕੋਟ ਤੇ ਨਾਭਾ ਰਿਆਸਤ ਦੀ ਮਦਦ ਨਾਲ ੧੮੫੭ ਦੇ ਗ਼ਦਰ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ ਸੀ। ਪੰਜਾਬ ਵਿਚ ਕਈ ਥਾਵਾਂ 'ਤੇ ੧੮੫੭ ਦੇ ਗ਼ਦਰ ਦੇ ਹੱਕ ਵਿਚ ਬਗਾਵਤਾਂ ਵੀ ਹੋਈਆਂ ਪ੍ਰੰਤੂ ਬਹੁਤਾ ਪੰਜਾਬ ਨਿਰਾਸ਼ਾ, ਮਾਯੂਸੀ ਤੇ ਬੇਬਸੀ ਵਿਚੋਂ ਗੁਜ਼ਰ ਰਿਹਾ ਸੀ।

ਪੰਜਾਬ ਦੇ ਅੰਗਰੇਜ਼ਾਂ ਦੇ ਅਧੀਨ ਚਲੇ ਜਾਣ ਅਤੇ ੧੮੫੭ ਦੀ ਕੌਮੀ ਆਜ਼ਾਦੀ ਦਾ ਅੰਦੋਲਨ ਕੁਚਲਣ ਕਰਕੇ ਪੂਰੇ ਦੇਸ਼ ਵਿਚ ਨਿਰਾਸ਼ਾ, ਮਾਯੂਸੀ ਦਾ ਆਲਮ ਸੀ। ਇਨ੍ਹਾਂ ਘੋਰ ਨਿਰਾਸ਼ਾ ਦੀਆਂ ਪ੍ਰਸਥਿਤੀਆਂ ਵਿਚੋਂ ਪੰਜਾਬ ਦੀ ਧਰਤੀ 'ਤੇ ਰੌਸ਼ਨੀ ਦੀ ਕਿਰਨ ਫੁੱਟੀ ਜਿਸ ਨੂੰ 'ਨਾਮਧਾਰੀ ਲਹਿਰ' ਜਾਂ 'ਕੂਕਾ ਲਹਿਰ' ਕਿਹਾ ਜਾਂਦਾ ਹੈ। ਪੰਜਾਬ ਦੇ ਮੁਕੰਮਲ ਅੰਗਰੇਜ਼ੀ ਰਾਜ ਦੇ ਅਧੀਨ ਚਲੇ ਜਾਣ ਨਾਲ ਜਿਥੇ ਨਕਦ ਭੁਗਤਾਨ ਦੀ ਪ੍ਰਥਾ ਨੇ ਕਿਸਾਨੀ ਨੂੰ ਸੂਦਖੋਰਾਂ ਦੀ ਜਮਾਤ ਮੂਹਰੇ ਨਰੜ ਕੇ ਸੁੱਟ ਦਿੱਤਾ ਸੀ, ਉਥੇ ਰਿਆਸਤੀ ਪਰਜਾ ਦੂਹਰੀ ਗੁਲਾਮੀ ਦੀ ਸ਼ਿਕਾਰ ਸੀ। ਮਹਾਰਾਜਾ ਰਣਜੀਤ ਸਿੰਘ ਦੀ ਫੌਜ 'ਚੋਂ ਆਏ ਰਾਮਗੜ੍ਹੀਆ ਸਾਧਾਰਨ ਪਰਿਵਾਰ ਦੇ ਮੈਂਬਰ ਸਤਿਗੁਰੂ ਰਾਮ ਸਿੰਘ ਨੇ ਉਪਰੋਕਤ ਪਿਛੋਕੜ ਵਿਚ ਇਸ ਲਹਿਰ ਦਾ ਮੁੱਢ ਬੰਨ੍ਹ ਦਿੱਤਾ। ਇਸ ਲਹਿਰ ਦਾ


Namdhari Elibrary NamdhariElibrary@gmail.com

ਪਹਿਲਾ ਇਤਿਹਾਸਕ ਮਹੱਤਵ ਹੈ ਕਿ ਇਹ ਲਹਿਰ ਉਨ੍ਹਾਂ ਪ੍ਰਸਥਿਤੀਆਂ ਵਿਚੋਂ ਪੈਦਾ ਹੋਈ ਜਦੋਂ ਸਾਰਾ ਦੇਸ਼ ਨਿਰਾਸ਼ਾ ਵਿਚ ਡੁੱਬਿਆ ਹੋਇਆ ਸੀ। ਦੂਸਰਾ ਇਸ ਦਾ ਇਤਿਹਾਸਕ ਮਹੱਤਵ ਹੈ ਕਿ ਇਹ ਉਸ ਸਮੇਂ ਪੰਜਾਬ ਵਿਚੋਂ ਪੈਦਾ ਹੋਈ ਜਿਹੜਾ ਪੰਜਾਬ ਸੱਜਰਾ ਹੀ ਅੰਗਰੇਜ਼ਾਂ ਦੇ ਅਧੀਨ ਹੋਇਆ ਸੀ। ਇਸ ਦਾ ਤੀਸਰਾ ਇਤਿਹਾਸਕ ਮਹੱਤਵ ਹੈ ਕਿ ਇਸ ਲਹਿਰ ਦੀ ਸੀਰਤ ਤੇ ਸੂਰਤ ਨੇ ਅੰਗਰੇਜ਼ੀ ਰਾਜ ਦੇ 'ਮੁਤਬਾਦਲ ਰਾਜਨੀਤਕ ਸਟੇਟ ਬਣਤਰ' ਖੜ੍ਹੀ ਕਰਨ ਦਾ ਪਹਿਲਾ ਤਜਰਬਾ ਭਾਰਤ ਅਤੇ ਏਸ਼ੀਆ ਵਿਚ ਕੀਤਾ, ਜਿਸ ਬਣਤਰ ਦਾ ਆਪਣਾ 'ਆਜ਼ਾਦ ਤੇ ਮੁਤਬਾਦਲ ਪ੍ਰਸ਼ਾਸਨ' ਸੀ।

ਇਸ ਨੇ ਆਪਣੇ ਸੂਬੇ ਬਣਾਏ ਅਤੇ ਆਪਣੇ ਡਾਕ ਪ੍ਰਬੰਧ ਨੂੰ ਈਜਾਦ ਕੀਤਾ। ਚੌਥਾ ਇਤਿਹਾਸਕ ਮਹੱਤਵ ਹੈ ਕਿ ਇਸ ਨੇ ਬਰਤਾਨਵੀ ਸਾਮਰਾਜ ਵੱਲੋਂ ਬਣਾਈ ਹਰੇਕ ਵਸਤੂ ਦਾ ਬਾਈਕਾਟ ਕੀਤਾ ਅਤੇ ਦੇਸ਼ੀ ਵਸਤਾਂ ਅਤੇ ਆਪਣੀ ਧਰਤ ਦੀ ਪੈਦਾਵਾਰ ਦੀ ਵਿਡੌਤਣ ਨੂੰ ਮਹੱਤਵ ਦਿੱਤਾ। ਇਸ ਤੋਂ ਪਹਿਲਾਂ ਏਸ਼ੀਆ ਦੇ ਇਤਿਹਾਸ ਵਿਚ ਚੀਨ ਦੇ ਕਵਾਗਢੂ ਸੂਬੇ ਵਿਚ 'ਵਿਦੇਸ਼ੀ ਮਾਲ ਦੇ ਬਾਈਕਾਟ' ਨਿਗੂਣੀ ਜਿਹੀ ਲਹਿਰ ਦਾ ਉਦਾਹਰਣ ਮਿਲਦਾ ਹੈ। ਇਹ ਕੂਕਾ ਲਹਿਰ ਹੀ ਸੀ ਜਿਸ ਨੇ ਭਾਰਤ ਦੇ ਕੌਮੀ ਆਜ਼ਾਦੀ ਦੇ ਅੰਦੋਲਨ ਵਿਚ 'ਮੁਤਬਾਦਲ ਸਟੇਟ' ਅਤੇ 'ਵਿਦੇਸ਼ੀ ਵਸਤਾਂ ਦੇ ਬਾਈਕਾਟ' ਦੇ ਬੀਜ ਬੀਜੇ ਜਿਸ ਨੂੰ ਪਿੱਛੋਂ ਮਹਾਤਮਾ ਗਾਂਧੀ ਤੇ ਕਾਂਗਰਸ ਪਾਰਟੀ ਨੇ ਅਪਣਾ ਕੇ ਅੰਗਰੇਜ਼ਾਂ ਦਾ ਵਿਰੋਧ ਕੀਤਾ। ਇਹੀ ਕਾਰਨ ਹੈ ਕਿ ਬਰਤਾਨਵੀ ਸਾਮਰਾਜ ਨੇ ਕੂਕਾ ਲਹਿਰ ਦੇ ਇਸ ਬਰੂਦ ਨੂੰ ਫੈਲਣ ਤੋਂ ਰੋਕਣ ਲਈ ਕੂਕਾ ਲਹਿਰ ਨੂੰ ਕੁਚਲਣ ਦੀ ਕਾਹਲੀ ਵਿਖਾਈ।

ਇਸਲਾਮ ਵਿਚ 'ਸ਼ਹਾਦਤ' ਦਾ ਸੰਕਲਪ, ਕਰਬਲਾ ਦੇ ਮੈਦਾਨ ਵਿਚ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤੇ ਹਜ਼ਰਤ ਹੁਸੈਨ ਅਤੇ ਉਹਦੇ ਪਰਿਵਾਰ ਤੇ ਰਿਸ਼ਤੇਦਾਰਾਂ ਦੀਆਂ ੭੨ ਦੇ ਕਰੀਬ ਸ਼ਹਾਦਤਾਂ ਵਿਚੋਂ ਆਇਆ ਹੈ। ਇਸੇ ਕਰਬਲਾਂ ਦੇ ਮੈਦਾਨ ਵਿਚ ਹਜ਼ਰਤ ਹੁਸੈਨ ਦੇ ਹੱਕ ਵਿਚ ਲੜ ਕੇ ਮਰਨ ਵਾਲੇ ੮ ਸ਼ਹੀਦ ਹਿੰਦੂ ਧਰਮ ਨਾਲ ਸਬੰਧਤ ਸਨ, ਜਿਨ੍ਹਾਂ ਦੀ ਮਿਸਾਲੀ ਕੁਰਬਾਨੀ ਨੂੰ ਇਸਲਾਮ ਦੇ ਮੂਲਵਾਦੀਆਂ ਨੇ ਆਪਣੇ ਬੁਰਕੇ ਵਿਚ ਲੁਕੋ ਲਿਆ ਹੈ। ਅਰਬ ਦੇਸ਼ਾਂ ਵਿਚ ਹਿੰਦੂ ਧਰਮ ਨਾਲ ਸਬੰਧਤ ਇਨ੍ਹਾਂ ਵਿਅਕਤੀਆਂ ਦੇ ਪਿਛੋਕੜ ਬਾਰੇ ਇਤਿਹਾਸਕਾਰਾਂ ਵਿਚ ਦੋ ਧਾਰਨਾਵਾਂ ਹਨ। ਕੁਝ ਤਾਂ ਇਸ ਨੂੰ ਸਿਕੰਦਰ-ਏ-ਆਜ਼ਮ ਦੇ ਹਮਲੇ ਸਮੇਂ ਵਾਪਸੀ 'ਤੇ ਲਿਆਂਦੇ ਗੁਲਾਮਾਂ ਦੀ ਔਲਾਦ ਦੱਸਦੇ ਹਨ। ਸਿੱਖ ਧਰਮ ਵਿਚ 'ਸ਼ਹਾਦਤ' ਦਾ ਸੰਕਲਪ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਚਮਕੌਰ ਦੀ ਗੜ੍ਹੀ, ਸਰਹੰਦ ਦੀਆਂ ਦੀਵਾਰਾਂ ਅਤੇ ਬੰਦਾ ਬਹਾਦਰ ਦੀ ਸ਼ਹਾਦਤ ਵਿਚੋਂ ਆਇਆ ਹੈ। ਕੌਮੀ ਆਜ਼ਾਦੀ ਦੇ ਅੰਦੋਲਨ ਵਿਚ 'ਸ਼ਹਾਦਤ' ਦਾ ਸੰਕਲਪ ਮਾਲੇਰਕੋਟਲਾ ਵਿਖੇ ਤੋਪਾਂ ਮੂਹਰੇ ਹੱਸ-ਹੱਸ ਕੇ ਕੁਰਬਾਨੀਆਂ ਦੇਣ ਦੀਆਂ ਲਾਸਾਨੀ ਮਿਸਾਲਾਂ ਵਿਚੋਂ ਆਇਆ ਹੈ ਜਿਸ ਨੂੰ ਬਾਅਦ ਵਿਚ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਫ਼ਾਂਸੀ ਦੇ ਰੱਸੇ ਚੁੰਮ ਕੇ ਬਣਾਇਆ।

ਬਰਤਾਨਵੀ ਸਾਮਰਾਜ ਨੇ ਪੰਜਾਬ 'ਤੇ ਮੁਕੰਮਲ ਕਬਜ਼ੇ ਤੋਂ ਬਾਅਦ ਵਿਦਿਅਕ ਪ੍ਰਣਾਲੀ ਬਣਾ ਕੇ ਨਾ ਸਿਰਫ ਨਵੀਂ ਮੱਧ ਸ਼੍ਰੇਣੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸਗੋਂ ਪੰਜਾਬ 'ਤੇ ਧਾਰਮਿਕ ਗਲਬਾ ਪਾਉਣ ਦੇ ਯਤਨ ਆਰੰਭ ਦਿੱਤੇ। ਪੰਜ ਨਵੰਬਰ ੧੮੩੪ ਨੂੰ ਅੰਗਰੇਜ਼ ਲੁਧਿਆਣੇ ਵਿਖੇ ਪਹਿਲਾ ਕ੍ਰਿਸਚੀਅਨ ਸੈਂਟਰ ਖੋਲ੍ਹ ਚੁੱਕੇ ਸਨ। ਜੌਹਨ ਕੇਰੀ ਇਹਦੇ ਮੁਖੀ ਬਣਾਏ ਗਏ। ਇਸ ਦਾ ਪ੍ਰਭਾਵ ਤੇਜ਼ੀ ਨਾਲ ਵਧਣ ਲੱਗਾ। ਲਾਹੌਰ ਤੋਂ ਨਿਕਲਣ ਵਾਲਾ 'ਖਾਲਸਾ' ਅਖ਼ਬਾਰ ਲਿਖਦਾ ਹੈ ਕਿ 'ਈਸਾਈ ਧਰਮ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰਦਾ ਹੋਇਆ ਫੈਲਦਾ ਜਾ ਰਿਹਾ ਹੈ। ਅਗਲੇ ੨੫ ਸਾਲਾਂ ਵਿਚ ਮਾਝੇ ਦਾ ੧/੩ ਹਿੱਸਾ ਈਸਾਈ ਹੋ ਜਾਵੇਗਾ ਅਤੇ ਮਾਲਵੇ ਦਾ ਭਵਿੱਖ ਵੀ ਇਸੇ ਤਰ੍ਹਾਂ ਨਜ਼ਰ ਆਉਂਦਾ ਹੈ। ਜਿਵੇਂ ਕਿ ਅਸੀਂ ਦੇਸ਼ ਵਿਚ ਬੁੱਧ ਦੇ ਬੁੱਤ ਤਾਂ ਵੇਖਦੇ ਹਾਂ ਪਰ ਕਿਸੇ ਬੋਧੀ ਨੂੰ ਨਹੀਂ ਦੇਖਦੇ, ਇਸੇ ਤਰ੍ਹਾਂ ਸਿੱਖ ਜੋ ਪਗੜੀਆਂ ਅਤੇ ਆਪਣੇ ਦੂਜੇ ਧਾਰਮਿਕ ਚਿੰਨ੍ਹ ਪਹਿਨੇ ਹੋਏ ਇਧਰ-ਉਧਰ ਦਿਖਾਈ ਦਿੰਦੇ ਹਨ। ਅਜਾਇਬ ਘਰਾਂ ਵਿਚ ਕੇਵਲ ਤਸਵੀਰਾਂ ਵਿਚ ਹੀ ਨਜ਼ਰ ਆਉਣਗੇ। ਸਿੱਖ ਧਰਮ ਵਿਚ ਆਈਆਂ ਉਪਰੋਕਤ ਕੁਰੀਤੀਆਂ ਨੂੰ ਵੇਖਦਿਆਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਲਹਿਰ ਦੇ ਅਨੁਯਾਈਆਂ ਨੂੰ ਇਸ ਕਦਰ ਕੱਟੜਤਾ ਨਾਲ ਧਾਰਮਿਕ ਰਹਿਤ ਮਰਿਆਦਾ ਦੀ ਪਾਲਣਾ ਕਰਵਾਈ ਕਿ ਅੱਜ ੨੧ਵੀਂ ਸਦੀ ਵਿਚ ਵੀ ਉਹ ਵੱਖਰੇ ਸਰੂਪ ਵਿਚ ਆਪਣੀ 'ਪਛਾਣ' ਬਣਾ ਕੇ ਰੱਖ ਰਹੇ ਹਨ। ਇਸ ਧਾਰਮਿਕ ਕੱਟੜਤਾ ਦੀ ਮਿਸਾਲ ਪੰਜਾਬ ਦੀ ਲੋਕਨਾਇਕ ਸਮੱਗਰੀ ਵਿਚੋਂ ਲੋਕ ਮੁਹਾਵਰੇ ਦੇ ਰੂਪ ਵਿਚ ਮਿਲਦੀ ਹੈ :

'ਕੂਕੇ ਬੜੇ ਕਸੂਤੇ ਗੜਵੀ ਨਾ ਦਿੰਦੇ ਨਹਾਉਣ ਨੂੰ'

ਅੰਗਰੇਜ਼ਾਂ ਦੀ ਧਾਰਮਿਕ, ਸਮਾਜਿਕ, ਰਾਜਨੀਤਿਕ ਨੀਤੀ ਦੇ ਪ੍ਰਤੀਕਰਮ ਵਿਚ ਸਿੰਘ ਸਭਾ ਲਹਿਰ, ਚੀਫ ਖਾਲਸਾ ਦੀਵਾਨ ਖਾਲਸਾ ਟ੍ਰੈਕਟ ਸੁਸਾਇਟੀ, ਆਰੀਆ ਸਮਾਜ, ਬ੍ਰਹਮੋ ਸਮਾਜ ਪੈਦਾ ਹੋਏ। ਉਪਰੋਕਤ ਸਾਰੀਆਂ ਲਹਿਰਾਂ ਦੀ ਲੀਡਰਸ਼ਿਪ ਮੱਧ ਸ਼੍ਰੇਣੀ ਦੀ ਸ਼ਹਿਰੀ ਲੀਡਰਸ਼ਿਪ ਸੀ ਜੋ ਆਪਣੇ-ਆਪਣੇ ਧਰਮ ਤੇ ਵਿਰਸੇ ਦੀ ਪੁਨਰ ਸੁਰਜੀਤੀ ਵੱਲ ਰੁਚਿਤ ਸੀ ਪ੍ਰੰਤੂ ਉਹ ਬਰਤਾਨਵੀ ਸਾਮਰਾਜ ਅਤੇ ਇਹਦੇ ਵਲੋਂ ਪੈਦਾ ਕੀਤੀਆਂ



Namdhari Elibrary NamdhariElibrary@gmail.com

ਬਸਤੀਆਂ ਨੂੰ ਘਿਰਣਾ ਨਾਲ ਨਹੀਂ ਸੀ ਵੇਖਦੀ। ਸਗੋਂ ਬਹੁਤ ਹੱਦ ਤੱਕ ਇਸ ਦੀਆਂ ਨੀਤੀਆਂ, ਵਿਦਿਅਕ ਪ੍ਰਬੰਧ ਤੋਂ ਪ੍ਰਭਾਵਤ ਸੀ। ਇਨ੍ਹਾਂ ਦੇ ਮੁਕਾਬਲੇ ਕੂਕਾ ਲਹਿਰ ਨਾ ਕੇਵਲ ਧਾਰਮਿਕ ਪੁਨਰ ਸੁਰਜੀਤੀ ਕਰ ਰਹੀ ਸੀ ਪ੍ਰੰਤੂ ਇਹਦੀ ਲੀਡਰਸ਼ਿਪ ਪੇਂਡੂ ਕਿਰਤੀ, ਕਾਰੀਗਰ ਜਮਾਤਾਂ ਵਿਚੋਂ ਸੀ ਜੋ ਆਪਣੇ ਧਰਮ, ਰਹੁਰੀਤਾਂ ਨੂੰ ਪਿਆਰ ਕਰਦੀ ਅੰਗਰੇਜ਼ ਸਾਮਰਾਜ ਨੂੰ ਰੱਜ ਕੇ ਨਫਰਤ ਕਰਦੀ ਸੀ। ਅਤੇ ਆਪਣੀ ਧਰਤੀ ਆਪਣੇ ਲੋਕਾਂ, ਆਪਣੀ ਜ਼ੁਬਾਨ ਤੇ ਆਪਣੀਆਂ ਜੜ੍ਹਾਂ ਨਾਲ ਗਹਿਰੀ ਜੁੜੀ ਹੋਈ ਸੀ।

ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਪੇਂਡੂ ਕਿਰਤੀ, ਕਾਰੀਗਰ ਜਮਾਤ ਦੇ ਹੱਥਾਂ ਵਿਚ ਰਾਜਨੀਤਿਕ ਲੀਡਰਸ਼ਿਪ ਆਈ ਹੈ ਜਿਸ ਨੂੰ ੨੦ਵੀਂ ਸਦੀ ਦਾ ਮਹਾਨ ਬੁੱਧੀਜੀਵੀ ਕਾਰਲ ਮਾਰਕਸ 'ਸਮਾਜਕ ਤਬਦੀਲੀ ਲਈ ਕਿਸਾਨੀ ਨਾਲੋਂ ਚੇਤੰਨ ਜਮਾਤਾਂ' ਦੇ ਰੂਪ ਵਿਚ ਚਿਤਵਦਾ ਹੈ। ਇਹ ਹੀ ਕਾਰਨ ਹੈ ਕਿ ਕੂਕਾ ਲਹਿਰ ਨੂੰ 'ਸਮਾਜਿਕ ਤੇ ਰਾਜਨੀਤਿਕ ਤਬਦੀਲੀ' ਦੀ ਲਹਿਰ ਦੇ ਰੂਪ ਵਿਚ ਵੀ ਵੇਖਿਆ ਜਾਣਾ ਚਾਹੀਦਾ ਹੈ।

ਸਤਿਗੁਰੂ ਰਾਮ ਸਿੰਘ ਨੂੰ ਕੌਮਾਂਤਰੀ ਪ੍ਰਸਥਿਤੀਆਂ ਦੀ ਬਹੁਤ ਸਮਝ ਸੀ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਬਰਤਾਨਵੀ ਸਾਮਰਾਜ, ਜਿਸ ਦੇ ਰਾਜ ਵਿਚ ਸੂਰਜ ਨਹੀਂ ਸੀ ਛਿਪਦਾ, ਨਾਲ ਟੱਕਰ ਲੈਣ ਲਈ ਰੂਸ ਦੇ ਜ਼ਾਰ, ਅਫਗਾਨਿਸਤਾਨ ਅਤੇ ਤੁਰਕੀ ਦੇ ਅਮੀਰਾਂ, ਨੇਪਾਲ ਦੇ ਨਰੇਸ਼, ਜੰਮੂ-ਕਸ਼ਮੀਰ ਤੇ ਗਵਾਲੀਅਰ ਦੀਆਂ ਰਿਆਸਤਾਂ ਤੋਂ ਮਦਦ ਲੈਣ ਲਈ ਆਪਣੇ ਏਲਚੀ ਭੇਜੇ। ਬਰਤਾਨਵੀ ਸਾਮਰਾਜ ਇਸ ਲਹਿਰ ਦੀ ਅਤੇ ਇਸ ਦੇ ਬਾਨੀ ਸਤਿਗੁਰੂ ਰਾਮ ਸਿੰਘ ਦੀ ਕੌਮਾਂਤਰੀ ਸਮਝ ਅਤੇ ਕੌਮਾਂਤਰੀ ਮਦਦ ਪ੍ਰਾਪਤ ਕਰਨ ਦੀਆਂ ਕੋਸ਼ਿਸ਼ਾਂ ਤੋਂ ਭੈਅਭੀਤ ਸੀ ਕਿਉਂਕਿ ਉਪਰੋਕਤ ਦਰਸਾਏ ਦੇਸ਼ ਅਤੇ ਰਿਆਸਤਾਂ ਅੰਗਰੇਜ਼ਾਂ ਦੇ ਖਿਲਾਫ ਸਨ। ਇਹੀ ਕੋਸ਼ਿਸ਼ਾਂ ਪਿੱਛੋਂ ਜਾ ਕੇ ਭਾਰਤ ਦੀ ਕਮਿਊਨਿਸਟ ਲਹਿਰ ਅਤੇ ਸੁਭਾਸ਼ ਚੰਦਰ ਬੋਸ ਨੇ ਰੂਸ ਦੇ ਇਨਕਲਾਬ ਤੋਂ ਬਾਅਦ ਸ਼ੁਰੂ ਕੀਤੀਆਂ। ਮਾਸਕੋ, ਤਾਸ਼ਕੰਦ ਦੇ ਮਿਊਜ਼ਿਅਮ ਵਿਚ ਅੱਜ ਵੀ ਇਹ ਦਸਤਾਵੇਜ਼ਾਂ ਮੌਜੂਦ ਪਈਆਂ ਹਨ। ਰੂਸੀ ਪੰਜਾਬੀ ਸਬੰਧਾਂ ਦੇ ਇਤਿਹਾਸ ਵਿਚੋਂ ਰੂਸੀ ਲੇਖਕ ਏ. ਗੋਰਬੋਂਵਸਕੀ ਲਿਖਦੇ ਹਨ ਕਿ 'ਉਜ਼ਬੇਕ ਸੋਵੀਅਤ ਸੋਸ਼ਲਿਸਟ ਰਿਪਬਲਿਕ ਦੇ ਕੇਂਦਰੀ ਮੁਹਾਫਜ਼ਖਾਨੇ ਵਿਚ ਪੰਜਾਬ ਦੇ ਨਾਮਧਾਰੀ ਸਿੱਖਾਂ ਦੇ ਗੁਰੂ ਵੱਲੋਂ ਕੁਰਤਿਸਤਾਨ ਦੇ ਗਵਰਨਰ ਵੱਲ ਘੱਲੇ ਏਲਚੀ ਦੇ ਸਮਰਕੰਦ ਅਪੜਨ ਸਬੰਧੀ ਦਸਤਾਵੇਜ਼ ਹਨ। ਇਹ ਏਲਚੀ ਭੇਜਣ ਵਾਲੇ ਬਾਬਾ ਰਾਮ ਸਿੰਘ ਸਨ। ਉਹ ਮਹਾਨ ਜਥੇਬੰਦਕ ਯੋਗਤਾਵਾਂ ਦੇ ਮਾਲਕ ਅਤੇ ਉੱਘੇ ਫੌਜੀ ਨੇਤਾ ਸਨ। ਉਨ੍ਹਾਂ ਦੇ ਲੋਕਰਾਜੀ ਜਜ਼ਬਿਆਂ ਨੇ ਪੰਜਾਬੀ ਦੀ ਪਿਸਦੀ ਜਨਤਾ ਦੀ ਹਮਦਰਦੀ ਖਿੱਚੀ। ਪੰਜਾਬ ਦੇ ਲੁੱਟੇ-ਪੁੱਟੇ ਸ਼ਹਿਰੀ ਦਸਤਕਾਰ ਅਤੇ ਬੇਜ਼ਮੀਨੇ ਕੀਤੇ ਕਿਸਾਨ ਨਾਮਧਾਰੀ ਲਹਿਰ ਵਿਚ ਸ਼ਾਮਲ ਹੋ ਗਏ। ਉਨ੍ਹਾਂ ਵਿਚੋਂ ਕਈਆਂ ਨੂੰ ਚੰਗੀ ਫੌਜੀ ਸਿੱਖਿਆ ਪ੍ਰਾਪਤ ਸੀ ਅਤੇ ਉਨ੍ਹਾਂ ਕਈ ਫੌਜੀ ਮੁਹਿੰਮਾਂ ਵਿਚ ਹਿੱਸਾ ਲਿਆ ਸੀ। ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਸੀ ਕਿ ਨਾਮਧਾਰੀ ਸੰਪਰਦਾਇ ਦੇ ਲੋਕਾਂ ਵਿਚ ਸਿਪਾਹੀ ਵੀ ਸ਼ਾਮਲ ਹਨ। ਇਸ ਲਹਿਰ ਦਾ ਮੁਲਾਂਕਣ ਕਰਦੇ ਹੋਏ ਸੋਵੀਅਤ ਇਤਿਹਾਸਕਾਰਾਂ ਇਹਨੂੰ ਬੁਨਿਆਦੀ ਤੌਰ 'ਤੇ ਇਕ ਲੋਕ-ਰਾਜੀ ਲਹਿਰ ਲਿਖਦੇ ਹਨ। ਗੁਰੂ ਰਾਮ ਸਿੰਘ ਨੇ ਇਸ ਬਗਾਵਤ ਦੀ ਅਗਵਾਈ ਕੀਤੀ।

ਬਾਬਾ ਬੰਦਾ ਸਿੰਘ ਬਹਾਦਰ ਨੇ ਨਾ ਕੇਵਲ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀਆਂ ਸ਼ਹਾਦਤਾਂ ਦਾ ਬਦਲਾ ਲਿਆ ਸਗੋਂ ਸਿੱਖ ਰਾਜ ਦੀ ਸਥਾਪਨਾ ਕੀਤੀ ਅਤੇ ਜਗੀਰਦਾਰੀ ਪ੍ਰਥਾ ਖਤਮ ਕਰਕੇ ਪੰਜਾਬ ਦੇ ਕਿਸਾਨਾਂ ਨੂੰ ਜ਼ਮੀਨਾਂ ਦੇ ਪਹਿਲੀ ਵਾਰ ਮਾਲਕ ਬਣਾਇਆ ਪ੍ਰੰਤੂ ਅਸੀਂ ਪੰਜਾਬੀਆਂ ਨੇ ਉਸ ਨੂੰ ਵਿਸਾਰ ਦਿੱਤਾ ਹੈ। ਹੁਣ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਹਾੜਾ ਸਿਰਫ ਉਹਦੀ ਬਰਾਦਰੀ ਦੇ ਬਾਵੇ ਹੀ ਮਨਾਉਂਦੇ ਹਨ। ਪੰਜਾਬ ਦੇ ਉਸ ਮਹਾਨ ਸ਼ਹੀਦ ਨੂੰ 'ਇਕ ਬਾਵਾ' ਬਣਾ ਕੇ ਰੱਖ ਦਿੱਤਾ ਹੈ। ਇਸੇ ਤਰ੍ਹਾਂ ਸਤਿਗੁਰੂ ਰਾਮ ਸਿੰਘ ਨੂੰ ਦੇਸ਼ ਦੇ ਮਹਾਨ ਦੇਸ਼ ਭਗਤ ਦੇ ਰੂਪ ਵਿਚ ਵੇਖਣ ਦੀ ਥਾਂ ਉਸ ਨੂੰ ਰਾਮਗੜ੍ਹੀਆ ਬਰਾਦਰੀ ਜਾਂ ਇਕ ਧਾਰਮਿਕ ਸੰਪਰਦਾਇ ਤੱਕ ਸੀਮਤ ਕਰ ਦਿੱਤਾ। ਇਸੇ ਤਰ੍ਹਾਂ ਅੰਗਰੇਜ਼ਾਂ ਖਿਲਾਫ ਆਖਰੀ ਦਮ ਤੱਕ ਲੜਨ ਵਾਲਾ ਮੈਸੂਰ ਦਾ ਸ਼ੇਰ ਟੀਪੂ ਸੁਲਤਾਨ ਪੰਜਾਬੀ ਸੀ, ਜਿਸ ਦਾ ਦਾਦਾ ਘੋੜਿਆਂ ਦਾ ਵਪਾਰ ਕਰਨ ਲਈ ਪੰਜਾਬ ਤੋਂ ਮੈਸੂਰ ਗਿਆ ਸੀ, ਨੂੰ ਪੰਜਾਬੀ ਹੋਣ ਦੇ ਤੌਰ 'ਤੇ ਕਦੇ ਅਸੀਂ ਪਛਾਣ ਨਹੀਂ ਕਰਵਾਈ। ਪੱਛਮ ਦੇ ਪਹਿਲੇ ਹਮਲਾਵਰ ਸਿਕੰਦਰ-ਏ-ਆਜ਼ਮ ਦੇ ਛੱਕੇ ਛੁਡਾਉਣ ਵਾਲਾ ਰਾਜਾ ਪੋਰਸ ਨੂੰ ਆਪਣੇ ਨਾਇਕ ਤੌਰ 'ਤੇ ਨਵੀਂ ਪੀੜ੍ਹੀ ਨਾਲ ਕਦੇ ਜਾਣ ਪਛਾਣ ਨਹੀਂ ਕਰਵਾਈ।

ਇਸੇ ਤਰ੍ਹਾਂ ਦਾ ਵਿਤਕਰਾ ਆਈ. ਐਨ. ਏ. ਦੇ ਬਾਨੀ ਜਨਰਲ ਮੋਹਨ ਸਿੰਘ ਨਾਲ ਹੋਇਆ ਹੈ। ਕੌਮੀ ਆਜ਼ਾਦੀ ਦੇ ਅੰਦੋਲਨ ਵਿਚ ਆਈ. ਐਨ. ਏ. ਦਾ ਬਾਨੀ ਨੇਤਾ ਸ੍ਰੀ ਸੁਭਾਸ਼ ਚੰਦਰ ਬੋਸ ਨੂੰ ਪੇਸ਼ ਕੀਤਾ ਜਾਂਦਾ ਹੈ। ਜਦੋਂ ਕਿ ਇਸ ਦਾ ਬਾਨੀ ਜਨਰਲ ਮੋਹਨ ਸਿੰਘ ਸੀ। ਸੁਭਾਸ਼ ਚੰਦਰ ਬੋਸ ਨੇ ਤਾਂ ਕਈ ਸਾਲਾਂ ਬਾਅਦ ਇਹਨੂੰ ਜਪਾਨ ਦੀ ਮਦਦ ਨਾਲ ਪੁਨਰ ਸੁਰਜੀਤ ਤੇ ਜਥੇਬੰਦ ਕੀਤਾ। ਇਸੇ ਤਰ੍ਹਾਂ ਪੰਜਾਬ ਦੇ ਸੋਢੀ, ਬੇਦੀ,

ਜਗੀਰਦਾਰ, ਸਫੇਦਪੋਸ਼ਾਂ ਨੇ ਸਤਿਗੁਰੂ ਰਾਮ ਸਿੰਘ ਅਤੇ ਹੋਰ ਸੂਬਿਆਂ ਦੀ ਜਲਾਵਤਨੀ ਅਤੇ ਕੂਕਿਆਂ ਨੂੰ ਤੋਪਾਂ ਨਾਲ ਉਡਾਉਣ ਦੀ ਹਮਾਇਤ ਕੀਤੀ ਅਤੇ ਅੰਗਰੇਜ਼ਾਂ ਦੇ ਹੱਕ ਵਿਚ ਮਤੇ ਪਾਏ। ਅੱਜ ਉਹ ਅੰਗਰੇਜ਼ ਭਗਤੀ ਨਾਲ ਹਜ਼ਾਰਾਂ ਏਕੜ ਜ਼ਮੀਨਾਂ ਦੇ ਮਾਲਕ ਬਣੇ ਹੋਏ ਹਨ। ਇਸੇ ਤਰ੍ਹਾਂ ਮਾਲੇਰਕੋਟਲਾ ਵਿਚ ਕੂਕਿਆਂ ਨੂੰ ਤੋਪਾਂ ਨਾਲ ਉਡਾਉਣ ਲਈ ਪਟਿਆਲਾ ਰਿਆਸਤ ਨੇ ਆਪਣੀਆਂ ਤੋਪਾਂ ਭੇਜੀਆਂ ਸਨ।

ਕੂਕਾ ਲਹਿਰ ਨਾਲ ਅਸੀਂ ਤਾਂ ਹੀ ਇਨਸਾਫ ਕਰ ਰਹੇ ਹੋਵਾਂਗੇ ਜੇਕਰ ਟੀ. ਵੀ. ਸੀਰੀਅਲਾਂ, ਫਿਲਮਾਂ, ਦੇਸ਼ ਦੀ ਵਿਦਿਅਕ ਪ੍ਰਣਾਲੀ ਦੇ ਸਿਲੇਬਸ, ਪ੍ਰਦਰਸ਼ਨੀਆਂ ਰਾਹੀਂ ਅਸੀਂ ੧੧੦ ਦੇਸ਼ਾਂ ਵਿਚ ਵਸਦੇ ਪੰਜਾਬੀਆਂ ਅਤੇ ਸਮੁੱਚੇ ਭਾਰਤ ਵਿਚੋਂ ਸੰਸਾਰ ਦੇ ਕੋਨੇ-ਕੋਨੇ ਵਿਚ ਵਸਦੇ ਭਾਰਤੀਆਂ ਤੱਕ ਇਸ ਲਹਿਰ ਦੀ ਆਤਮਾ ਨੂੰ ਪਹੁੰਚਾਈਏ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਭਾਰਤ ਦੇ ਕੌਮੀ ਆਜ਼ਾਦੀ ਦੇ ਅੰਦੋਲਨ ਦੀ ਮਹਾਨ ਤੇ ਇਤਿਹਾਸਕ ਦੇਣ ਵਾਲੀ ਸ਼ਾਨਾਂ-ਮੱਤੀ ਲਹਿਰ ਬਾਰੇ ਜਾਣ ਸਕਣ ਅਤੇ ਇਸ ਮਹਾਨ ਵਿਰਸੇ 'ਤੇ ਗੌਰਵ ਮਹਿਸੂਸ ਕਰ ਸਕਣ।

## ਹਾਊਸ ਆਫ ਲਾਰਡਜ਼ ਲੰਡਨ ਵਿਖੇ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸਮਾਗਮ

ਲੰਡਨ– ਪਿਛਲੇ ਦਿਨੀਂ ਵੈਸਟ ਬ੍ਰਾਮਿਚ ਦੇ ਲਾਰਡ ਕਿੰਗ ਵੱਲੋਂ ਨਾਮਧਾਰੀ ਲਹਿਰ ਦੇ ਮੋਢੀ ਸਤਿਗੁਰੂ ਰਾਮ ਸਿੰਘ ਦੇ ੧੯੨ਵੇਂ ਜਨਮ ਦਿਵਸ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਵਿਸ਼ੇਸ਼ ਸਮਾਗਮ ਲੰਡਨ ਦੇ ਹਾਊਸ ਆਫ ਲਾਰਡਜ਼ ਵਿਖੇ ਆਯੋਜਿਤ ਕੀਤਾ ਗਿਆ। ਇਸ ਸਮਾਗਮ ਨੂੰ ਹਿੰਦੂ ਕੌਂਸਲ ਯੂ.ਕੇ. ਅਤੇ ਯੂਨੀਵਰਸਲ ਪੀਸ ਫੈਡਰੇਸ਼ਨ ਵਲੋਂ ਵੀ ਸਹਿਯੋਗ ਦਿੱਤਾ ਗਿਆ।

ਸਮਾਗਮ ਮੌਕੇ ਦੱਸਿਆ ਗਿਆ ਕਿ ਭਾਤ ਦੀ ਅਜ਼ਾਦੀ ਦਾ ਜਨਮ ਸਥਾਨ ਸ੍ਰੀ ਭੈਣੀ ਸਾਹਿਬ ਹੀ ਹੈ ਜਿਥੇ ੩ ਫਰਵਰੀ ੧੮੧੬ ਨੂੰ ਬਸੰਤ ਪੰਚਮੀ ਵਾਲੇ ਦਿਨ ਸਤਿਗੁਰੂ ਰਾਮ ਸਿੰਘ ਨੇ ਅਵਤਾਰ ਧਾਰਿਆ ਸੀ। ਉਹਨਾਂ ਦੀਆਂ ਸਿੱਖਿਆਵਾਂ ਨੇ ਸਿੱਖਾਂ ਦੀ ਕਮਜ਼ੋਰ ਹੋ ਰਹੀ ਲਹਿਰ ਨੂੰ ਮਜ਼ਬੂਤੀ ਦਿੱਤੀ ਅਤੇ ਉਹ ਆਪਣੀ ਮਾਤ-ਭੂਮੀ ਲਈ ਜਾਨਾਂ ਵਾਰਨ ਲਈ ਤਿਆਰ ਹੋ ਗਏ। ਦਸ ਸਾਲਾਂ ਦੇ ਅੰਦਰ ਹੀ ਦਸ ਲੱਖ ਤੋਂ ਵੱਧ ਨਾਮਧਾਰੀ ਸਿੱਖ ਗੁਰੂ ਰਾਮ ਸਿੰਘ ਦੇ ਪੈਰੋਕਾਰ ਬਣ ਗਏ ਸਨ। ਸਮਾਗਮ ਦੌਰਾਨ ਹਾਜ਼ਰ ਪਾਰਲੀਮੈਂਟ ਮੈਂਬਰਾਂ ਅਤੇ ਹਾਊਸ ਆਫ ਲਾਰਡਜ਼ ਦੇ ਮੈਂਬਰਾਂ ਨੇ, ਸਤਿਗੁਰੂ ਰਾਮ ਸਿੰਘ ਦੀ ਭਰਪੂਰ ਸਰਾਹਨਾ ਕੀਤੀ , ਜਿਹਨਾਂ ਨੇ ੧੨ ਅਪ੍ਰੈਲ ੧੮੫੭ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਕੂਕਾ ਜਾਂ ਭਾਰਤ ਦੀ ਅਜ਼ਾਦੀ ਦੀ ਲਹਿਰ ਸ਼ੁਰੂ ਕੀਤੀ ਸੀ।

ਇਸ ਮੌਕੇ ਲਾਰਡ ਕਿੰਗ, ਲਾਰਡ ਢੋਲਕੀਆ, ਐਮ.ਪੀ. ਵਰਿੰਦਰ ਸ਼ਰਮਾ, ਹਿੰਦੂ ਕੌਂਸਲ ਯੂ.ਕੇ. ਦੇ ਚੇਅਰਮੈਨ ਜੇ.ਸੀ. ਸ਼ਰਮਾ, ਇੰਟਰ-ਰਿਲੀਜਸ ਇੰਟਰਨੈਸ਼ਨਲ ਫੈਡਰੇਸ਼ਨ ਫਾਰ ਵਰਲਡ ਪੀਸ ਦੇ ਜਨਰਲ ਸਕੱਤਰ ਰੌਬਿਨ ਮਾਰਸ਼ ਅਤੇ ਵਾਲਥਮ ਫੌਰੈਸਟ ਦੇ ਮੇਅਰ ਕੌਂਸਲਰ ਲਿਆਕਤ ਅਲੀਂ ਸਮੇਤ ਦੀਪਕ ਡੋਗਰਾ, ਪ੍ਰੀਤਮ ਸਿੰਘ ਚੱਗਰ, ਡਾ. ਸ਼ਿਵ ਪਾਂਡੇ ਸੁਰਜੀਤ ਸਿੰਘ ਜੀਤ, ਕ੍ਰਿਸ ਗੋਪਾਲ ਮਾਰੀਸ਼ਸ਼, ਡਾ. ਰਘੂਨੰਦਨ ਸ਼ਰਮਾ, ਡਾ. ਐਸ. ਫਾਰੂਖ ਹੁਸੈਨ, ਪਰਮਿੰਦਰ ਸਿੰਘ ਧਾਰੀਵਾਲ, ਰਵੀ ਜੈਨ, ਸਮੀਨਾ ਬਿਲਾਲ, ਕਮਲ ਬੇਦੀ, ਗੁਰਪਾਲ ਗਿੱਲ, ਮਨਜੀਤ ਸਿੰਘ ਮਠਾੜੂ, ਮਾਰਗਰੇਟ ਅਲੀ ਅਤੇ ਅਮਰਜੀਤ ਸਿੰਘ ਭੰਮਰਾ ਨੇ ਵੀ ਸੰਬੋਧਨ ਕੀਤਾ।

ਇਸ ਸਮਾਗਮ ਦੌਰਾਨ 'ਏ ਮਿਸਟਿਕ ਵਰਲਡ' ਦਾ ਰਸਮੀ ਉਦਘਾਟਨ ਵੀ ਕੀਤਾ ਗਿਆ ਜੋ ਕਿ ਵਿਅਕਤੀ ਨੂੰ ਮਨ, ਸਰੀਰ ਅਤੇ ਆਤਮਾ ਦੀਆਂ ਗਹਿਰਾਈਆਂ ਤੱਕ ਲਿਜਾਣ ਦਾ ਇਕ ਨਕਸ਼ਾ ਹੈ। ਇਸ ਮੌਕੇ ਮਿਸਟਰ ਰੌਬਿਨ ਮਾਰਸ਼ ਅਤੇ ਲਿਆਕਤ ਅਲੀ ਨੇ ਅੰਬੈਸਡਰ ਆਫ ਪੀਸ ਐਵਾਰਡ ਪਹਿਲਾਂ ਹੀ ਹਾਸਲ ਕਰ ਚੁੱਕੇ ਲਾਰਡ ਕਿੰਗ, ਵਰਿੰਦਰ ਸ਼ਰਮਾ, ਕੌਂਸਲਰ ਲਿਆਕਤ ਅਲੀ ਅਤੇ ਅਮਰਜੀਤ ਸਿੰਘ ਭੰਮਰਾ ਨਾਲ ਮਿਲ ਕੇ ਅੰਬੈਸਡਰ ਆਫ ਪੀਸ ਐਵਾਰਡਾਂ ਦਾ ਐਲਾਨ ਕੀਤਾ। ਇਹ ਐਵਾਰਡ ਉਨ੍ਹਾਂ ਵਿਅਕਤੀਆਂ ਨੂੰ ਦਿੱਤੇ ਜਾਂਦੇ ਹਨ ਜੋ ਦੂਜਿਆਂ ਦੀ ਮੱਦਦ ਲਈ ਨਿਸ਼ਕਾਮ ਸੇਵਾ ਕਰਦੇ ਹਨ। ਇਹ ਐਵਾਰਡ ਜਗਤਾਰ ਸਿੰਘ, ਸੁਖਦੇਵ ਕੋਮਲ, ਡਾ. ਰਘੂਨੰਦਨ ਸ਼ਰਮਾ, ਸੁਰਜੀਤ ਕੌਰ ਪਨੇਸਰ, ਯਸ਼ ਵਰਮਾ, ਅਨੂ ਡੋਗਰਾ ਬਲਜੀਤ ਕੋਮਲ, ਡਾ. ਸ਼ਿਵ ਪਾਂਡੇ ਅਤੇ ਸੁਰਜੀਤ ਸਿੰਘ ਜੀਤ ਨੂੰ ਦਿੱਤੇ ਗਏ।


Namdhari Elibrary NamdhariElibrary@gmail.com

# ਖਾਲਸਾ ਸਿਰਜਨਾ (ਫਲਸਫਾਈ ਉਦੇਸ਼ ਚਿੰਤਨ)

*—ਕਰਤਾਰ ਸਿੰਘ ਨੀਲਧਾਰੀ ਚੰਡੀਗੜ੍ਹ*

ਖਾਲਸਾ ਸ਼ਬਦ ਦਾ ਫਾਰਸੀ ਅਰਥ ਹੈ ਬਾਦਸ਼ਾਹ ਦੀ ਨਿਜੀ ਮਲਕੀਅਤ ਜਾਂ ਜਾਗੀਰ ਜਿਸ ਵਿਚ ਹੋਰ ਹਕੂਮਤ ਦਾ ਕੋਈ ਦਖ਼ਲ ਨਹੀਂ ਹੁੰਦਾ। ਖਾਲਸਾ ਦੇ ਇਸ ਅਰਥ ਵਿਚ ਸਿਖ ਸੰਗਤਾਂ ਵਿਚ ਦੋ ਵਰਗ ਮੰਨੇ ਜਾਂਦੇ ਸਨ। ਜਿਹੜੇ ਸਿਖ ਜਾਂ ਇਲਾਕਾ ਸੰਗਤ ਸਿੱਧਾ ਗੁਰੂ ਜੀ ਤੋਂ ਦੀਖਿਆ ਲੈਂਦੀ ਉਸਨੂੰ ਖਾਲਸਾ ਕਿਹਾ ਜਾਂਦਾ ਸੀ ਅਤੇ ਜਿਹੜੀ ਸੰਗਤ ਮੰਜੀਦਾਰਾਂ, ਮਸੰਦਾਂ ਤੇ ਹੋਰ ਡੇਰੇਦਾਰਾਂ ਤੋਂ ਦੀਖਿਆ ਲੈ ਕੇ ਸਿੱਖ ਧਰਮ ਵਿਚ ਸ਼ਾਮਲ ਹੁੰਦੇ ਸਨ ਉਨ੍ਹਾਂ ਨੂੰ ਸਹਿਲੰਗ ਕਿਹਾ ਜਾਂਦਾ ਸੀ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮਨਾਮਿਆਂ ਵਿਚ ਸਿੱਧਾ ਗੁਰੂ ਹੁਕਮ ਵਿਚ ਮਨੋਨੀਤ ਸੰਗਤਾਂ ਨੂੰ ਖਾਲਸਾ ਲਿਖਿਆ ਗਿਆ ਹੈ। ਭਗਤ ਕਬੀਰ ਜੀ ਨੇ ਪ੍ਰਭੂ ਨਾਲ ਸਿੱਧਾ ਸੰਪਰਕ ਸਥਾਪਿਤ ਹੋਣ ਤੋਂ ਬਾਦ ਹੀ ਇਹ ਰਹੱਸ ਪ੍ਰਗਟ ਕੀਤਾ ਹੈ-

*ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਬ੍ਰਹਮ ਗਿਆਨੀ।*
*ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥(੬੫੫)*

*ਆਤਮਿਕ ਪਵਿਤ੍ਰਤਾ ਦੇ ਨਾਲ ਪ੍ਰਭੂ ਨਾਲ ਇਕ ਰਸ ਹੋਣ ਦੀ ਇਸ ਗੁਰਮਤਿ ਪਰਿਭਾਸ਼ਾ ਨੂੰ ਇਝ ਸਥਾਪਿਤ ਕੀਤਾ ਗਿਆ।*

*ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ॥*

ਇਸ ਤਰ੍ਹਾਂ ਸਿੱਖ ਧਰਮ ਨੂੰ ਸ਼ਸਤਰਧਾਰੀ ਖਾਲਸਾ ਪਰਿਵੇਸ਼ ਦੇ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਓਅੰਕਾਰ ਨਾਲ ਜੁੜਨ ਦੇ ਲਈ ਜ਼ਰੂਰੀ ਗੁਰਪ੍ਰਸਾਦਿ ਰੂਪ ਵਿਚ ਪ੍ਰਾਪਤ "ਜਪੁ" ਉਪਦੇਸ਼ ਨੂੰ ਕ੍ਰਿਆਤਮਕ ਰੂਪ ਵਿਚ ਪਵਿਤ੍ਰ ਤੇ ਸਮਾਜ ਰਖਿੱਅਕ ਸਿੱਖ ਸਮਾਜ ਦੀ ਪਹਿਚਾਨ ਤੇ ਜੀਵਨ ਲਕਸ਼ ਦੇ ਰੂਪ ਵਿਚ ਦ੍ਰਿੜ ਕਰ ਦਿੱਤਾ। ਗੁਰੁਬਾਣੀ ਤੇ ਗੁਰਬਾਣੀ ਗ੍ਰੰਥ ਦੀ ਆਸਥਾ ਨਾਲ ਜੁੜੇ ਗੁਰਸਿੱਖ ਲਈ ਭੇਖ ਰੂਪ (ਬਾਟੇ) ਨਾਲ ਜੁੜਨ ਦਾ ਨਿਸ਼ਚਿਤ ਕੀਤਾ ਗਿਆ ਜੀਵਨ ਸਿਧਾਂਤ ਹੀ ਖਾਲਸਾ ਸਿਰਜਨਾ ਦੇ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ। ਖਾਲਸਾ ਪੰਥ ਜਨ ਜੀਵਨ ਨੂੰ ਲੋਕ ਸੁਖੀਏ ਪਰਲੋਕ ਸੁਹੇਲੇ ਕਰਨ ਤੇ ਕਰਾਣ ਵਾਲਾ ਰਾਜ ਮਾਰਗ ਹੈ।

ਪਹਿਲੀ ਉਦਾਸੀ ਦੇ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੁਲਤਾਨਪੁਰ ਤੋਂ ਨਿਕਲਣ ਤੋਂ ਪਹਿਲਾਂ ਹੀ ਸਿੱਖ ਧਰਮ ਦਾ ਆਗਾਜ਼ ਕਰ ਦਿੱਤਾ ਗਿਆ ਸੀ। ਖੁਦਾ ਪਰਸਤੀ ਦੀ ਉਂਗਲ ਖੜੀ ਕਰਕੇ ਬੇਈਂ ਨਦੀ ਤੋਂ ਪ੍ਰਗਟਿਆ (ਗੁਰੂ) ਨਾਨਕ ਮੋਦੀ ਲੋਕਾਈ ਨੂੰ ਕਹਿ ਰਿਹਾ ਸੀ-"ਨਾ ਕੋ ਹਿੰਦੂ ਨਾ ਮੁਸਲਮਾਨ-" ਤੇ ਇਹ ਬੋਲਾ ਨਵਾਬ ਤੇ ਦਰਬਾਰੀਆਂ ਨੇ ਵੀ ਸੁਣਿਆ। ਜਦ ਕੋਈ ਫਰਕ ਹੀ ਨਹੀਂ ਤਾਂ ਮਸਤਾਨੇ (ਗੁਰੂ) ਨਾਨਕ ਨੂੰ ਨਮਾਜ਼ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। (ਗੁਰੂ) ਨਾਨਕ ਮਸਤ ਖੜਾ ਰਿਹਾ ਨਮਾਜ਼ ਅਦਾ ਨਾ ਕੀਤੀ। ਹਕੂਮਤੀ ਪੁੱਛ ਹੋਈ ਤਾਂ ਉਸ ਵੇਲੇ ਹੀ ਗੁਰੂ (ਨਾਨਕ) ਬੋਲਿਆ ਸੀ- "ਨਵਾਬ ਕਾਬੁਲੀ ਘੋੜਿਆਂ ਦੀ ਖਰੀਦ ਵਲ ਰੁੱਝਿਆ ਸੀ। ਕਾਜ਼ੀ ਤਾਜ਼ੀ ਸੂਈ ਘੋੜੀ ਦੇ ਵਛੇਰੇ ਦੀ ਫਿਕਰ ਵਿਚ ਪਿਆ ਸੀ," ਨਵਾਬ ਤੇ ਕਾਜ਼ੀ ਲਾਜਵਾਬ ਹੋ ਗਏ ਤਾਂ ਫੇਰ ਗੁਰੂ (ਨਾਨਕ) ਬੋਲਿਆ- ਨਮਾਜ਼, ਅਰਦਾਸ ਆਰਤੀ ਵਿਚ ਮਨ ਦੀ ਹਾਜ਼ਰੀ ਨਾ ਹੋਏ ਤਾਂ ਹਵਾ ਦੀਆਂ ਹਰਕਤਾਂ ਬਣ ਜਾਂਦੀਆਂ ਹਨ।

ਗੁਰੂ ਬਾਬੇ ਨੇ ਗੁਰਬਾਣੀ ਗਾ-ਗਾ ਕੇ ਲੋਕਾਈ ਦੇ ਤਨ-ਮਨ ਨੂੰ ਰੱਬ ਨਾਲ ਜੋੜਿਆ ਤੇ ਪੰਜਵੇਂ ਗੁਰੂ ਨਾਨਕ ਨੇ ਸਾਰੀ ਗੁਰਬਾਣੀ ਨੂੰ ਗ੍ਰੰਥ ਰੂਪ ਵਿਚ ਨਿਸ਼ਚਿਤ ਦਿਨ (ਭਾਦਰੋ ਸੁਦੀ ਪਹਿਲੀ) ਆਸਨ ਤੇ ਸਥਾਪਿਤ ਕਰ ਦਿੱਤਾ। ਸਿੱਖ ਧਰਮ ਦੇ ਵਿਕਾਸ ਦਾ ਇਹ ਸਭ ਤੋਂ ਵੱਡਾ ਪੜਾਵ ਸੀ। ਇਸ ਗ੍ਰੰਥ ਦੀ ਪਵਿਤ੍ਰਤਾ ਲਈ ਹੀ ਸ੍ਰੀ ਗੁਰੂ ਅਰਜੁਨ ਦੇਵ ਜੀ ਨੂੰ ਸ਼ਹੀਦੀ ਦੇਣੀ ਪਈ। ਨੌਵੇਂ ਗੁਰੂ ਨਾਨਕ-ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਹਿੰਦੂ ਧਰਮ ਦੇ ਤਿਲਕ-ਜੰਞੂ ਦੀ ਰਖਿਆ ਲਈ ਸ਼ਹੀਦੀ ਦੇਣੀ ਪਈ। ਉਸ ਸਮੇਂ ਕਿਸੇ ਹਿੰਦੂ ਸੰਤ-ਸੰਨਿਆਸੀ-ਜੋਗੀ ਆਦਿਕ ਨੇ ਅਗੇ ਵੱਧ ਕੇ ਹਾਅ ਦਾ ਨਾਅਰਾ ਵੀ ਨਹੀਂ ਸੀ ਮਾਰਿਆ। ਸਿੱਖਾਂ ਦੀ ਵੀ ਵਖਰੀ ਕੋਈ ਪਹਿਚਾਨ ਨਹੀਂ ਸੀ ਕਾਇਮ ਹੋਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੨੪ ਸਾਲ (੧੬੭੫ ਈ ਤੋਂ ੧੬੯੯ ਈ) ਗੰਭੀਰ ਚਿੰਤਨ ਕਰਦੇ ਹੋਏ ਸਿੱਖੀ ਦੇ ਵਿਕਾਸ ਨੂੰ ਗੁਰੂ ਨਾਨਕ ਪਰੰਪਰਾ ਵਿਚ ਚਾਲੂ ਰਖਿਆ। ਸਾਂਝੀਵਾਲਤਾ ਦੇ ਇਸ ਸੁਰਤਾਲ ਵਿਚ ਪਾਉਂਟੇ ਟਿਕੇ ਗੁਰੂ ਜੀ ਉਤੇ ਹਿੰਦੂ ਪਹਾੜੀ ਰਾਜੇ ਮਾਰ ਮੁਕਾਉਣ ਲਈ ਹਮਲਾ ਕਰ ਰਹੇ ਸਨ ਤੇ ਸਢੌਰੇ ਦੇ ਪੀਰ ਦੇ ਸੱਤ ਸੋ ਮੁਰੀਦ ਭੰਗਾਣੀ ਦੇ ਧਰਮ ਜੁੱਧ ਵਿਚ ਸਿੱਖਾਂ ਦੀ ਮਦਦ ਕਰ ਰਹੇ ਸਨ। ਗੁਲਾਮੀ ਦੀ ਅਜੇਹੀ ਤ੍ਰਾਸਦੀਆਂ ਵਿਚ ਜਗਦਾ ਮਾਨਵ ਧਰਮ ਦਾ ਦੀਵਾ ਆਪਣੀ ਨਿਵੇਕਲੀ ਪਹਿਚਾਨ ਜਗ ਜ਼ਾਹਿਰ ਕਰ ਰਿਹਾ ਸੀ।

ਖਾਲਸਾ ਪੰਥ ਦੀ ਸਿਰਜਨਾ ਦੇ ਪਿਛੋਕੜ ਤੇ ਪੰਛੀ ਝਾਤ ਪਾਉਣਾ ਹਰ ਵਾਰੀ ਲਾਜ਼ਮੀ ਲੱਗਦਾ ਹੈ ਤਾਂ ਹੀ ਅਸੀਂ ਇਸ ਰਹੱਸਮਈ ਮਾਨਵੀ ਘਾੜਤ ਦੇ ਲਕਸ਼ ਜਾਣ ਸਕਦੇ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭੰਗਾਣੀ ਦੀ ਗੱਲ ਪਈ ਲੜਾਈ



Namdhari Elibrary NamdhariElibrary@gmail.com

ਜਿੱਤ ਕੇ ਮਾਖੋਵਾਲ (ਚੱਕ ਮਾਤਾ ਨਾਨਕੀ) ਮੁੜਨਾ ਮੁਨਾਸਿਬ ਸਮਝਿਆ। ਨਗਰ ਨੂੰ ਆਨੰਦਪੁਰ ਨਾਮ ਦੇ ਕੇ ਪੰਜ ਕਿਲੇ ਬਣਾਏ ਗਏ ਤੇ ਸ਼ਸਤ੍ਰਧਾਰੀ ਸੈਨਿਕ ਉਨ੍ਹਾਂ ਵਿਚ ਟਿਕਾਏ ਗਏ। ਜੰਗਾਂ-ਜੁੱਧਾਂ ਦੇ ਦੌਰ ਵਿਚ ਮਸੰਦਾਂ ਦੀਆਂ ਮਨਆਈਆਂ ਪੰਥ ਲਈ ਨਾਸੂਰ ਬਣ ਗਈਆਂ ਸਨ ਇਸ ਲਈ ਗੁਰੂ ਜੀ ਨੇ ਇਕ ਨਿਸ਼ਚਿਤ ਜੁਗਤਿ ਨਾਲ ਮਸੰਦਾਂ ਦੀ ਸੋਧ ਕੀਤੀ ਅਤੇ ਵੈਸਾਖੀ ਦੇ ਮੇਲੇ ਉਤੇ ਪੁੱਜਣ ਲਈ ਸੰਗਤਾਂ ਨੂੰ ਸੁਨੇਹੇ ਭੇਜੇ ਗਏ। ਸ਼ਸਤ੍ਰਧਾਰੀ ਸਿੱਖਾਂ ਨੂੰ ਭਗਤੀ ਨਾਲ ਸ਼ਕਤੀ ਦਾ ਪਾਠ ਤਾਂ ਪੜ੍ਹਾਇਆ ਜਾ ਚੁਕਿਆ ਸੀ ਪਰ ਇਸ ਦੀ ਪਰਖ ਕਸੌਟੀ ਦਾ ਸਮਾਂ ਆ ਗਿਆ ਸੀ। ਗੁਰੂ ਜੀ ਨੇ ਵੈਸਾਖੀ ਦੇ ਭਰੇ ਦੀਵਾਨ ਵਿਚ ਨੰਗੀ ਤਲਵਾਰ ਦੀ ਪਿਆਸ ਮਿਟਾਉਣ ਲਈ ਇਕ ਇਕ ਕਰ ਕੇ ਪੰਜ ਸਿੱਖਾਂ ਦੇ ਸਿਰ ਲਏ।

ਪੰਜਾਂ ਸਿੱਖਾਂ ਦੇ ਸਿਰ ਲੈ ਕੇ ਬਣੇ ਸੰਨਾਟੇ ਵਿਚ ਗੁਰੂ ਜੀ ਨੇ ਲੋਹੇ ਦੇ ਬਾਟੇ ਵਿਚ ਪਾਣੀ ਪਾ ਕੇ ਖੰਡਾ ਫੇਰਦੇ ਹੋਏ ਪੰਜ ਬਾਣੀਆਂ ਦੇ ਪਾਠ ਪੜ੍ਹ ਕੇ ਨਵੀਂ ਦੀਖਿਆ ਦੀ ਜੁਗਤਿ ਅਰੰਭੀ। ਉਸ ਵੇਲੇ ਮਮਤਾਮਈ ਮਾਤਾ ਜੀਤੋ ਜੀ ਨੇ ਬਾਟੇ ਵਿਚ ਪਤਾਸੇ ਪਾ ਕੇ ਅਰਜ ਕੀਤੀ, ਗੁਰੂ ਜੀ, ਗੁਰੂ ਪੁਤਰਾਂ ਨੂੰ ਸਰਬਲੋਹ ਦੇ ਤੇਜ ਦੇ ਨਾਲ ਮਿਠਾਸ ਤੇ ਨਿਮ੍ਰਤਾ ਦੀ ਵੀ ਲੋੜ ਹੈ। ਪੰਜਾਂ ਪਿਆਰਿਆਂ ਨੂੰ ਖੰਡੇ ਪਾਹੁਲ ਅੰਮ੍ਰਿਤ ਛਕਾ ਕੇ ਲੋਕ-ਪਰਾਇਣ ਗੁਰੂ ਦੀਖਿਆ ਦਾ ਸੂੱਤਰਪਾਤ ਕੀਤਾ ਗਿਆ। ਪੰਜ ਚੁਲੇ ਅੰਮ੍ਰਿਤ ਛਕਾ ਕੇ ਪੰਜ ਕੇਸਾਂ ਵਿਚ (ਸਾਬਤ ਸੂਰਤਿ ਪ੍ਰਣ) ਤੇ ਪੰਜ ਨੇਤਰਾਂ ਵਿਚ (ਸਾਰੇ ਸੰਸਾਰ ਨੂੰ ਪਰਮੇਸ਼ਰੀ ਸੱਚ ਮੰਨਣ ਦਾ ਪ੍ਰਣ ਤੇ ਜੀਵਨ ਸਾਤਵਿਕਤਾ) ਪਾਏ ਗਏ। ਸਭ ਨੂੰ ਸਿੰਘ ਨਾਮ ਸਿਰਨਾਵਾਂ ਦਿੱਤਾ ਗਿਆ। ਇਹ ਦੀਖਿਆ ਦੇ ਕੇ ਗੁਰੂ ਜੀ ਯਾਚਨਾ ਕਰਕੇ ਪੰਜਾਂ ਪਿਆਰਿਆਂ ਤੋਂ ਖੰਡੇ ਪਾਹੁਲ ਦੀਖਿਆ ਲੈ ਕੇ ਆਪਣਾ ਨਾਮ (ਗੁਰੂ) ਗੋਬਿੰਦ ਰਾਏ (ਜਾਂ ਗੋਬਿੰਦ ਦਾਸ) ਤੋਂ (ਗੁਰੂ) ਗੋਬਿੰਦ ਸਿੰਘ ਧਰਾਇਆ। ਇਸ ਤਰ੍ਹਾਂ ਦੇ ਮਾਹੌਲ ਵਿਚ ਹੀ-ਵਾਹੁ ਵਾਹੁ ਗੁਰੂ ਗੋਬਿੰਦ ਸਿੰਘ ਜੀ ਆਪੇ ਗੁਰੂ ਚੇਲਾ-ਆਪੇ ਗੁਰੂ ਚੇਲਾ-ਦੇ ਆਕਾਸ਼ ਗੁੰਜਾਊ ਨਾਅਰੇ ਲੱਗੇ। ਆਕਾਸ਼ ਵਿਚ ਸ੍ਰਿਸ਼ਟੀਕਰਤਾ ਤੇ ਉਸਦੇ ਬਣਾਏ ਦੇਵਤੇ ਆਨੰਦ ਮਾਨ ਰਹੇ ਸਨ। ਖੁਦਾ ਦੇ ਸਾਏ ਤੋਂ ਬਣੇ ਇਨਸਾਨ (ਆਦਮ) ਦੀ ਅੱਜ ਨਿਸਚਿਤ ਖੁਦਾ ਪ੍ਰਸਤ ਪਹਿਚਾਨ ਬਣ ਗਈ ਸੀ।

ਇਸੇ ਆਤਮ ਅਨੰਦ ਹਕੀਕਤ ਨੂੰ ਪ੍ਰਗਟ ਕਰਦੇ ਹੋਏ ਗੁਰੂ ਜੀ ਨੇ ਕਿਹਾ-

*ਖ਼ਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥ (ਸਰਬ ਲੋਹ ਗ੍ਰੰਥ)*

ਜੇਕਰ ਗੁਰਬਾਣੀ-ਧੁਰ ਕੀ ਬਾਣੀ, ਖਸਮ ਕੀ ਬਾਣੀ ਜਾਂ ਬ੍ਰਹਮ ਬੀਚਾਰ ਹੈ ਤਾਂ ਗੁਰੂ ਪੰਥ ਖਾਲਸਾ ਵੀ ਅਕਾਲ ਪੁਰਖ ਦੇ ਹੁਕਮ ਰਜ਼ਾ ਨਾਲ ਪ੍ਰਗਟਾਇਆ ਗਿਆ ਸੀ। ਇਸ ਪਰਿਭਾਸ਼ਾ ਤੇ ਪੂਰੇ ਉਤਰਨ ਲਈ ਜ਼ਰੂਰੀ ਹੈ।

ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥
ਪ੍ਰਭ ਮਹਿ, ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥

ਜਿਸ ਤਰਾਂ ਗੁਰਬਾਣੀ, ਗੁਰੂ, ਰਬਾਬ ਤੇ ਰਬਾਬੀ ਮਰਦਾਨਾ ਇਕ ਰਸ ਹੋ ਜਾਂਦੇ ਸਨ ਉਸੇ ਤਰਾਂ ਖਾਲਸਾ ਦੀਖਿਆ ਲੈ ਕੇ ਆਤਮ ਰਸ ਜਾਣ ਲੈਣ ਵਾਲਾ ਗੁਰਸਿੱਖ, ਗੁਰੂ ਤੇ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ। ਗੁਰੂ ਜੀ ਨੇ ਤਾਂ ਪਹਿਲਾਂ ਹੀ ਫੁਰਮਾਇਆ ਹੈ (ਸਬ ਲੋਹ ਗ੍ਰੰਥ)

ਖ਼ਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮਹਿ ਹੌ ਕਰੌ ਨਿਵਾਸ॥
ਖ਼ਾਲਸਾ ਮੇਰੋ ਮੁਖ ਹੈ ਅੰਗਾ। ਖ਼ਾਲਸੇ ਕੇ ਹੌਂ ਸਦ ਸਦ ਸੰਗਾ॥

ਅਜੇਹੀ ਖਾਲਸਾ ਦੀਖਿਆ ਦੇ ਕੇ ਜੋਗ ਸਿੱਧੀਆਂ ਭਰੇ ਪ੍ਰਭੂ ਭਗਤ ਮਾਧੋਦਾਸ ਬੈਰਾਗੀ ਨੂੰ ਭਾਈ ਗੁਰਬਖ਼ਸ਼ ਸਿੰਘ "ਬੰਦਾ ਬਹਾਦੁਰ" ਬਣਾ ਕੇ ਗੁਰੂ ਜੀ ਨੇ ਮੁਗਲ ਹਕੂਮਤ ਤੇ ਖ਼ਿਲਾਫ਼ ਰਣਤੱਤੇ ਵਿਚ ਕੇਵਲ ਪੰਜੀ ਸਿੰਘਾਂ ਦੀ ਕਮਾਨ ਦੇ ਕੇ ਨਾਂਦੇੜ ਤੋਂ ਪੰਜਾਬ ਭੇਜਿਆ ਸੀ। ਖਾਲਸੇ ਨੇ ਸੰਨ ੧੭੦੯ ਤੋਂ ੧੭੬੫ ਦੇ ਸੰਘਰਸ਼ ਵਿਚੋਂ ਲੰਘ ਕੇ ਮਿਸਲਾਂ ਦੇ ਰਾਜ ਸਥਾਪਿਤ ਕਰਨ ਤੋਂ ਪਹਿਲਾਂ ਲੋਕਾਈ ਦੇ ਰਾਖੇ ਹੋਣ ਦਾ ਸਨਮਾਨ ਪ੍ਰਾਪਤ ਕਰ ਲਿਆ ਸੀ। ਮਿਸਲਾਂ ਦੇ ਰਾਜ ਅਹੰਕਾਰ ਵਿਚ ਪ੍ਰਵੇਸ਼ ਕੀਤੇ ਵਿਅਸਨਾਂ ਵਿਚੋਂ ਮਹਾਰਾਜ ਰਣਜੀਤ ਸਿੰਘ ਨੇ ਖਾਲਸਾ ਰਾਜ ਦਾ ਸੁਪਨਾ ਸਾਕਾਰ ਕੀਤਾ। ਇਹ ਰਾਜ ਸੁਪਨਾ ਹੀ ਬਣ ਗਿਆ ਕਿਉਂਕਿ ਸਿੱਖਾਂ ਦੇ ਜੀਵਨ ਵਿਚ ਗੁਰਸਿੱਖੀ ਜੀਵਨ ਜਾਚ ਤੇ ਆਦਰਸ਼ ਰਾਜ ਵੈਭਵ ਦੇ ਤੇਜਾਬ ਵਿਚ ਖੁੱਰ ਗਏ ਸਨ। ਇਸ ਸੰਸਾਰ ਨੂੰ ਇਸੇ ਲਈ ਵਿਸ਼ ਸੰਸਾਰ ਕਿਹਾ ਗਿਆ ਹੈ ਕਿਉਂਕਿ ਵਿਸ਼ੇਵਿਕਾਰੀ ਹੀ ਦੇਵ ਜੀਵਨ ਨੂੰ ਰਾਕਸ਼ੀ ਬਣਾ ਦੇਂਦੇ ਹਨ। ਖਾਲਸਾ ਸਿਰਜਨਾ ਦੇ ਗੁਰੂ ਮੰਤਵ ਨੂੰ ਜੇਕਰ ਨਾ ਵੀ ਸਮਝਿਆ ਜਾ ਸਕੇ ਤਾਂ ਇਸ ਦੀ ਮਰਯਾਦਾ, ਰਹਿਤ ਤੇ ਸੀਮਾ ਨੂੰ ਚੇਤੇ ਰਖਣਾ ਸਭ ਤੋਂ ਬੜੀ ਲੋੜ ਹੈ।

ਜਬ ਲਗ ਖ਼ਾਲਸਾ ਰਹੇ ਨਿਆਰਾ॥
ਤਬ ਲਗ ਤੇਜ ਦੀਉ ਮੈਂ ਸਾਰਾ॥

ਨਿਆਰੀ ਪਹਿਚਾਨ ਰਖਣ ਲਈ ਗੁਰਬਾਣੀ ਗੁਰਮਤਿ ਅਨੁਸਾਰ ਆਤਮ ਚਿੰਤਨ ਤੇ ਆਪਾ ਪਛਾਣ ਦੇ ਰਾਹ ਤੇ ਤੁਰਨਾ ਭੇਖਧਾਰੀ ਖਾਲਸੇ ਦੀ ਪਹਿਲੀ ਲੋੜ ਹੈ।

*੧੬੨ ਏ, ਗਰੇਨ ਮਾਰਕੀਟ*
*ਮਧਿਆ ਮਾਰਗ, ਚੰਡੀਗੜ੍ਹ ੯੪੧੭੧੪੩੩੬੦*



Namdhari Elibrary    namdharielibrary@gmail.com

ਕੂਕਾ ਲਹਿਰ ਦੇ ਅਮਰ-ਨਾਇਕ

# ਪਾਰਖੂ ਨਜ਼ਰ ਵਾਲਾ—ਸੂਬਾ ਕਾਹਨ ਸਿੰਘ 'ਨਿਹੰਗ'

—ਸੁਵਰਨ ਸਿੰਘ ਵਿਰਕ

"ਮੇਜਰ ਸੂਬੇਦਾਰ, ਸਿੱਖਾਂ ਦੀ ਫੌਜ ਦੇ
ਬਾਬਾ ਕਾਨ੍ਹ ਸਿੰਘ, ਸਨ ਲਹੌਰ ਵਿਚ
ਜਥੇਬੰਦੀ ਮਰਯਾਦਾ, ਹੈਸਨ ਜਾਣਦੇ
ਏਨਾਂ ਨੂੰ ਇਹ ਹੁਕਮ, ਸਾਰੀ ਕੌਮ ਨੂੰ
ਕਰੋ ਸੰਗਠਿਤ ਮਾਲਾ, ਜਿਵੇਂ ਅਠੌਤਰੀ
ਏਕਤਾ ਦੇ ਸੂਤਰ ਵਿਚ, ਪਰੋ ਦਵੋ
ਖੇਰੂੰ ਖੇਰੂੰ ਹੋਇਆ, ਪੰਥ ਅਕਾਲ ਦਾ
ਦੱਸੋ ਕਿਵੇਂ ਆਚਰਨ, ਹੁੰਦਾ ਫੌਜ ਵਿਚ
ਰਹਿੰਦੇ ਕਿਵੇਂ ਸਿਪਾਹੀ, ਅੰਦਰ ਹੁਕਮ ਦੇ
ਦੱਸਦੇ ਸਨ ਕਵੈਦ, ਅਤੇ ਪਰੇਡ ਹੈ
ਅਫਸਰ ਅਤੇ ਸਿਪਾਹੀ, ਆਪਣੇ ਫਰਜ਼ ਨੂੰ
ਸੰਤ ਸਿਪਾਹੀ ਫੌਜ, ਜੋ ਗੁਰੂ ਦੇਵ ਦੀ
ਉਨ੍ਹਾਂ ਸੱਭਿਆਚਾਰ, ਉਠਣਾ ਬੈਠਣਾ
ਜੋ ਮਰਿਆਦਾ ਸਾਰੀ, ਉਤ ਸਿਖਾਲਦੇ
ਗੁਰੂ ਸਿਖੀ ਦਾ ਸੂਰਜ, ਅੰਬਰ ਦੇਸ ਦੇ
ਦਿਨੋ ਦਿਨ ਸਵਾਇਆ, ਚਮਕਾਂ ਮਾਰਦਾ
ਭੈਣੀ ਸਾਹਿਬ ਵਿਚ, ਭੀੜਾਂ ਰਹਿੰਦੀਆਂ
ਇਕ ਆਂਦਾ ਇਕ ਜਾਂਦਾ, ਰਸਤੇ ਭਰ ਰਹੇ।"[1]

ਸੰਤ ਇੰਦਰ ਸਿੰਘ ਚੱਕਰਵਰਤੀ ਆਪਣੇ ਇਤਿਹਾਸਕ ਮਹਾਂਕਾਵਿ ਵਿਚ ਸੂਬਾ ਕਾਹਨ ਸਿੰਘ ਜੀ ਦੀ ਸੰਗਠਨ ਯੋਗਤਾ ਦਾ ਇਉਂ ਉਚ ਮੁਲੰਕਣ ਕਰਦੇ ਹੋਏ, ਉਹਨਾਂ ਦੇ ਕੰਮਾਂ ਤੇ ਵੀ ਪੰਛੀ ਝਾਤ ਪੁਆ ਜਾਂਦੇ ਹਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਪੰਜਾਬ ਵਿਚ ਸਿੱਖ ਪੁਨਰ ਜਾਗਰਣ ਅਤੇ ਕੌਮੀ ਆਜ਼ਾਦੀ ਦਾ ਬਿਗੁਲ ਫੂਕਿਆ ਤਾਂ ੧੨ ਅਪ੍ਰੈਲ ੧੮੫੭ ਈ. ਨੂੰ ਸ੍ਰੀ ਭੈਣੀ ਸਾਹਿਬ ਵਿਚ ਹਜ਼ੂਰ ਤੋਂ ਨਾਮ ਦੀ ਦਾਤ ਲੈਣ ਵਾਲੇ ਪਹਿਲੇ ਪੰਜਾਂ ਵਿਅਕਤੀਆਂ ਵਿਚੋਂ ਵੀ ਆਪ ਇਕ ਸਨ। ਜਿਹੜੇ ਬਾਈ ਜਾਂ ਇਸ ਤੋਂ ਕੁਝ ਵਧ ਸੂਬੇ ਸ੍ਰੀ ਸਤਿਗੁਰੂ ਜੀ ਨੇ ਥਾਪੇ ਉਹਨਾਂ ਵਿਚ ਸਭ ਤੋਂ ਵਧ ਲੰਮਾ ਸਮਾਂ ਆਪ ਜੀ ਦੀ ਸੰਗਤ ਮਾਨਣ ਦਾ ਸੁਭਾਗ ਵੀ ਸੂਬਾ ਕਾਹਨ ਸਿੰਘ ਹੋਰਾਂ ਨੂੰ ਪਰਾਪਤ ਹੋਇਆ। ਕਿਉਂਕਿ ਸੂਬਾ ਜੀ ਅਤੇ ਸਤਿਗੁਰੂ ਜੀ ਦਾ ਮਿਲਾਪ ੧੮੩੬ ਈ. ਵਿਚ ਸਤਿਗੁਰੂ ਜੀ ਦੁਆਰਾ ਲਹੌਰ ਦਰਬਾਰ ਦੀ ਸਿੱਖ ਸੈਨਾ ਵਿਚ ਕੰਵਰ ਨੌਨਿਹਾਲ ਸਿੰਘ ਵਾਲੀ ਰੈਜੀਮੈਂਟ ਵਿਚ ਭਰਤੀ ਹੋਣ ਨਾਲ ਹੀ ਹੋ ਜਾਂਦਾ ਹੈ ਅਤੇ ਮਾਰਚ ੧੮੭੨ ਈ. ਵਿਚ ਸਤਿਗੁਰੂ ਜੀ ਦੇ ਰੰਗੂਨ ਭੇਜੇ ਜਾਣ ਤੱਕ ਪੂਰੇ ਛੱਤੀ ਵਰ੍ਹੇ ਇਹ ਸਾਥ ਬਣਿਆ ਰਹਿੰਦਾ ਹੈ।

ਸੂਬਾ ਕਾਹਨ ਸਿੰਘ ਜੋ ਆਪਣੇ ਸੀਸ ਤੇ ਨਿਹੰਗ ਸਿੰਘਾਂ ਜਿਹਾ ਦੁਮਾਲਾ ਚੱਕਰ, ਤੋੜੇ ਅਤੇ ਖੰਡਾ ਸਜਾਉਂਦੇ ਸਨ, ਉਹਨਾਂ ਨੂੰ ਨਿਹੰਗ ਸਿੰਘ ਜਾਂ ਬਾਬਾ ਕਾਹਨ ਸਿੰਘ ਨਿਹੰਗ ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ। ਆਪ ਦਾ ਜਨਮ ੧੮੧੨ ਈ. ਵਿਚ ਰਿਆਸਤ ਮਲੇਰਕੋਟਲੇ ਵਿਚ (ਸਥਿਤ ਪਿੰਡ ਚੱਕ ਵਿਖੇ) ਪਿਤਾ ਨੱਥਾ ਸਿੰਘ ਅਤੇ ਮਾਤਾ ਰੂਪਾ ਦੇ ਘਰ, ਬੋਪਾਰਾਇ ਗੋਤ ਦੇ ਜ਼ਿਮੀਦਾਰ ਪਰਿਵਾਰ ਵਿਚ ਹੋਇਆ।[2] ਆਲਿਮ ਜੀ ਦੀ ਲਿਖਤ ਮੁਤਾਬਿਕ ਲਹੌਰ ਵਿਚ ਨਿਰਮਲ ਸੰਪ੍ਰਦਾਇ ਦੇ ਇਕ ਮਹਾਂਪੁਰਖ ਬਾਬਾ ਖੁਦਾ ਸਿੰਘ ਜੀ ਬਿਰਾਜਦੇ ਸਨ। ਕਾਹਨ ਸਿੰਘ ਜੋ ਉਚੇ ਲੰਮੇ ਸੁਅਸਥ ਸਰੀਰ ਦੇ ਯੁਵਾ ਸਨ ਸ੍ਰੀ ਸਤਿਗੁਰੂ ਜੀ ਤੋਂ ਪਹਿਲਾਂ ਕੁਝ ਵਰ੍ਹੇ ਸੈਨਾ ਵਿਚ ਚਲੇ ਗਏ ਸਨ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਆਪਣੇ ਪੋਤਰੇ ਕੰਵਰ ਨੌਨਿਹਾਲ ਸਿੰਘ ਨੂੰ ਬਹੁਤ ਚਾਹੁੰਦੇ ਸਨ ਅਤੇ ਉਸ ਵਿਚੋਂ ਉਹ ਭਾਵੀ ਪੰਜਾਬ ਦੀ ਤਸਵੀਰ ਵੇਖਿਆ ਕਰਦੇ ਸਨ। ਇਸ ਲਈ ਉਸਦੀ ਰੈਜੀਮੈਂਟ ਵਿਚ ਮਹਾਰਾਜਾ ਖੁਦ ਇੰਟਰਵਿਊ ਲੈ ਕੇ ਸਾਰੇ ਪੰਜਾਬ ਵਿਚੋਂ ਚੋਣਵੇਂ, ਸੁੰਦਰ, ਫੱਬਵੇਂ, ਫੁਰਤੀਲੇ, ਦਿਲ ਦਿਮਾਗ ਦੀਆਂ ਸ਼ਕਤੀਆਂ ਨਾਲ ਭਰਪੂਰ ਲੰਮੇ ਕੱਦ ਵਾਲੇ ਜੁਆਨਾਂ ਨੂੰ ਛਾਂਟ ਛਾਂਟ ਕੇ ਭਰਤੀ ਕਰਦਾ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਾ ਕਾਹਨ ਸਿੰਘ ਹੋਰਾਂ ਦਾ ਇਸੇ ਰੈਜੀਮੈਂਟ ਵਿਚ ਇਕੱਠੇ ਹੋਣ ਦਾ ਇਹੋ ਕਾਰਨ ਸੀ। ਇਹ ਵੱਖਰੀ ਗੱਲ ਹੈ ਕਿ ਅੰਗਰੇਜ਼ ਬਸਤੀਵਾਦੀਆਂ ਦੀਆਂ ਕੁਟਲ ਨੀਤੀਆਂ ਅਤੇ ਆਗੂ ਸਿੱਖ-ਸਰਦਾਰਾਂ ਦੀਆਂ ਸੁਆਰਥੀ ਬਿਰਤੀਆਂ ਕਾਰਨ, ਇਸ ਵਿਸ਼ਾਲ ਰਾਜ ਦਾ ਅੰਤ ਹੋ ਗਿਆ ਅਤੇ ਮਹਾਰਾਜਾ ਦੇ ਸੁਪਨੇ ਵਿਚ ਰੰਗ ਨਾ ਭਰਿਆ ਜਾ ਸਕਿਆ।

ਜਿਸ ਤਰ੍ਹਾਂ ਰਾਇ ਬੁਲਾਰ ਭੱਟੀ ਬਾਰੇ ਇਹ ਪ੍ਰਸਿੱਧ ਹੈ ਕਿ 'ਜ਼ਾਹਰ-ਪੀਰ ਜਗਤ ਗੁਰ ਬਾਬਾ' ਨਾਨਕ ਦੇਵ ਜੀ ਨੂੰ ਸਭ ਤੋਂ ਪਹਿਲਾਂ ਉਸ ਨੇ ਹੀ ਪਹਿਚਾਣਿਆ ਸੀ, ਸਤਿਗੁਰੂ ਰਾਮ ਸਿੰਘ ਜੀ ਨੂੰ ਪਰਖਣ ਵਾਲੇ ਨੇਤਰਾਂ ਦਾ ਸੁਆਮੀ ਸੂਬਾ ਕਾਹਨ ਸਿੰਘ ਹੀ ਸੀ। ਕਿਉਂਕਿ ਫੌਜੀ ਜੀਵਨ ਵਿਚ ਅਧਿਆਤਮ ਦੀ ਚੇਟਕ ਉਨ੍ਹਾਂ ਨੂੰ ਬਾਬੇ ਖੁਦਾ ਸਿੰਘ ਦੀ ਸੰਗਤ ਤੋਂ ਲੱਗ ਚੁੱਕੀ ਸੀ ਅਤੇ ਸਤਿਗੁਰੂ ਜੀ ਦੇ ਸਾਥ ਨੇ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ ਸੀ। ਸੂਬਾ ਜੀ ਵੀ ਹੁਣ ਭਜਨ ਬਾਣੀ ਵਿਚ ਆਪ ਜਿਉਂ ਲੀਨ ਰਹਿੰਦੇ ਸਨ ਅਤੇ ਇਕ ਦੂਸਰੇ ਦੇ ਸਾਥ ਵਿਚੋਂ ਸਕੂਨ ਹਾਸਲ


Namdhari Elibrary NamdhariElibrary@gmail.com

ਕਰਦੇ ਸਨ। ਹੁੰਦੇ ਹੁੰਦੇ ਗੱਲ ਇਥੋਂ ਤਕ ਅੱਪੜੀ ਕਿ ਇਸ ਪਲਟਣ ਦੇ ਸਾਰੇ ਸੈਨਿਕ ਹੀ ਇਸ ਨਵੇਲੇ ਰੰਗ ਵਿਚ ਰੰਗੇ ਗਏ ਅਤੇ ਇਸ ਪਲਟਣ ਦਾ ਨਾਮ "ਭਗਤਾਂ ਵਾਲੀ ਪਲਟਣ" ਪੈ ਗਿਆ।

ਦੁਨੀਆ ਭਰ ਦੇ ਧਾਰਮਿਕ ਰਹਿਬਰਾਂ ਦੇ ਨਾਮ ਨਾਲ ਜਿਵੇਂ ਬਹੁਤ ਸਾਰੀਆਂ ਕਰਾਮਾਤਾਂ ਅਕਸਰ ਜੁੜ ਜਾਂਦੀਆਂ ਹਨ, ਜਿਹਨਾਂ ਦਾ ਮਨੋਰਥ ਸਰੋਤੇ/ਪਾਠਕ ਨੂੰ ਆਪਣੇ ਇਸ਼ਟ-ਦੇਵ ਦੀ ਸ਼ਰਧਾ ਵਿਚ ਪਰਪੱਕ ਕਰਨਾ ਅਤੇ ਉਸ ਨੂੰ ਇਹ-ਲੋਕ ਦੀ ਬਜਾਏ ਦੂਸਰੇ-ਲੋਕ ਦਾ ਸਿੱਧ ਕਰਨਾ ਹੁੰਦਾ ਹੈ ਤਾਂ ਜੁ ਅਸੀਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਇਹ ਕਹਿ ਕੇ ਮੂੰਹ ਫੇਰ ਲਈਏ ਕਿ ਅਜਿਹੇ ਕਠਿਨ ਪ੍ਰੀਖਿਆ-ਮਈ ਜੀਵਨ ਵਿਚੋਂ ਦੂਸਰੇ ਲੋਕ ਵਾਲੇ ਹੀ ਸਫਲ ਹੋ ਸਕਦੇ ਹਨ ਅਸੀਂ ਤਾਂ ਠਹਿਰੇ ਇਸ ਲੋਕ ਦੇ ਜੀਵ-ਜੰਤੂ। ਭਾਈ ਸੰਤੋਖ ਸਿੰਘ ਬਾਹੋਵਾਲ ਰਚਿਤ ਗਰੰਥ ਵਿਚ ਇਸ ਤਰ੍ਹਾਂ ਦੇ ਬੇਅੰਤ ਕੌਤਕਾਂ ਦੀ ਭਰਮਾਰ ਹੈ। ਅਸੀਂ ਭਾਈ ਹਰਨਾਮ ਸਿੰਘ ਬਗੁਲੀ ਵਾਲੇ ਦੀ ਹੇਠਲੀ ਟੂਕ ਨਾਲ ਸਤਿਗੁਰੂ ਜੀ ਦੇ ਸੈਨਿਕ ਜੀਵਨ ਦੇ ਵਿਲੱਖਣ ਸਮੇਂ ਦੇ ਬਿਰਤਾਂਤ ਦਾ ਹਵਾਲਾ ਦਿੰਦੇ ਹਾਂ-

"ਸੰਮਤ ਠਾਰਾਂ ਸੌ ਬਾਨਵੇਂ ਸਾਲ ਅੰਦਰ,
ਪਹੁੰਚੇ ਗੁਰੂ ਲਾਹੌਰ ਮੈਂ ਜਾਇ ਬੇਲੀ
ਕਾਬਲ ਸਿੰਘ ਨੇ ਸਤਿਗੁਰੂ ਰਾਮ ਸਿੰਘ ਦਾ,
ਦਿਤਾ ਫੌਜ ਮੈਂ ਨਾਮ ਲਿਖਾਇ ਬੇਲੀ
ਭਜਨ ਬੰਦਗੀ ਰਾਤ ਦਿਨ ਗੁਰੂ ਕਰਦੇ,
ਬਿਰਤੀ ਫੱਕਰਾਂ ਵਾਂਗ ਬਣਾਇ ਬੇਲੀ
ਓਹੀ ਸ਼ਕਲ ਸੂਰਤ ਛੌਣੀ ਵਿਚ ਰਹਿਕੇ,
ਸਦਾ ਪਰੇਟ ਕਵੈਦ ਕਰਾਇ ਬੇਲੀ
ਓਹੀ ਸ਼ਕਲ ਬਾਹਰ ਬੈਠੀ ਵਿਚ ਜੰਗਲ,
ਨਾਲ ਤਾਰ ਦੇ ਤਾਰ ਮਿਲਾਇ ਬੇਲੀ
ਖੇਲ ਖੇਲਦੇ ਰੱਬ ਭਗਵਾਨ ਦੂਲੋ,
ਮਾਨਸ ਜਨਮ ਆਕਾਰ ਮੈਂ ਆਇ ਬੇਲੀ
... ... ...
ਕਾਹਨ ਸਿੰਘ ਸੂਬੇਦਾਰ ਚੱਕ ਵਾਲਾ,
ਸਮਝ ਗਿਆ ਉਹ ਸ਼ਖਸ਼ ਦਾਨਾਇ ਬੇਲੀ
ਕਈ ਕਰਾਮਾਤੀ ਕੰਮ ਸਤਿਗੁਰਾਂ ਨੇ,
ਕੀਤੇ ਫੌਜ ਮੈਂ ਸਹਿਜ ਸੁਭਾਇ ਬੇਲੀ॥
ਮਸਤ ਸਤਿਗੁਰੂ ਰਹਿਣ ਹਰਨਾਮ ਸਿੰਘਾ,
ਚੋਜ ਲੋਕਾਂ ਨੂੰ ਰਹੇ ਦਿਖਾਇ ਬੇਲੀ।"[3]

ਫੌਜੀ ਜੀਵਨ ਵਿਚ ਸਤਿਗੁਰੂ ਜੀ ਤੇ ਸ਼ਰਧਾ ਰੱਖਣ ਵਾਲਿਆਂ ਦਾ ਵੇਰਵਾ ਬਾਹੋਵਾਲ ਜੀ ਦਿੰਦੇ ਹਨ-"ਏਤਨੇ ਕੁ ਸਿੰਘਾਂ ਨੂੰ ਭਰੋਸਾ ਹੋਇਆ ਜੋ ਇਹੋ ਪੂਰਨ ਪੁਰਖ ਹੈ—ਕਾਹਨ ਸਿੰਘ ਚੱਕ ਦਾ, ਜਮੀਤ ਸਿੰਘ ਗਿੱਲਾਂ ਕਾ, ਧਿਆਨ ਸਿੰਘ ਮਾਲਵੇ ਕਾ, ਦੂਲਾ ਸਿੰਘ ਰਾਜੇਆਣੇ ਕਾ, ਜੀਤ ਸਿੰਘ ਠਰੂ ਕਾ, ਰਾਜਾ ਸਿੰਘ ਤਰਾਂਡੀ ਕਾ।"[4]

੧੮੪੧ ਈ. ਵਿਚ ਇਕ ਫੌਜੀ ਟੁਕੜੀ ਹਜਰੋ ਸਾਹਿਬ ਪੁੱਜੀ। ਇਸ ਵਿਚ ਸਤਿਗੁਰੂ ਜੀ ਅਤੇ ਹੋਰ ਸੈਨਿਕ ਸ੍ਰੀ ਗੁਰੂ ਬਾਲਕ ਸਿੰਘ ਜੀ ਤੋਂ ਨਾ ਸਿਰਫ ਨਾਮ ਦੀ ਦਾਤ ਲੈ ਆਏ, ਸਗੋਂ ਗੁਰੂ ਬਾਲਕ ਸਿੰਘ ਜੀ ਨੇ ਦਸਵੇਂ ਪਾਤਸ਼ਾਹ ਦੀ ਜੋ ਦਾਤ ਸੰਭਾਲੀ ਹੋਈ ਸੀ, ਉਹ ਵੀ ਗੁਰੂ ਰਾਮ ਸਿੰਘ ਜੀ ਦੇ ਹਵਾਲੇ ਕਰ ਦਿੱਤੀ। ਇਸ ਨਜ਼ਾਰੇ ਨੂੰ ਤੱਕਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਸੂਬੇਦਾਰ ਕਾਹਨ ਸਿੰਘ ਵੀ ਸੀ। ਇਕ ਵੇਰ ਸਤਿਗੁਰੂ ਜੀ ਦੀ ਮਸਤਾਨੀ ਬਿਰਤੀ ਤੋਂ ਪਰੇਸ਼ਾਨੀ ਮੰਨ ਕੇ ਆਪ ਦੇ ਬਹਿਨੋਈ ਕਾਬਲ ਸਿੰਘ ਨੇ ਇਕ ਤੋਪ ਨਾਲ ਬੰਨ੍ਹ ਦਿੱਤਾ, ਸਤਿਗੁਰੂ ਜੀ ਨੂੰ। "ਏਤਨੇ ਮੇਂ ਕਾਹਨ ਸਿੰਘ ਆਇਆ। ਦੇਖਕੇ ਕਹਿਣਾ ਲੱਗਾ—ਕਾਬਲ ਸਿੰਘਾ, ਤੈਨੇ ਇਹ ਗੱਲ ਮਾੜੀ ਕੀਤੀ ਹੈ। ਤੂੰ ਤਾਂ ਆਪਣਾ ਸੈਂ, ਤੈਨੇ ਤੋਪ ਨਾਲ ਕਿਉਂ ਬੰਨ੍ਹਣੇ ਸੇ। ਤੈਨੂੰ ਇਹ ਗੱਲ ਨਾ ਚਾਹੀਦੀ ਸੀ, ਤੂੰ ਤਾ ਸਕਾ ਸੈਂ। ਕਾਹਨ ਸਿੰਘ ਨੇ ਝਟ ਪਟ ਕੁੱਲ ਰੱਸੇ ਵੱਢ ਦਿੱਤੇ।"[5] ਹਾਲਾਂਕਿ ਇਸ ਤੋਂ ਪਹਿਲਾਂ ਮਸਤਾਨੀ ਅਵਸਥਾ ਵਿਚ ਆਪ ਨੇ ਕਾਹਨ ਸਿੰਘ ਦੇ ਪੱਟ ਤੇ ਤਲਵਾਰ ਵਾਹ ਦਿੱਤੀ ਸੀ। ਪਰ ਉਹ ਇਸ ਨੂੰ ਇਕ ਖੇਡ ਹੀ ਸਮਝਦਾ ਰਿਹਾ।

ਕਾਹਨ ਸਿੰਘ ਸਤਿਗੁਰੂ ਜੀ ਦੀ, ਕਿਸੇ ਥਾਂ ਵੀ ਜਾਣ, ਫੌਜੀ ਜੀਵਨ ਸਮੇਂ ਹਜ਼ੂਰੀ ਵਿਚ ਰਹਿੰਦਾ ਸੀ ਅਤੇ ਜੇ ਉਹ ਕਿਤੇ ਧਨ ਪਦਾਰਥ ਵਰਤਾ ਆਉਂਦੇ ਤਾਂ ਕਾਹਨ ਸਿੰਘ ਉਸ ਦੀ ਵੀ ਸੰਭਾਲ ਕਰਦਾ। "ਏਕ ਫੇਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੋਨੇ ਦੇ ਕੜੇ ਦੇ ਕੇ ਲੋਹੇ ਕੇ ਲੈ ਲਏ। ਮਗਰੋਂ ਕਾਹਨ ਸਿੰਘ ਆਠ ਆਨੇ ਲੋਹੇ ਕੇ ਕੜਿਆ ਕਾ ਮੁੱਲ ਦੇ ਕੇ ਸੋਨੇ ਦੇ ਕੜੇ ਲੈ ਆਇਆ। ਸ੍ਰੀ ਸਤਿਗੁਰੂ ਜੀ ਬਚਨ ਕੀਤਾ- "ਕਾਨ੍ਹਿਆ! ਅਸੀਂ ਤਾਂ ਝੂਠ ਨੂੰ ਦੇ ਆਏ ਸੇ, ਤੂੰ ਫੇਰ ਲੈ ਆਇਆ ਹੈਂ।"[6]

ਸ੍ਰੀ ਸਤਿਗੁਰੂ ਜੀ ਦਾ ਇਸ਼ਾਰਾ "ਕੂੜ ਸੋਇਨਾ ਕੂੜ ਰੁਪਾ ਕੂੜ ਪਹਿਨਣ ਹਾਰ" ਤੁਕ ਵੱਲ ਸੀ। ਦੁਨਿਆਵੀਂ ਧਨ-ਪਦਾਰਥਾਂ ਅਤੇ ਇੰਦਰਿਆਵੀ ਸੁੱਖਾਂ ਵਿਚ, ਉਹ ਆਪਣੇ ਸਿੰਘਾਂ ਨੂੰ, ਖਚਤ ਹੁੰਦਾ ਵੇਖਣਾ, ਪਸੰਦ ਨਹੀਂ ਸਨ ਕਰਦੇ। ਕਾਹਨ ਸਿੰਘ, ਫੌਜੀ ਜੀਵਨ ਵਿਖੇ ਹੀ, ਆਪਣੇ, ਸਤਿਗੁਰੂ ਜੀ ਤੋਂ ਵੱਡੇ, ਸੈਨਿਕ ਰੁਤਬੇ ਨੂੰ ਤੁੱਛ ਜਾਣ ਕੇ, ਆਪ ਦੀ ਸੇਵਾ ਵਿਚ ਜੁੱਟਣ ਨੂੰ, ਧੰਨ ਭਾਗ ਸਮਝਦਾ ਸੀ। ਉਹ ਸਤਿਗੁਰੂ ਜੀ ਦੇ ਗੜਵਈ ਸਿੰਘ ਦੀ ਸੇਵਾ ਵੀ, ਲਾਹੌਰ ਵਿਖੇ ਨਿਭਾਉਂਦਾ ਰਿਹਾ। ਅਤੇ ਵੇਲੇ ਕੁਵੇਲੇ ਆਪ ਨੂੰ ਲੰਗਰ ਵੀ ਛਕਾਉਂਦਾ ਸੀ। ਆਪਣੀ ਮੌਜ ਵਿਚ ਰਾਤ ਲਾਹੌਰ ਤੋਂ ਚੱਲ ਕੇ ਪੱਚੀ ਕੋਹ ਤੇ ਵਾਕਿਆ ਵਿਰਕ ਜੱਟਾਂ ਦੇ ਮਸ਼ਹੂਰ ਕਸਬੇ ਚੂਹੜਕਾਣੇ ਤੱਕ ਵੀ ਕਾਹਨ



Namdhari Elibrary NamdhariElibrary@gmail.com

ਸਿੰਘ ਨੂੰ ਘੁੰਮਾ ਫਿਰਾ ਕੇ, ਸਵੇਰੇ ਫਿਰ ਹਾਜ਼ਰੀ ਦੇ ਵਕਤ ਫੌਜ ਵਿਚ ਪੁੱਜ ਜਾਂਦੇ। ਇਕ ਦਿਨ ਆਪ ਦੁਆਰਾ ਸੀਸ ਮੰਗਣ ਤੇ ਕਾਹਨ ਸਿੰਘ ਨੇ ਆਪ ਨੂੰ ਤਲਵਾਰ ਫੜਾ ਕੇ ਸਾਹਵੇਂ ਸਿਰ ਝੁਕਾ ਦਿੱਤਾ ਤਾਂ ਬੋਲਾ ਕੀਤਾ– "ਤੇਰਾ ਸੀਸ ਸਾਨੂੰ ਆ ਗਿਆ ਹੈ।" ਕਾਹਨ ਸਿੰਘ ਨਾਲ ਹੁੰਦੇ ਬਚਨਾਂ ਵਿਚ ਉਸ ਨੂੰ ਲਾਹੌਰ ਦਾ ਦੀਵਾ ਗੁੱਲ ਹੋਣ ਅਤੇ ਮਲੇਛਾਂ ਵਿਚ ਛੇਤੀ ਹੀ ਤਲਵਾਰ ਖੜਕਣ ਬਾਰੇ ਵੀ ਦੱਸਦੇ। ਮਹਾਰਾਜ ਸ਼ੇਰ ਸਿੰਘ ਨੇ ਵੀ, ਕੁਝ ਰੀਪੋਰਟਾਂ ਦੇ ਆਧਾਰ ਤੇ, ਆਪ ਨੂੰ ਸੰਗਲ ਮਰਵਾ ਦਿੱਤਾ, ਪਰ ਬਾਅਦ ਵਿਚ ਉਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ, ਤਾਂ ਸਤਿਗੁਰੂ ਜੀ ਨੂੰ ਮੁਕਤ ਕਰ ਦਿੱਤਾ। ਮੁੱਦਕੀ ਦੀ ਜੰਗ ਸਮੇਂ ਜਦੋਂ ਖਾਲਸਾ ਫੌਜਾਂ ਦਾ ਗੱਦਾਰਾਂ ਕਾਰਨ, ਬਹੁਤ ਨੁਕਸਾਨ ਹੋਇਆ, ਤਾਂ ਆਪ ਨੇ ਕਾਹਨ ਸਿੰਘ ਅਤੇ ਹੋਰ ਫੌਜੀ ਸੰਗੀਆਂ ਨੂੰ, ਇਥੋਂ ਚੱਲਣ ਦੀ ਪੇਸ਼ਕਸ਼ ਕੀਤੀ, ਪਰ ਆਪ ਨਾਲ ਹੋਰ ਕੋਈ ਸਿੰਘ ਨਾ ਤੁਰਿਆ।

ਸਿੱਖ-ਰਾਜ ਦੇ ਖਾਤਮੇ ਬਾਅਦ, ਬਾਬਾ 'ਕਾਹਨ ਸਿੰਘ ਮਲੌਟ ਗੁਫਾ ਵਿਚ ਬੈਠ ਕੇ ਭਜਨ ਕਰਨ ਲੱਗੇ।' ਬਾਹੋਵਾਲ ਜੀ ਦੇ ਸ਼ਬਦਾਂ ਵਿਚ "ਜੁੱਧ ਹੋਣੇ ਦੇ ਪਾਛੇ ਬਾਬਾ ਕਾਹਨ ਸਿੰਘ ਚੱਕ ਵਾਲਾ ਦਾ ਵੈਰਾਗੀ ਹੋ ਕੇ ਮਲੌਟ ਪਹਾੜ ਮੇਂ ਜਾਇ ਬੰਦਗੀ ਕਰਨੇ ਲੱਗਾ ਸੀ। ਫੇਰ ਕਾਂਗੜੇ ਕੇ ਪਹਾੜ ਮੇਂ ਗਿਆ। ਉਥੇ ਪੰਜਾਬ ਕੇ ਸਿਖ ਨੌਕਰ ਥੇ ਸੋ ਸੇਵਾ ਕਰਨੇ ਲਗੇ। ਏਕ ਸਿਖ ਪੱਧਰੀ ਕਾ ਥਾ, ਉਸਨੇ ਘਰ ਲਿਖ ਭੇਜਿਆ, ਇਕ ਸੰਤ ਹੈ ਬੜੀ ਬੰਦਗੀ ਕਰਦੇ ਹੈਂ। ਉਨ੍ਹਾਂ ਦਾ ਚਿਹਨ ਚੱਕਰ ਭੀ ਲਿਖ ਭੇਜਿਆ। ਕਈ ਬਰਸ ਪਹਾੜ ਮੈਂ ਰਹਿਕੇ ਬਾਬਾ ਕਾਹਨ ਸਿੰਘ ਫੇਰ ਪੰਜਾਬ ਮੇਂ ਆਇਆ। ਇਕ ਫੇਰੀ ਪੱਧਰੀ ਜਾਇ ਰਹੇ। ਉਸ ਸਿੱਖ ਦੀ ਸਿੱਖਣੀ ਨੇ ਸਿੰਞਾਣ ਲਏ ਕਿ ਇਹ ਉਹ ਬੰਦਗੀ ਕਰਨੇ ਵਾਲੇ ਸਿੰਘ ਹੈਨ। ਸੁਣ ਕੇ ਉਸਨੇ ਘਰ ਲੈ ਆਂਦੇ। ਸੇਵਾ ਟਹਿਲ ਬੜੇ ਪ੍ਰੇਮ ਨਾਲ ਕੀਤੀ। ਮਾਈ ਨੇ ਕਹਾ ਕਿ ਸਾਨੂੰ ਭਜਨ ਮਿਲੇ। ਬਾਬੇ ਕਾਹਨ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਕਾ ਨਾਮ ਦੱਸਿਆ ਤੇ ਕਹਾ 'ਰਾਮਦਾਸਪੁਰੇ ਸਾਹਿਬ' (ਸ੍ਰੀ ਭੈਣੀ ਸਾਹਿਬ ਦਾ ਸਤਿਗੁਰੂ ਰਾਮ ਸਿੰਘ ਦੁਆਰਾ ਰੱਖਿਆ ਨਾਮ) ਜਾ ਕੇ ਭਜਨ ਲੈ ਲਓ। ਉਨ੍ਹਾਂ ਨੂੰ ਹੁਕਮ ਹੈ ਭਜਨ ਦੇਣ ਦਾ, ਸਾਨੂੰ ਹੁਕਮ ਨਹੀਂ ਹੈ।"[7]

ਇਹ ਮਾਈ ਸਾਹਬੋ ਸੀ, ਪੱਧਰੀ (ਅੰਮ੍ਰਿਤਸਰ) ਵਾਲੀ, ਜੋ ਬਾਬਾ ਜੀ ਦੀ ਹਦਾਇਤ ਤੇ, ਸ੍ਰੀ ਭੈਣੀ ਸਾਹਿਬ ਪੁੱਜ ਕੇ, ਨਾਮ ਦੇ ਜਹਾਜ ਤੇ ਸਵਾਰ ਹੋਈ। ਇਸ ਮਾਈ ਦਾ, ਵੇਦਾਂਤ ਦੀ ਵਿਦਿਆ ਦਾ, ਅਹੰਕਾਰ, ਦੂਰ ਕਰਕੇ, ਸਤਿਗੁਰੂ ਜੀ ਨੇ ਇਸ ਨੂੰ ਗੁਰਮਤ ਮਾਰਗ ਦਾ ਪਾਂਧੀ ਬਣਾ ਕੇ, ਜਗਤ ਵਿਖਿਆਤ ਕਰ ਦਿੱਤਾ। ਸਤਿਗੁਰੂ ਜੀ ਦੁਆਰਾ ਸੰਤ-ਖਾਲਸਾ ਸਾਜਣ ਤੋਂ ਪਹਿਲੇ ਵਰ੍ਹੇ ੧੯੧੩ ਬਿਕ੍ਰਮੀ ਮੁਤਾਬਿਕ ੧੮੫੬ ਈ. ਵਿਚ ਹੀ, ਬਾਬਾ ਕਾਹਨ ਸਿੰਘ ਜੀ ਦਾ ਵੀ ਸ੍ਰੀ ਭੈਣੀ ਸਾਹਿਬ ਆ ਕੇ ਟਿਕਣ ਦਾ ਵੇਰਵਾ ਮਿਲਦਾ ਹੈ। ਵੈਸੇ ਆਪ ਆਪਣੀ ਮੌਜ ਵਿਚ ਮਲੌਟ ਪਹਾੜ (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਟਿਕ ਕੇ ਨਾਮ ਬਾਣੀ ਦੇ ਅਭਿਆਸ ਅਤੇ ਆਲੇ ਦੁਆਲੇ ਵਿਚ ਸਿੱਖੀ ਦਾ ਛੱਟਾ ਦੇਣ ਵਿਚ ਰੁੱਝੇ ਰਹਿੰਦੇ ਸਨ।

੧੮੫੮ ਈ. ਵਿਚ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਹਜ਼ਰੋਂ ਸਾਹਿਬ (ਜ਼ਿਲ੍ਹਾ ਅਟਕ-ਪੱਛਮੀ ਪੰਜਾਬ) ਦੀ ਯਾਤਰਾ, ਪੰਜੀ ਸਿੰਘਾਂ ਸਮੇਤ ਕੀਤੀ ਜਿਹਨਾਂ ਵਿਚ ਬਾਬਾ ਕਾਹਨ ਸਿੰਘ ਜੀ ਵੀ ਸ਼ਾਮਲ ਸਨ। ਹਜ਼ਰੋ ਸਾਹਿਬ ਵਿਚ ਇਕ ਕਿਸ਼ਨ ਸ਼ਾਹ ਨਾਮ ਦਾ ਗੁਰੂ ਬਾਲਕ ਸਿੰਘ ਜੀ ਦਾ ਸਿੱਖ ਸੀ। ਉਹ ਕਈ ਵੇਰ ਗੁਰੂ ਜੀ ਪਾਸ ਅਰਜ਼ਾਂ ਕਰ ਚੁੱਕਾ ਸੀ ਕਿ ਮੇਰੇ ਘਰ ਪਰਸ਼ਾਦਾ ਛਕੋ। ਗੁਰੂ ਬਾਲਕ ਸਿੰਘ ਜੀ ਉਸ ਨੂੰ ਕਿਹਾ ਹੋਇਆ ਸੀ ਕਿ ਜਦੋਂ ਠਾਕੁਰ ਜੀ (ਸਤਿਗੁਰੂ ਰਾਮ ਸਿੰਘ ਜੀ) ਆਉਣਗੇ ਤਾਂ ਤੇਰੇ ਘਰ ਹੀ ਪਰਸ਼ਾਦਾ ਛਕਾਵਾਂਗੇ। ਹੁਣ ਉਸ ਸਿੱਖ ਦੇ ਘਰ ਪਰਸ਼ਾਦਾ ਛਕਣ ਚੱਲੇ ਗੁਰੂ ਬਾਲਕ ਸਿੰਘ ਜੀ ਨਾਲ ਆਪ ਦਾ ਅਨਿੰਨ ਸਿੱਖ ਭਾਈ ਮੁੱਖਾ ਸੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਆਪ ਦਾ ਪਰਮ-ਸ਼ਰਧਾਲੂ ਬਾਬਾ ਕਾਹਨ ਸਿੰਘ ਸੀ। ਇਸ ਮੌਕੇ ਉਸ ਦੇਸ ਦੇ ਰਿਵਾਜ ਮੁਤਾਬਿਕ ਸੁਆਗਤ ਸਤਿਕਾਰ ਦੇ ਢੰਗ ਤੋਂ ਕਾਹਨ ਸਿੰਘ ਬਹੁਤ ਦਰਵਿਤ ਹੋਏ। ਉਨ੍ਹਾਂ ਦੀ ਨਿਰਮਾਣਤਾ, ਬਾਹੋਵਾਲ ਜੀ ਵਰਣਿਤ, ਇਸ ਪਰਸੰਗ ਵਿਚ ਇਉਂ ਝਲਕਦੀ ਹੈ–"ਪ੍ਰਸਾਦ ਬਨਣ ਲੱਗਾ। ਜਾਂ ਤਿਆਰ ਹੋਇਆ, ਗੁਰੂ ਜੀ ਪ੍ਰਸਾਦ ਛਕਣ ਗਏ, ਨਾਲ ਸੰਗਤ। ਉਸ ਦੇਸ ਕੀ ਰੀਤੀ ਹੈ, ਦਲੀਜ਼ ਦੇ ਅੰਦਰ ਬਾਹਰ ਕੱਪੜਾ ਵਿਛਾਇ ਦਿੱਤਾ। ਕਪੜੇ ਪਰ ਪੈਰ ਧਰ ਕੇ ਅੰਦਰਲੇ ਪਰ ਧਰਨਾ। ਸਤਿਗੁਰੂ ਜੀ ਅੰਦਰ ਜਾਇ ਬੈਠੇ ਹੈਂ। ਬਾਬਾ ਕਾਹਨ ਸਿੰਘ ਛਾਲ ਮਾਰਕੇ ਲੰਘ ਗਿਆ। ਕੱਪੜਿਆਂ ਪਰ ਪੈਰ ਨਾ ਧਰਿਆ। ਸਭ ਪ੍ਰਸਾਦ ਛਕ ਗਏ ਤਾਂ ਘਰ ਵਾਲੇ ਨੇ ਗੁਰੂ ਬਾਲਕ ਸਿੰਘ ਜੀ ਪਾਸ ਅਰਜ਼ ਕੀਤੀ... ਜੀ ਹੋਰ ਤਾਂ ਸਾਰੇ ਚਰਨ ਧਰ ਕੇ ਲੰਘੇ ਹੈਂ, ਬਾਬਾ ਕਾਹਨ ਸਿੰਘ ਨਹੀਂ ਲੰਘਿਆ ਹੈਂ। ਅਸੀਂ ਅਫ਼ਸੋਸ ਕਰਦੇ ਹੈ ਕਿਉਂ ਨਹੀਂ ਚਰਨ ਧਰ ਕੇ ਲੰਘੇ? ਗੁਰੂ ਜੀ ਪੁੱਛਿਆ 'ਕਾਹਨ ਸਿੰਘ ਤੂੰ ਚਰਨ ਕਿਉਂ ਨਹੀਂ ਧਰਿਆ ਹੈ' ਕਾਹਨ ਸਿੰਘ ਨੇ ਕਹਾ 'ਗੁਰੂ ਜੀ ਅਸੀਂ ਆਪਣੀ ਕਰਤੂਤ ਜਾਣਦੇ ਹਾਂ। ਸਾਰਾ ਦਿਨ ਕੰਮ ਕਰਕੇ ਘਰ ਆਉਣਾ, ਅੱਗੋਂ ਜਨਾਨੇ ਸਰੀਰਾਂ ਨੇ ਗਾਹਲਾਂ ਕੱਢਣੀਆਂ। ਆਗੇ ਤੇ ਨਾ ਬੋਲਣਾ ਤੇ ਬਾਜਰੇ ਕਾ ਦਲੀਆ ਖਾਣ ਨੂੰ ਦੇਣਾ। ਏਸ ਵਾਸਤੇ ਮੈਂ ਪੈਰ ਧਰ ਕੇ ਨਹੀਂ ਲੰਘਿਆ ਹਾਂ।' ਸਿੱਖਾਂ ਕਾ ਸੰਸਾ ਦੂਰ ਹੋਇਆ।"[8]

੧੮੬੧ ਈ. ਵਿਚ ਹਰਦੁਆਰ-ਗੰਗਾ ਦੀ ਅਰਧ ਕੁੰਭੀ ਸਮੇਂ ਯਾਤਰਾ ਵਕਤ ਭੀ ਬਾਬਾ ਕਾਹਨ ਸਿੰਘ ਗੰਗਾ ਵਿਚ ਜਾਣ ਵਾਲੇ ਸੰਗ ਵਿਚ, ਸਤਿਗੁਰੂ ਜੀ ਦੀ ਸੇਵਾ ਵਿਚ ਹਾਜ਼ਰ


Namdhari Elibrary NamdhariElibrary@gmail.com

ਸੀ। "ਕਾਹਨ ਸਿੰਘ ਕੋ ਤਾਪ ਚੜ੍ਹ ਗਿਆ। ਅਰਜ਼ ਕੀਤੀ, ਜੀ ਤਾਪ ਹੋ ਗਿਆ ਹੈ। ਬਚਨ ਕੀਤਾ ਜਲ ਪਾਓ ਸਿਰ ਵਿਚ। ਲੱਗੇ ਜੱਲ ਪੌਣ। ਘੜਿਆਂ ਕੇ ਘੜੇ ਪਾਏ। ਥਰ ਥਰ ਕੰਬਣ ਲੱਗਾ। ਕਹੇ ਜੀ ਮੈਨੂੰ ਨਹੀਂ ਹੈ ਤਾਪ।"[9]

ਗੰਗਾ ਤੋਂ ਆ ਕੇ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਦੀ ਡਿਉਢੀ ਕਰਕੇ ਜਾਣੇ ਜਾਂਦੇ ਮੁਠੱਡੇ ਪਿੰਡ ਵਿਚ ਦਰਸ਼ਨ ਦਿੱਤੇ। ਸਤਿਗੁਰੂ ਜੀ ਨੇ ਖੂਹ ਤੇ ਦੀਵਾਨ ਲਾਇਆ ਸੀ। ਇਥੋਂ ਦੇ ਕੁਝ ਸ਼ਰਾਰਤੀ ਬ੍ਰਾਹਮਣਾਂ ਨੇ ਸਲਾਹ ਕੀਤੀ ਕਿ ਜਦੋਂ ਇਹਨਾਂ ਦੀ ਪੰਗਤ ਲੱਗੇਗੀ ਹੁੱਕੇ ਦਾ ਪਾਣੀ ਸੁੱਟਾਂਗੇ। ਸਤਿਗੁਰੂ ਜੀ ਨੇ ਇਹ ਸੂਚਨਾ ਸੁਣ ਕੇ ਆਪਣੇ ਤਿੰਨ ਆਗੂ ਸਿੰਘਾਂ ਬਾਬਾ ਜਵਾਹਰ ਸਿੰਘ, ਬਾਬਾ ਕਾਹਨ ਸਿੰਘ ਤੇ ਬਾਬਾ ਸੁੱਧ ਸਿੰਘ ਨੂੰ ਭੇਜਿਆ, ਸਲੋਤਰਾਂ ਸਮੇਤ। ਇਹ ਪੁੱਛਣ ਤੇ ਕਿ ਹੁੱਕੇ ਦੇ ਪਾਣੀ ਸੁੱਟਣ ਦੀ ਕੀ ਯੋਜਨਾ ਹੈ, ਇਕ ਪੰਮੇ ਨੇ ਕਿਹਾ ਕਿ ਤੁਸੀਂ ਪਿੰਡ ਲੁੱਟਣ ਆਏ ਹੋ। ਜਿਸ ਤੇ ਬਾਬਾ ਕਾਹਨ ਸਿੰਘ ਨੇ ਉਸਨੂੰ ਸਲੋਤਰ ਨਾਲ ਸੋਧਿਆ ਅਤੇ ਕਿਹਾ ਕਿ ਲੁੱਟਣ ਵਾਲਿਆਂ ਦੀਆਂ ਤਾਂ ਅਸੀਂ ਜੜ੍ਹਾਂ ਪੁੱਟਣ ਨੂੰ ਫਿਰਦੇ ਹਾਂ। ਬਾਬਾ ਕਾਹਨ ਸਿੰਘ ਅਜਿਹੇ ਮੌਕੇ ਤੇ ਸੋਟਾ ਖੜਕਾਉਣ ਵਿਚ ਚੰਗੇ ਮਾਹਰ ਸਨ। ਬਾਦ ਵਿਚ ਸਤਿਗੁਰੂ ਜੀ ਨੇ ਪੁਲਿਸ ਦੁਆਰਾ ਪਕੜੇ ਬ੍ਰਾਹਮਣਾਂ ਨੂੰ, ਫਲੌਰ ਦੇ ਥਾਣੇ ਤੋਂ ਛੁਡਾ ਕੇ ਮਾਮਲਾ ਸ਼ਾਂਤ ਕਰ ਦਿੱਤਾ।

੧੮੬੭ ਈ. ਦਾ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਨਾਮਧਾਰੀ ਇਤਿਹਾਸ ਵਿਚ ਇਕ ਖਾਸ ਮੁਕਾਮ ਰੱਖਦਾ ਹੈ। ਇਸ ਹੋਲੇ ਲਈ ਸਤਿਗੁਰੂ ਜੀ ਨੇ ਅੰਗਰੇਜ਼ ਸਰਕਾਰ ਪਾਸ ਸੰਦੇਸ਼ ਭੇਜ ਦਿੱਤਾ ਸੀ ਕਿ ਅਸੀਂ ਇਸ ਪੁਰਬ ਤੇ ਗੁਰੂ ਅਸਥਾਨ ਦੇ ਦਰਸ਼ਨਾਂ ਲਈ ਅਨੰਦਪੁਰ ਸਾਹਿਬ ਜਾਣਾ ਹੀ ਜਾਣਾ ਹੈ, ਤੁਸੀਂ ਮਨਜ਼ੂਰੀ ਭਾਵੇਂ ਦੇਣਾ ਜਾਂ ਨਾ ਦੇਣਾ। ਕਿਉਂਕਿ ੧੮੬੩ ਈ. ਤੋਂ ੧੮੬੬ ਈ. ਤੱਕ ਸਤਿਗੁਰੂ ਜੀ ਨੂੰ, ਸ੍ਰੀ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਪਰਚਾਰ ਦੌਰਿਆਂ ਤੇ ਜਾਣ ਦੀ ਰੋਕ ਲਾਈ ਗਈ ਸੀ। ਇਸ ਹੋਲੇ ਮਹੱਲੇ ਦੇ ਪੁਰਬ ਲਈ ਸੂਬਾ ਕਾਹਨ ਸਿੰਘ ਜੀ ਨੂੰ ਮਲੋਟ (ਹੁਸ਼ਿਆਰਪੁਰ) ਵਿਖੇ ਚਿਠੀ ਭੇਜੀ ਸੀ ਕਿ ਹੋਲੇ ਤੇ ਪੁੱਜੋ। ਹੋਲੇ ਤੋਂ ਪਹਿਲਾਂ ਪਰਬੰਧ ਵਾਸਤੇ ਤਿੰਨ ਚਾਰ ਸੌ ਨਾਮਧਾਰੀ ਸਿੰਘਾਂ ਨੂੰ ਤਿੰਨਾਂ ਸੂਬਿਆਂ ਲੱਖਾ ਸਿੰਘ, ਸੁੱਧ ਸਿੰਘ ਅਤੇ ਕਾਹਨ ਸਿੰਘ ਹੋਰਾਂ ਦੀ ਅਗਵਾਈ ਵਿਚ ਭੇਜਿਆ। ਇਸ ਹੋਲੇ ਵਿਚ ੨੫ ਤੋਂ ੩੦ ਹਜਾਰ ਤੱਕ ਨਾਮਧਾਰੀ ਸੰਗਤ ਸਾਰੇ ਪੰਜਾਬ ਵਿਚੋਂ ਇਕੱਠੀ ਹੋਈ। ਵੱਡੇ ਵੱਡੇ ਪੁਲੀਸ, ਸਿਵਿਲ ਦੇ ਅਧਿਕਾਰੀ ਵੀ ਇਸ ਖਦਸ਼ੇ ਤੋਂ ਪੂਰੀ ਫੋਰਸ ਸਮੇਤ ਪੁੱਜੇ ਸਨ ਕਿ ਕਿਤੇ ਕੂਕਿਆਂ ਅਤੇ ਤਖਤ ਸਾਹਿਬ ਦੇ ਪੁਜਾਰੀਆਂ ਜਾਂ ਨਿਹੰਗ ਸਿੰਘਾਂ ਦਰਮਿਆਨ ਤਿੱਖੀਆਂ ਝੜਪਾਂ ਨਾ ਹੋ ਜਾਣ। ਸੁਚੱਜੇ ਪ੍ਰਬੰਧਕਾਂ ਦੀ ਵਜ੍ਹਾ ਕਰਕੇ, ਇਹ ਸਾਰਾ ਪ੍ਰੋਗਰਾਮ ਸਫਲਤਾ ਪੂਰਵਕ ਸਿਰੇ ਚੜ੍ਹਿਆ। ਉਚ ਅਧਿਕਾਰੀਆਂ ਨੇ ਸਤਿਗੁਰੂ ਜੀ ਨਾਲ ਮੁਲਾਕਾਤ ਕਰਕੇ ਨਾਮਧਾਰੀ ਪੰਥ ਦੇ ਅਦੁੱਤੀ ਅਨੁਸ਼ਾਸਨ ਅਤੇ ਸਤਿਗੁਰੂ ਜੀ ਅਤੇ ਆਪ ਦੁਆਰਾ ਥਾਪੇ ਸੂਬਿਆਂ ਦਾ, ਬਚਨ ਮੰਨਣ ਦੀ, ਮੁਕਤ ਕੰਠ ਨਾਲ ਪਰਸੰਸਾ ਵੀ ਕੀਤੀ। ਸਤਿਗੁਰੂ ਜੀ ਦੇ ਦੀਵਾਨ ਅਤੇ ਦਰਬਾਰ ਦੀ ਨਿਰਾਲੀ ਛਬ ਵੀ ਚਰਚਾ ਦਾ ਵਿਸ਼ਾ ਰਹੀ।

ਇਸੇ ਤਰਾਂ ੧੮੬੭ ਈ. ਦੀ ਦੀਵਾਲੀ ਦੇ ਮੌਕੇ ਤੇ ਅੰਮ੍ਰਿਤਸਰ ਵਿਖੇ, ਸ੍ਰੀ ਸਤਿਗੁਰੂ ਜੀ ਦੇ ਸੰਗਤਾਂ ਸਮੇਤ ਪਹੁੰਚਣ ਦੀ ਸੂਚਨਾ ਵੀ ਪੰਜਾਬ ਸਰਕਾਰ ਨੂੰ ਪਹੁੰਚਾਉਣ ਲਈ ਬਾਬਾ ਕਾਹਨ ਸਿੰਘ ਅਤੇ ਬਾਬਾ ਸਾਹਿਬ ਸਿੰਘ ਦੋਵੇਂ ਲਹੌਰ ਗਏ ਸਨ। ਇਸ ਗੱਲ ਦਾ ਜ਼ਿਕਰ ਕਾਹਨ ਸਿੰਘ ਹੋਰਾਂ ਦੇ ਮੈਕਨਬ ਸਾਹਮਣੇ ਬਿਆਨਾਂ ਵਿਚ ਵੀ ਮਿਲਦਾ ਹੈ ਕਿ ਉਹ ਸਤਿਗੁਰੂ ਜੀ ਦੇ ਦੌਰੇ ਦੀ ਮਨਜ਼ੂਰੀ ਲਈ, ਆਹਲਾ ਅਫਸਰਾਂ ਨੂੰ ਮਿਲਦਾ ਰਿਹਾ ਸੀ। ਕਿਉਂਕਿ ਇਸ ਇਲਾਕੇ ਵਿਚ ਸ੍ਰੀ ਸਤਿਗੁਰੂ ਜੀ ਤਿੰਨ ਚਾਰ ਸਾਲ ਦੇ ਵਕਫੇ ਬਾਅਦ ਜਾ ਰਹੇ ਸਨ, ਸੋ ਬੇਅੰਤ ਸੰਗਤ ਅਨੰਦਪੁਰ ਸਾਹਿਬ ਦੇ ਹੋਲੇ ਜਿਉਂ, ਇੱਥੇ ਵੀ ਇਕੱਠੀ ਹੋ ਗਈ ਸੀ।

ਸਤਿਗੁਰੂ ਰਾਮ ਸਿੰਘ ਜੀ ਦੀ ਛੋਟੀ ਪੁੱਤਰੀ ਬੀਬੀ ਦਇਆ ਕੌਰ ਨਾਰੰਗਵਾਲ ਦੇ ਮਤਾਬ ਸਿੰਘ ਪੁੱਤਰ ਟੇਕ ਸਿੰਘ ਨਾਲ ਵਿਆਹੀ ਸੀ। ਇਹ ਮਤਾਬ ਸਿੰਘ ਗੁਰਮਤ ਧਾਰਨ ਨਹੀਂ ਸੀ ਕਰਦਾ, ਜਿਸ ਤੇ ਬੀਬੀ ਦਇਆ ਕੌਰ ਨਾਲ ਇਸ ਦਾ ਅਕਸਰ ਤਕਰਾਰ ਰਹਿੰਦਾ ਸੀ। ਇਕ ਦਿਨ ਸ੍ਰੀ ਭੈਣੀ ਸਾਹਿਬ ਵਿਚ, ਬੀਬੀ ਦੇ ਇਹ ਕਹਿਣ ਤੇ ਕਿ ਉਹ ਜੇ ਗੁਰ-ਮਰਿਆਦਾ ਧਾਰਨ ਕਰੇ, ਤਾਂ ਉਸ ਨਾਲ ਨਾਰੰਗਵਾਲ ਜਾਏਗੀ, ਤਕਰਾਰ ਏਨਾਂ ਵਧਿਆ ਕਿ ਮਤਾਬ ਸਿੰਘ ਨੇ ਬੀਬੀ ਤੇ ਸਫਾ ਜੰਗ ਨਾਲ ਕਾਤਲਾਨਾ ਹਮਲਾ ਬੋਲ ਦਿੱਤਾ। ਬਾਬਾ ਕਾਹਨ ਸਿੰਘ ਨੇ ਬਿਧ ਹੁੰਦੇ ਵੀ ਦੋ ਸੱਟਾਂ ਖਾ ਕੇ ਉਸ ਗੱਭਰੂ ਮਤਾਬ ਸਿੰਘ ਨੂੰ ਕਾਬੂ ਕਰ ਲਿਆ—"ਬਾਬਾ ਕਾਹਨ ਸਿੰਘ ਅੱਗੇ ਹੋਇਕੇ ਫੜਨ ਲੱਗਾ, ਉਸ ਕੋ ਟਕੂਆ ਗੋਡੇ ਪਰ ਮਾਰਿਆ ਅਤੇ ਦੂਜਾ ਸਿਰ ਕੋ ਮਾਰਿਆ। ਦੋ ਸੱਟਾਂ ਖਾਇ ਕੇ ਜਾਇ ਫੜ੍ਹਿਆ ਬਾਬੇ ਕਾਹਨ ਸਿੰਘ ਨੇ। ਜੱਫੇ ਮੈਂ ਲੈ ਲਿਆ, ਹਿੱਲਣ ਨਹੀਂ ਦਿੱਤਾ। ਫੜ ਕੇ ਡੇਰੇ ਲੈ ਆਏ। ਕਾਬੂ ਕਰ ਕੇ ਸੰਗਲ ਮਾਰ ਦਿੱਤਾ ਅਤੇ ਪਹਿਰਾ ਖੜਾ ਕਰ ਦਿੱਤਾ।"[10] ਬੀਬੀ ਜ਼ਖਮਾਂ ਦੀ ਤਾਬ ਨਾ ਝੱਲਦੀ ਹੋਈ ਲੁਧਿਆਣੇ ਹਸਪਤਾਲ ਜਾ ਕੇ ਦਮ ਤੋੜ ਗਈ। ਮਤਾਬ ਸਿੰਘ ਨੂੰ ਜੁਲਾਈ ੧੮੬੮ ਈ. ਵਿਚ, ਸਰਕਾਰ ਨੇ ਮੁਕਦਮਾ ਚਲਾ ਕੇ, ਫਾਹੇ ਟੰਗ ਦਿੱਤਾ।

ਸਕਰੌਦੀ ਵਾਲੇ, ਭਾਈ ਹੀਰਾ ਸਿੰਘ ਦੇ ਪਿਤਾ ਨੇ, ਭਜਨ ਲਿਆ ਹੋਇਆ ਸੀ। ਉਸਦੇ ਸ੍ਰੀ ਭੈਣੀ ਸਾਹਿਬ ਆ ਕੇ ਸਤਿਗੁਰੂ ਜੀ ਨੂੰ, ਅਖੰਡ ਪਾਠਾਂ ਦੀ ਅਰਜ ਕਰਨ ਤੇ, ਸਤਿਗੁਰੂ ਜੀ ਨੇ



Namdhari Elibrary NamdhariElibrary@gmail.com

ਸੂਬਾ ਕਾਹਨ ਸਿੰਘ ਅਤੇ ਇਕ ਹੋਰ ਸੂਬਾ, ਨਾਲ ਪੱਚੀ ਪਾਠੀ ਦੇ ਕੇ ਭੇਜੇ ਪਟਿਆਲਾ ਵਿਚ ਸੂਬਾ ਕਾਹਨ ਸਿੰਘ ਜੀ ਦੇ ਦੀਵਾਨ ਦੀ ਨਿਰਾਲੀ ਛਬ ਦਾ ਵਰਨਣ ਸੰਤ ਇੰਦਰ ਸਿੰਘ ਚੱਕਰਵਰਤੀ ਆਪਣੇ ਮਹਾਂ-ਕਾਵਿ ਵਿਚ ਇਉਂ ਕਰਦੇ ਹਨ-

"ਹੀਰਾ ਸਿੰਘ ਜੀ ਜਾ ਵੜੇ, ਸਿਕਲੀਗਰਾਂ ਦੇ ਵਾਸ
ਜਿੱਥੇ ਬਾਬਾ ਕਾਨ੍ਹ ਸਿੰਘ, ਕਰਦੇ ਸੀ ਨਿਵਾਸ
ਵਰਖਾ ਵਰ੍ਹਦੀ ਸ਼ਬਦ ਦੀ, ਕੀਰਤਨ ਦੀ ਘਨਘੋਰ
ਆਸ਼ਕ ਸਾਦਕ ਸ਼ਬਦ ਦੇ, ਪੈਲ ਪਾਣ ਜਿਉਂ ਮੋਰ
ਬੈਠੇ ਜਾ ਦੀਵਾਨ ਵਿਚ, ਹੀਰਾ ਸਿੰਘ ਸਰਦਾਰ
ਪੈ ਰਹੀ ਗੁਰੂ-ਸ਼ਬਦ ਦੀ, ਮੱਠੀ-ਜਹੀ ਫੁਹਾਰ
ਅਰਸ਼ਾਂ ਨੂੰ ਫੜ ਫਰਸ਼ ਤੇ ਬਾਣੀ ਲੈਂਦੀ ਖਿੱਚ
ਤੀਰ ਚੱਲਣ ਗੁਰ ਸ਼ਬਦ ਦੇ, ਵੱਜਣ ਕਲੇਜੇ ਵਿਚ।"[11]

ਪਰਸੰਗ ਇਉਂ ਹੈ ਕਿ ਪਟਿਆਲੇ ਦਾ ਮਹਾਰਾਜ ਮਹਿੰਦਰ ਸਿੰਘ ਆਪਣੇ ਖਾਸ ਵਫਾਦਾਰ ਮੁਲਾਜ਼ਮਾਂ ਨੂੰ ਸੂਬਾ ਕਾਹਨ ਸਿੰਘ ਜੀ ਪਾਸ ਕੂਕਿਆਂ ਦਾ ਭਜਨ ਪੁੱਛ ਕੇ, ਆ ਕੇ ਉਸ ਨੂੰ ਦੱਸਣ ਲਈ, ਭੇਜਦਾ ਹੈ। ਪਰ ਜਿਹੜੇ ਵੀ ਆਉਂਦੇ ਹਨ, ਉਹ ਭਜਨ ਲੈਣ ਤੋਂ ਬਾਦ ਰਾਜੇ ਦੇ ਕੰਮ ਦੇ ਨਹੀਂ ਰਹਿੰਦੇ ਅਤੇ ਉਹ ਗੁਰੂ ਦੀ ਲਾਡਲੀ ਫੌਜ ਵਿਚ ਹੀ, ਸ਼ਾਮਲ ਹੋ ਜਾਂਦੇ ਹਨ। ਕਹਿੰਦੇ ਹਨ ਕਿ ਸਿੰਘਾਂ ਤੋਂ ਇਹ ਸੁਣਕੇ ਕਿ ਇਹ ਭਜਨ ਦੂਜੇ ਨੂੰ ਨਹੀਂ ਦੱਸਿਆ ਜਾਂਦਾ, ਕੰਨ ਵਿਚ ਹੀ ਦਿੱਤਾ ਜਾਂਦਾ ਹੈ। ਇਕ ਵੇਰ ਤਾਂ ਮਹਾਰਾਜਾ ਮਹਿੰਦਰ ਸਿੰਘ ਦੀ ਇੱਛਾ ਹੋਈ ਕਿ ਖੁਦ ਜਾ ਕੇ ਲੈ ਵੇਖਾਂ ਕੂਕਿਆਂ ਦਾ ਭਜਨ। ਪਰ ਕਿਉਂਕਿ ਉਹ ਨਾਬਾਲਗ ਸੀ ਰਿਆਸਤ ਦਾ ਪ੍ਰਬੰਧ ਇਕ ਕੌਂਸਲ ਕਰਦੀ ਸੀ, ਇਸ ਲਈ ਅੰਗਰੇਜ਼ਾਂ ਤੋਂ ਡਰ ਗਿਆ। ਛਿੱਥੇ ਪੈ ਕੇ ਉਸਨੇ ਰਾਤੋ ਰਾਤ ਸੂਬਾ ਕਾਹਨ ਸਿੰਘ ਨੂੰ ਤੁਰਤ ਫੁਰਤ ਪਟਿਆਲਾ ਛੱਡਣ ਦਾ ਆਦੇਸ਼ ਬੜੇ ਕੁਵੇਲੇ ਜਿਹੇ ਦਿੱਤੇ। "ਸ਼ਬਦ ਦਾ ਅੰਮ੍ਰਿਤ ਰੂਪੀ ਰਸ ਬਣਿਆ ਹੋਇਆ ਸੀ ਸੋ ਬੇ-ਰਸ ਹੋਇ ਗਿਆ।" ਕੂਕਾ ਇਤਿਹਾਸ ਦੇ ਅਮਰ ਪਾਤਰ ਭਾਈ ਹੀਰਾ ਸਿੰਘ ਸਕਰੌਦੀ, ਸ਼ਹੀਦੀ ਜਥੇ ਦਾ ਮੋਹਰੀ ਅਤੇ ਭਾਈ ਧੌਕਲ ਸਿੰਘ ਹੰਡਿਆਇਆ ਜਿਹੇ ਅਣਖੀਲੇ ਨੌਜੁਆਨ, ਪਟਿਆਲੇ ਵਿਖੇ ਹੀ ਬਾਬਾ ਕਾਹਨ ਸਿੰਘ ਜੀ ਨੇ ਸਿੱਖੀ ਮਾਰਗ ਦੇ ਪਾਂਧੀ ਬਣਾਏ ਸਨ।

ਸੂਬਾ ਜੀ ਦੇ ਜ਼ਿੰਮੇ ਜਿਹੜੇ ਇਲਾਕਿਆਂ ਵਿਚ ਪਰਚਾਰ ਦਾ ਕੰਮ ਸੀ, ਮੁੱਖ ਤੌਰ ਤੇ ਦੁਆਬਾ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਜਲੰਧਰ, ਵੈਸੇ ਮੈਨ ਦੁਆਬ, ਬਾਂਗਰ ਅਤੇ ਪੁਆਧ ਦੇ ਖਿੱਤਿਆਂ ਵਿਚ, ਰਿਆਸਤੀ ਇਲਾਕਿਆਂ ਵਿਚ ਵੀ, ਆਪ ਸਰਗਰਮ ਰਹਿੰਦੇ ਸਨ। ਬਾਹੋਵਾਲ ਜੀ ਲਿਖਦੇ ਹਨ "ਉਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਸੂਬਾ ਕਾਹਨ ਸਿੰਘ ਨੂੰ ਭਜਨ ਦੇਣ ਵਾਸਤੇ ਭੇਜਿਆ ਮੈਨ ਦਵਾਬ ਮੇਂ। ਸੂਬਾ ਕਾਹਨ ਸਿੰਘ ਚੂੰਨ੍ਹੀ ਮੈਂ ਆਇਆ, ਦੀਵਾਨ ਲੌਣਾ ਸ਼ੁਰੂ ਕੀਤਾ। ਸ਼ਬਦ ਦੀ ਧੁਨ ਸੁਣਕੇ ਕਈਆਂ ਕਾ ਸੂਤਰ ਭੀ ਨਿਕਲਨੇ ਲਗਾ। ਲੋਕ ਕਹਿੰਦੇ ਹੈਂ ਪੰਥ ਕੈਸਾ ਪ੍ਰਗਟ ਹੋਇਆ ਹੈ? ਮੰਤਰ ਸੁਣਕੇ ਲੋਕ ਖੇਡਣ ਲੱਗ ਪੈਂਦੇ ਹੈਂ। ਖ਼ਵਰੇ ਕੀ ਜਾਦੂ ਕਲਾਮ ਸੁਣਾਇ ਦੇਂਦੇ ਹੈਂ। ਸਢੌਰੇ ਵੱਲ ਜਾਇਕੇ ਬਾਬਾ ਕਾਹਨ ਸਿੰਘ ਆਇਆ। ਅੱਗੇ ਤਾਂ ਬੱਡੀ ਚੂੰਨੀ ਸਿੰਘਾਂ ਨੇ ਭਜਨ ਲਏ ਸੇ, ਫੇਰ ਛੋਟੀ ਚੂੰਨੀ ਦੇ ਭੀ ਦਲੀਲਾਂ ਕਰਦੇ ਹੈਂ ਭਜਨ ਲੈਣ ਦੀਆਂ। ਜੀਉਣ ਦਾਸ ਨੂੰ ਦ੍ਰਿਸ਼ਟਾਂਤ ਮੇਂ ਦਰਸ਼ਨ ਹੋਇਆ ਕਿ ਪਾਂਚ ਅਸਵਾਰ ਹੈਂ। ਸਿਰ ਪਰ ਖੰਡਾ ਲਿਸ਼ਕਦਾ ਹੈ। ਇਕ ਰਸਤੇ ਪਰ ਖੜ੍ਹਾ ਸੀ। ਪੁੱਛਿਆ ਕੌਣ ਹੈ? ਅੱਗੇ ਤੇ ਆਵਾਜ਼ਾ ਹੋਇਆ ਨਾ ਇਹ ਰਾਜਾ ਨਾ ਇਹ ਪਰਜਾ। ਹੋਰ ਹੀ ਪ੍ਰਗਟ ਹੋਇਆ ਹੈ। ਖੰਡੇ ਕੀ ਲਿਸ਼ਕ ਬਿਜਲੀ ਵਾਂਗ ਪੈਂਦੀ ਹੈ ਜੋ ਬਾਬੇ ਕੇ ਸੀਸ ਪਰ ਸੀ।"[12]

ਇਸ ਦੌਰੇ ਵਿਚ ਇਕ ਜਿਉਣ ਦਾਸ ਨਾਮੇ ਜੋਗਾ ਅਭਿਆਸੀ ਸਾਧੂ ਨੂੰ ਬਾਬਾ ਜੀ ਨੇ ਭਜਨ ਦਿੱਤਾ ਜੋ ਬਾਦ ਵਿਚ ਜਿਉਣ ਸਿੰਘ ਹੋਇਆ। ਇਹ ਤਿਰਕਾਲ ਦਰਸੀ ਸਾਧੂ ਉਚ ਆਤਮਕ ਮੰਡਲਾਂ ਦਾ ਵਾਸੀ ਬਣ ਗਿਆ, ਬਾਬਾ ਜੀ ਦੀ ਛੋਹ ਪਾਕੇ। ਫਿਰ ਸ੍ਰੀ ਸਤਿਗੁਰੂ ਜੀ ਦਾ ਅਨਿੰਨ ਸਿੱਖ ਬਣ ਕੇ ਵਿਚਰਿਆ।

ਸਤਿਗੁਰੂ ਰਾਮ ਸਿੰਘ ਜੀ ਨੇ ਭਾਰਤ ਦੇ ਗੁਆਂਢੀ ਮੁਲਕਾਂ, ਰੂਸ, ਅਫਗਾਨਿਸਤਾਨ ਅਤੇ ਨੇਪਾਲ ਆਦਿ ਨਾਲ ਆਪਣੇ ਕੂਟਨੀਤਕ ਸਬੰਧ ਜੋੜ ਕੇ, ਅੰਗਰੇਜ਼ ਸਰਕਾਰ ਵਿਰੁੱਧ ਵਿਆਪਕ ਵਿਊਹ ਰਚਨਾ ਦੀ ਯੋਜਨਾ ਉਲੀਕੀ ਸੀ। ਸਾਡੇ ਗੁਆਂਢੀ ਦੇਸ਼ਾਂ ਵਿਚੋਂ ਹਿੰਦੂ ਵਸੋਂ ਵਾਲਾ ਦੇਸ਼ ਹੋਣ ਕਰਕੇ ਨੇਪਾਲ ਦਾ ਮਹੱਤਵ ਸਿਆਸੀ ਤੌਰ ਤੇ ਵਧੇਰੇ ਸੀ। "ਸੰਨ ੧੮੫੭ ਦੀ ਅੰਗਰੇਜ਼ਾਂ ਦੇ ਖਿਲਾਫ ਆਜ਼ਾਦੀ ਲਈ ਲੜੀ ਗਈ ਲੜਾਈ ਪਿਛੋਂ ਨਾਨਾ ਸਾਹਿਬ, ਤਾਂਤੀਆ ਟੋਪੀ, ਨਵਾਬ ਅਬਦੁਲ ਮਜੀਦ ਖਾਂ ਲਖਨਊ ਵਾਲਾ, ਬਾਬੂ ਕੰਵਰ ਸਿੰਘ, ਬਾਬਾ ਬੰਧੂ ਸਿੰਘ ਅਤੇ ਹੋਰ ਬਹੁਤ ਸਾਰੇ ਹਿੰਦੁਸਤਾਨੀ ਭੱਜ ਕੇ ਨੇਪਾਲ ਦੀ ਹੱਦ ਵਿਚ ਚਲੇ ਗਏ। ਮਹਾਰਾਜਾ ਜੰਗ ਬਹਾਦੁਰ ਨੇ ਸਭ ਨੂੰ ਜੀਉ ਆਇਆਂ ਕਿਹਾ।... ਅੰਗਰੇਜ਼ਾਂ ਨੇ ਮਹਾਰਾਣਾ ਜੰਗ ਬਹਾਦਰ ਨੂੰ ਇਨ੍ਹਾਂ ਬਾਗੀਆਂ ਨੂੰ ਫੜਕੇ ਉਹਨਾਂ ਦੇ ਹਵਾਲੇ ਕਰਨ ਲਈ ਬੇਹੱਦ ਜ਼ੋਰ ਲਾਇਆ, ਪਰ ਜੰਗ ਬਹਾਦੁਰ ਨੇ ਐਸਾ ਕਰਨ ਤੋਂ ਹਮੇਸ਼ਾਂ ਹੀ ਨਾਂਹ ਕੀਤੀ।...

"੧੮੫੭ ਦੇ ਗ਼ਦਰ ਸਮੇਂ ਲਖਨਊ ਵਿਖੇ ਬੰਗਾਲ ਰਜਮੈਂਟ ਦੇ ਪੰਜਾਬੀ ਹਵਾਲਦਾਰ ਨੰਦ ਰਾਮ ਰਾਜਪੂਤ ਨੇ ਆਪਣੀ ਪਲਟਣ ਨੂੰ ਅੰਗਰੇਜ਼ਾਂ ਦੇ ਵਿਰੁਧ ਖੜ੍ਹੇ ਕਰਨ ਅਤੇ ਅੰਗਰੇਜ਼ ਅਫਸਰਾਂ ਨੂੰ ਮਾਰਨ ਦਾ ਸ਼ਲਾਘਾਯੋਗ ਕੰਮ ਕੀਤਾ ਸੀ।... ਇਹ ਭੀ ਭੱਜ ਕੇ ਨੇਪਾਲ ਚਲਿਆ ਗਿਆ ਸੀ। ਇਹ ਬੜਾ ਹੀ ਬਹਾਦੁਰ, ਜੋੜਾਂ ਤੋੜਾਂ ਨੂੰ ਸਮਝਣ ਵਾਲਾ ਬੰਦਾ ਸੀ। ਨਾਮਧਾਰੀ ਕਿਸ਼ਨ ਸਿੰਘ, ਦੂਜਾ ਨਾਮ ਹਰੀ ਸਿੰਘ ੧੮੬੯ ਈ. ਵਿਚ ਨੰਦ


Namdhari Elibrary NamdhariElibrary@gmail.com

ਰਾਮ ਨੂੰ ਜਾ ਮਿਲਿਆ।...

"ਗੁਰੂ ਰਾਮ ਸਿੰਘ ਜੀ ਦਾ ਨਾਮ ਸੁਣ ਕੇ ਜੰਗ ਬਹਾਦਰ ਨੇ ਆਪ ਜੀ ਨਾਲ ਸਬੰਧ ਪੈਦਾ ਕਰਨ ਦੀ ਇਛਿਆ ਜ਼ਾਹਰ ਕੀਤੀ। ਸੰਦੇਸ਼ ਪਹੁੰਚਣ ਤੇ ਆਪ ਜੀ ਨੇ ਦੋ ਉਘੇ ਅਤੇ ਸਿਆਣੇ ਨਾਮਧਾਰੀ ਸੂਬਿਆਂ (ਸੂਬਾ ਕਾਹਨ ਸਿੰਘ ਅਤੇ ਸੂਬਾ ਸਾਹਿਬ ਸਿੰਘ) ਨੂੰ ਇਕ ਜੋੜਾ ਖੱਚਰਾਂ ਦਾ ਅਤੇ ਦੋ ਮੱਝਾਂ, ਤੋਹਫੇ ਤੇ ਤੌਰ ਤੇ ਦੇ ਕੇ, ਚਾਰ ਨਾਮਧਾਰੀ ਸੇਵਾਦਾਰਾਂ ਨਾਲ ਨੈਪਾਲ ਨੂੰ ਭੇਜ ਦਿੱਤਾ।"

"ਨੈਪਾਲ ਦਰਬਾਰ ਦੇ ਕਾਇਦਿਆਂ ਅਨੁਸਾਰ ...ਪਹੁੰਚਣ ਸਾਰ ਸੂਬਿਆਂ ਦੀ ਮੁਲਾਕਾਤ ਜੰਗ ਬਹਾਦੁਰ ਦੇ ਪੁੱਤਰ ਹਜ਼ੂਰੀ ਜਨਰਲ ਟਿੱਕਾ ਬਬਰ ਜੰਗ ਨਾਲ ਕਰਵਾਈ। ਟਿਕਾ ਬੱਬਰ ਜੰਗ ਨੇ ਇਨ੍ਹਾਂ ਨੂੰ ,ਆਪਣੇ ਪਿਤਾ ਮਹਾਰਾਜ ਜੰਗ ਬਹਾਦੁਰ ਦੇ ਪੇਸ਼ ਕੀਤਾ। ਤੋਹਫਿਆਂ ਬਦਲੇ ਗੁਰੂ ਰਾਮ ਸਿੰਘ ਜੀ ਲਈ ਮਹਾਰਾਜ ਤੀਨ ਸਰਕਾਰ ਵਲੋਂ ੫੦੦ ਰੁਪੈ ਨਕਦ, ਇਕ ਕਸਤੂਰੀ ਤੇ ਸੋਨੇ ਦੀ ਮਾਲਾ, ਇਕ ਦੋਸ਼ਾਲਾ, ਇਕ ਤਿੱਬਤੀ ਘੋੜਾ ਤੇ ਦੋ ਖੋਖਰੀਆਂ ਤੋਹਫਿਆਂ ਦੇ ਤੌਰ ਤੇ ਭੇਜੀਆਂ ਗਈਆਂ। ਤੋਹਫਿਆਂ ਤੋਂ ਹੀ ਪਤਾ ਲੱਗਦਾ ਹੈ, ਕਿ ਇਹ ਵਟਾਂਦਰਾ ਬਰਾਬਰ ਦੇ ਮਿੱਤਰਾਂ ਦਾ ਵਟਾਂਦਰਾ ਸੀ। ਅਤੇ ਵਕਤ ਆਵਣ ਤੇ ਮੱਦਦ ਲੈਵਣ ਦੇਵਣ ਦਾ ਇਕਰਾਰ ਸੀ।"[13]

ਇਉਂ ਅਸੀਂ ਵੇਖਦੇ ਹਾਂ ਕਿ ਸਤਿਗੁਰੂ ਜੀ ਦਾ ਵਿਦੇਸ਼ ਵਿਭਾਗ ਜਿਹਾ ਅਹਿਮ ਕੰਮ ਸੂਬਾ ਕਾਹਨ ਸਿੰਘ ਹੋਰਾਂ ਦੇ ਜ਼ਿੰਮੇ ਸੀ ਅਤੇ ਉਨ੍ਹਾਂ ਨੂੰ ਕੂਕਾ ਦਰਬਾਰ ਦੇ ਸਫ਼ੀਰ ਜਿਉਂ ਵੀ ਆਸ ਪਾਸ ਵਿਚਰਨ ਦਾ ਮੌਕਾ ਮਿਲਦਾ ਸੀ। ਨੈਪਾਲ ਵਿਚ ਆਪ ਨੂੰ ਭੇਜੇ ਜਾਣ ਦਾ ਇਕ ਹੋਰ ਕਾਰਨ ਇਹ ਵੀ ਸੀ ਕਿ ਲਹੌਰ ਦਰਬਾਰ ਦੇ ਬਹੁਤ ਸਾਰੇ ਪੁਰਾਣੇ ਸੈਨਿਕ ਅਧਿਕਾਰੀ ਜਿਹੜੇ ਅੰਗਰੇਜ਼ਾਂ ਦੀ ਗੁਲਾਮੀ ਨਾਲ, ਆਪਣੇ ਆਪ ਨੂੰ ਇਕਸੁਰ ਨਹੀਂ ਕਰ ਪਾਏ ਸਨ, ਉਹ ਵੀ ਮਫ਼ਰੂਰੀ ਦੀ ਹਾਲਤ ਵਿਚ, ਨੈਪਾਲ ਸਰਕਾਰ ਦੇ ਸਹਿਯੋਗ ਨਾਲ ਇੱਥੇ ਟਿਕੇ ਹੋਏ ਸਨ। ਇਸ ਤਰ੍ਹਾਂ ਭਾਰਤੀ ਅਤੇ ਪੰਜਾਬੀ ਦੇਸ਼ ਭਗਤਾਂ ਦਾ ਕਾਠਮੰਡੂ ਇਕ ਵੱਡਾ ਗੜ੍ਹ ਸੀ ਅਤੇ ਸੂਬਾ ਕਾਹਨ ਸਿੰਘ ਉਹਨਾਂ ਪੰਜਾਬੀ ਸੱਜਣਾਂ ਵਿਚੋਂ ਬਹੁਤਿਆਂ ਨੂੰ ਆਪਣੀ ਸੈਨਿਕ ਨੌਕਰੀ ਦੇ ਸਮੇਂ ਦੌਰਾਨ ਹੀ ਜਾਣਦੇ ਸਨ। ਇਉਂ ਦੇਸ਼ ਆਜ਼ਾਦੀ ਦੀਆਂ ਖਿੰਡੀਆਂ ਪੁੰਡੀਆਂ ਸ਼ਕਤੀਆਂ ਨੂੰ ਇਕਜੁੱਟ ਕਰਨਾ ਵੀ ਕੂਕਾ ਅੰਦੋਲਨ ਦੇ ਏਜੰਡੇ ਉੱਤੇ ਸੀ। ਸੰਨ ੧੮੭੦-੭੧ ਦੀਆਂ ਸਰਦੀਆਂ ਵਿਚ ਨੈਪਾਲ ਗਏ ਇਸ ਕੂਕਾ ਮਿਸ਼ਨ ਤੋਂ ਅੰਗਰੇਜ਼ ਸਰਕਾਰ ਇਸ ਕਦਰ ਭੈਅਭੀਤ ਰਹੀ ਕਿ ਜਦੋਂ ਤੱਕ ਇਹ ਸਿੱਖ ਦਰਬਾਰ ਦੇ ੧੬ ਪੁਰਾਣੇ ਸਿੱਖ-ਅਧਿਕਾਰੀ ਅੰਗਰੇਜ਼ ਰੈਜੀਡੈਂਟ ਨੇ ਨੈਪਾਲ ਵਿਚੋਂ ਬਰਖਾਸਤ ਨਹੀਂ ਕਰਵਾ ਦਿੱਤੇ, ਉਹ ਟਿਕ ਕੇ ਨਹੀਂ ਬੈਠੀ।[14]

ਇਕ ਵੇਰ ਖੁਸ਼ੀ ਵਿਚ ਹੋ ਕੇ ਸ੍ਰੀ ਸਤਿਗੁਰੂ ਜੀ ਨੇ ਸੂਬਿਆਂ ਨੂੰ ਕਿਹਾ ਕਿ ਵਰ ਮੰਗ ਲਵੋ ਜੋ ਕਿਸੇ ਮੰਗਣਾ ਹੈ। ਸਾਰਿਆਂ ਨੇ ਆਪੋ ਆਪਣੇ ਫੁਰਨੇ ਦੱਸੇ। ਬਾਬਾ ਕਾਹਨ ਸਿੰਘ ਜੀ ਨੇ ਕਿਹਾ 'ਖਾਲਸਾ ਈ ਸਾਰੀ ਪ੍ਰਿਥਵੀ ਕੇ ਉਪਰ ਦਿਸੇ।' ਉਹਨਾਂ ਦੀ ਆਪਣੇ ਮੰਤਵ ਪ੍ਰਤੀ ਸਪਸ਼ਟਤਾ ਦੀ ਇਹ ਮੂੰਹ ਬੋਲਦੀ ਤਸਵੀਰ ਹੈ।

ਲੋਪੋ ਪਿੰਡ ਦੀ ਧਰਮਸ਼ਾਲਾ ਵਿਚ ਇਕ ਨਿਰਮਲਾ ਸੀ ਉਸਦੀਆਂ ਢੇਕ ਚਾਲੀਆਂ ਤੋਂ ਖਫ਼ਾ ਹੋ ਕੇ, ਸਤਿਗੁਰੂ ਜੀ ਨੇ ਉਸਨੂੰ ਸਿੰਘਾਂ ਤੋਂ ਸੋਧਾ ਲੁਆਉਣ ਦਾ ਬੋਲਾ ਕੀਤਾ-ਬਚਨ ਹੋਇਆ" ਮਾਰੋ। "ਸਿੰਘਾਂ ਨੇ ਕੁੱਟਿਆ। ਬਚਨ ਹੋਇਆ ਇਹ ਕੈਦੋ ਲੰਙਾਹੇ ਪਿੱਛੇ ਹੀਰ ਨੂੰ ਭੀ ਦੁੱਖ ਦੇਂਦਾ ਰਿਹਾ ਹੈ।" ਸਤਿਗੁਰੂ ਜੀ ਸ਼ਰਧਾਈ ਛਕ ਕੇ ਬਾਹਰ ਮੈਦਾਨ ਖੇਡਣ ਚੱਲੇ ਤਾਂ ਪਿਛੇ ਸੂਬਾ ਕਾਹਨ ਸਿੰਘ ਅਤੇ ਹੋਰ ਸੂਬੇ ਵੀ ਚੱਲੇ ਕਿ ਕੋਈ ਕਿਸ ਤਰ੍ਹਾਂ ਦਾ ਵਾਧਾ ਘਾਟਾ ਨਾਂ ਹੋਵੇ। "ਬਚਨ ਕੀਤਾ ਤੁਸੀਂ ਕਿਉਂ ਆਏ ਹੋ ਮਗਰ? ਤਿੰਨ ਫੇਰੀ ਬਚਨ ਕੀਤਾ ਤੁਸੀਂ ਮੈਨੂੰ ਅਕਾਲ ਪੁਰਖ ਕਿਉਂ ਆਖਦੇ ਹੋ? ਜੇ ਮੈਂ ਅਕਾਲ ਪੁਰਖ ਹਾਂ ਤਾਂ ਮੈਨੂੰ ਕੌਣ ਮਾਰ ਸਕਦਾ ਹੈ? ਜਾਓ ਮੁੜ ਜਾਓ। ਫੇਰ ਨਿਰਮਲੇ ਨੇ ਭੀ ਭਜਨ ਲੈ ਲਿਆ, ਸਿੰਘ ਸਜਿਆ। ਨਿਸ਼ਚਾ ਹੋਇਆ ਜੋ ਇਹ ਦਸਵੇਂ ਪਾਤਸ਼ਾਹ ਕੀ ਮੂਰਤੀ ਹੈ। ਮੂਰਖ ਲੋਕ ਕਲਾਮ ਕਹਿੰਦੇ ਹੈ।"[15]

ਸਤਿਗੁਰੂ ਜੀ ਆਪਣੇ ਸਿੰਘਾਂ ਸੂਬਿਆਂ ਨੂੰ ਸੁਕਰਮ ਮਾਰਗ ਤੇ ਪਾਉਣ ਲਈ, ਉਹਨਾਂ ਵੱਲੋਂ ਹੋਈਆਂ ਅਵੱਗਿਆਵਾਂ ਦੀ ਪੜਤਾਲ ਕਰਦੇ ਰਹਿੰਦੇ ਸਨ। ਜੇ ਕੋਈ ਮੰਨ ਜਾਵੇ ਉਹਨੂੰ ਮਾਫ਼ੀ, ਨਾ ਮੰਨੇ ਤਾਂ ਸੋਧਾ ਲਾਉਣਾ। ਸੂਬਿਆਂ ਅਤੇ ਆਪਣੇ ਪਿਆਰੇ ਸਿੰਘਾਂ ਦਾ ਲਾਡ ਨਾਲ ਮਾਪਿਆਂ ਜਿਉਂ ਅੱਧਾ ਨਾਂ ਹੀ ਲੈਂਦੇ ਸਨ। ਇਸ ਤਰ੍ਹਾਂ ਹੀ ਇਕ ਦਿਨ ਸੂਬਾ ਕਾਹਨ ਸਿੰਘ ਹੋਰਾਂ ਤੇ ਵੀ ਆਪਦੀ ਕ੍ਰਿਪਾ ਹੋਈ। ਸੂਬਾ ਜੀ ਦੀ ਨਿਰਮਾਣਤਾ ਦਾ ਰੋਚਕ ਕਿੱਸਾ ਬਾਹੋਵਾਲ ਜੀ ਅੰਕਿਤ ਕਰਦੇ ਹਨ-"ਸਤਿਗੁਰੂ ਜੀ ਬਚਨ ਕੀਤਾ ਕਾਨ੍ਹਿਆਂ ਤੈਨੂੰ ਮੈਂ ਕਿਹੜੇ ਗੁਨਾਹੋਂ ਮਾਰਿਆ ਸੀ? ਸੂਬੇ ਕਾਹਨ ਸਿੰਘ ਨੇ ਕਹਾ ਜੀ ਸਾਡੇ ਗੁਨਾਹਾਂ ਦੇ ਤਾਂ ਵੱਗਾਂ ਦੇ ਵੱਗ ਫਿਰਦੇ ਹੈਂ। ਧੁਆਡੇ ਪਸੰਦ ਖਵਰੇ ਕਿਹੜਾ ਗੁਨਾਹ ਆਇਆ ਹੈ। ਅਸੀਂ ਤਾਂ ਹਰ ਵਕਤ ਗੁਨਾਹੀ ਹੈਂ। ਏਹ ਬਚਨ ਸੁਣ ਕੇ ਓਥੇ ਹੀ ਸੋਟੀ ਧਰ ਦਿੱਤੀ।"[16]

ਆਪਣੇ ਅੰਤਰੀਵ ਮਨੋਭਾਵ ਵੀ ਸਤਿਗੁਰੂ ਜੀ, ਸੂਬਾ ਜੀ ਨਾਲ ਅਕਸਰ ਸਾਂਝੇ ਕਰਿਆ ਕਰਦੇ ਸਨ। ਸਤਿਗੁਰੂ ਜੀ ਪਰਕਿਰਤੀ ਦਰਸ਼ਨ ਵੀ ਕਰਦੇ ਸਨ। ਭਵਿਖ ਦੀਆਂ ਸਮੱਸਿਆਵਾਂ ਵੱਸੋਂ ਦੇ ਵਾਧੇ ਅਤੇ ਜ਼ਮੀਨਾਂ ਘਟਣ ਦੀਆਂ ਚਿੰਤਾਵਾਂ ਵੀ ਕਰਦੇ। ਉਹਨਾਂ ਦੀ ਸਮਝ ਅੱਜ ਦੇ ਪ੍ਰਯਾਵਰਣਵਾਦੀਆਂ ਵਾਲੇ ਫਿਕਰਾਂ ਨਾਲ ਵੀ ਭਰੀ ਰਹਿੰਦੀ,



Namdhari Elibrary NamdhariElibrary@gmail.com

ਅਤੇ ਪ੍ਰੇਮ ਹੁਲਾਸ ਤੇ ਖੇੜੇ ਦੀ ਵਾਰਤਾ ਕਰਕੇ ਵੀ ਸੰਗੀਆਂ ਸਾਥੀਆਂ ਨੂੰ ਬੁਲੰਦ ਹੌਸਲੇ ਪ੍ਰਦਾਨ ਕਰਦੇ ਚੜ੍ਹਦੀ ਕਲਾ ਵਿਚ ਰੱਖਣ ਦਾ ਵੱਲ ਵੀ ਕੋਈ ਆਪ ਜੀ ਤੋਂ ਸਿੱਖੇ। ਅਸੀਂ ਫਿਰ ਬਾਹੋਵਾਲ ਜੀ ਨੂੰ ਨਤ ਮਸਤਕ ਹੁੰਦੇ ਹਾਂ ਐਸੇ ਦ੍ਰਿਸ਼ ਜੀਵਤ ਰੱਖਣ ਲਈ-"ਰਾਤ ਕੇ ਦੀਵਾਨ ਵਿਚੋਂ ਉਠ ਕੇ ਮਦਾਨ ਖੇਡਣ ਚੱਲੇ। ਸੰਗਤ ਭੀ ਚੱਲੀ ਮਗਰ। ਗੁਰੂ ਜੀ ਬਚਨ ਕੀਤਾ ਤੁਸੀਂ ਮੈਨੂੰ ਮਦਾਨ ਭੀ ਨਹੀਂ ਜਾਣ ਦਿੰਦੇ ਹੋ। ਪਰ ਸਿੰਘਾ ਨਾਂ ਹਟੇ ਤਾਂ ਸਤਿਗੁਰੂ ਜੀ ਲਕੀਰ ਕੱਢੀ ਏਦੂੰ ਅਗੇ ਕੋਈ ਨਾ ਆਵੇ। ਜਲ ਕਾ ਗੜਵਾ ਕਾਹਨ ਸਿੰਘ ਕੋ ਫੜਾਇ ਦੀਆ। ਅੱਗੇ ਗਏ ਤਾਂ ਦੂਆ ਪਿੰਡ ਨੇੜੇ ਆਇ ਗਿਆ। ਗੁਰੂ ਜੀ ਬਚਨ ਕੀਤਾ ਕਾਹਨ ਸਿੰਘ! ਐਤਨੀ ਦੁਨੀਆਂ ਔਂਦੀ ਹੈ, ਸੁਚੇਤੇ ਜਾਣ ਨੂੰ ਜਗਾ ਨਹੀਂ ਹੈ, ਗਊਆਂ ਕੇ ਵਾਸਤੇ ਕੀ ਰਹਿਣੀ ਹੈ। ਖਲਕਤ ਬਹੁਤ ਵੱਧ ਗਈ ਹੈ। ਕੋਈ ਸਮਾਂ ਐਸਾ ਆਵੇਗਾ ਬਾਰ੍ਹੀਂ ਕੋਹੀ ਦੀਵਾ ਜਲੇਗਾ। ਕਾਲ ਬਹੁਤ ਪਵੇਗਾ। ਗੁਰੂ ਜੀ ਬਚਨ ਕੀਤਾ, "ਕਾਹਨ ਸਿੰਘ! ਦੇਖ ਗੁਰੂ ਜੀ ਕਾ ਪਰਤਾਪ ਕੈਸਾ ਹੈ। ਜਗਾ ਪਰ ਜਗਾ ਸ਼ਬਦ ਕੀ ਧੁਨ ਸੁਣੀ ਹੈ। ਬਹੁਤ ਚਿਰ ਤਕ ਸੁਣਦੇ ਰਹੇ ਖੜੇ। ਬਚਨ ਕੀਤਾ ਜੈਸੇ ਕ੍ਰਿਸ਼ਨ ਨੇ ਮੁਰਲੀ ਵਜਾਈ ਸੀ, ਸਭ ਮੋਹੀ ਸੀ ਧਰਤੀ, ਤਿਸੀ ਤਰ੍ਹਾਂ ਇਹ ਸਰੀਰ ਬੰਸਰੀ ਕੀ ਤਰ੍ਹਾਂ ਹੈ। ਜੋ ਦਰਸ਼ਨ ਕਰੇਗਾ ਸੋ ਮੋਹਿਆ ਜਾਏਗਾ।"[17]

ਇਸ ਪਰਕਾਰ ਕੂਕਾ ਅੰਦੋਲਨ ਸਤਿਗੁਰੂ ਜੀ ਦੀ ਅਗਵਾਈ ਵਿਚ ਦਿਨ ਦੋਗੁਣੀ ਅਤੇ ਰਾਤ ਚੌਗੁਨੀ ਤਰੱਕੀ ਕਰ ਰਿਹਾ ਸੀ। ਸੂਬਾ ਜੀ ਵੱਖੋ ਵਖਰੀਆਂ ਥਾਵਾਂ ਤੇ ਤੁਰ ਫਿਰ ਕੇ ਵੀ ਅਤੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਹਿ ਕੇ ਵੀ ਨਾਮਧਾਰੀ ਪੰਥ ਦੇ ਪਰਚਾਰ ਪਰਸਾਰ ਵਿਚ ਹਿੱਸਾ ਪਾ ਰਹੇ ਸਨ। ਅੰਗਰੇਜ਼ ਸਰਕਾਰ ਦੀ ਸ਼ਹਿ ਤੇ ਖੁੱਲ੍ਹੇ ਬੁੱਚੜਖਾਨਿਆਂ ਨੂੰ ਰੋਕਣ ਵਾਸਤੇ ਨਾਮਧਾਰੀ ਸਿੰਘਾਂ ਨੇ ਸਿਰਾਂ ਧੜਾਂ ਦੀਆਂ ਬਾਜ਼ੀਆਂ ਲਾ ਦਿੱਤੀਆਂ। ਅੰਮ੍ਰਿਤਸਰ, ਰਾਇਕੋਟ, ਲੁਧਿਆਣਾ ਦੇ ਸ਼ਹੀਦੀ ਸਾਕੇ ਵਾਪਰਨ ਬਾਅਦ ਮਲੇਰਕੋਟਲੇ ਦਾ ਮਹਾਂ ਦੁਖਾਂਤ ਵਾਪਰਿਆ, ੧੭-੧੮ ਜਨਵਰੀ ੧੮੭੨ ਈ. ਨੂੰ, ਜਦੋਂ ੬੫ ਸਿੰਘਾਂ ਨੂੰ ਤੋਪਾਂ ਨਾਲ ਉਡਾ ਕੇ ਅਤੇ ਬਾਲਕ ਬਿਸ਼ਨ ਸਿੰਘ ਨੂੰ ਤਲਵਾਰ ਨਾਲ ਸ਼ਹੀਦ ਕਰ ਦਿੱਤਾ ਗਿਆ ਸੀ। ਡੀ. ਸੀ. ਕਾਵਨ ਨੇ ੧੬ ਜਨਵਰੀ ਨੂੰ ਮਲੌਦ ਦੀ ਘਟਨਾ ਦੀ ਸੂਚਨਾ ਬਾਦ, ਸਤਿਗੁਰੂ ਜੀ ਨੂੰ ਪ੍ਰਮੁੱਖ ਸੂਬਿਆਂ ਸਮੇਤ, ਉੱਥੇ ਸੱਦ ਭੇਜਿਆ। ਪਰ ਫਿਰ ਮਲੇਰਕੋਟਲੇ ਤੇ ੧੬ ਜਨਵਰੀ ਦੀ ਸਵੇਰ ਨੂੰ ਹਮਲੇ ਦੀ ਸੂਚਨਾ ਮਿਲਦਿਆਂ, ਕਾਵਨ ਉਧਰ ਤੁਰ ਗਿਆ, ਸਤਿਗੁਰੂ ਜੀ ਨੂੰ ਇਹ ਕਹਿ ਕੇ ਕਿ ਤੁਹਾਨੂੰ ਦੁਬਾਰਾ ਸੱਦਾਂਗੇ। ਸਤਿਗੁਰੂ ਜੀ ਮਲੌਦ ਤੋਂ ਚੱਲ ਕੇ ੧੬ ਜਨਵਰੀ ਨੂੰ ਹੀ ਸਿਆਹੜ ਬੇਲਾ ਸਿੰਘ ਨਾਮਧਾਰੀ ਦੇ ਘਰ ਠਹਿਰ ਗਏ ਅਤੇ ੧੭ ਜਨਵਰੀ ਬਾਦ ਦੁਪਹਿਰ ਤੱਕ ਉੱਥੇ ਹੀ ਰਹੇ ਜਦੋਂ ਸਿੰਘਾਂ ਨੂੰ ਤੋਪਾਂ ਨਾਲ ਉਡਾਉਣਾ ਸ਼ੁਰੂ ਕੀਤਾ ਗਿਆ ਤਾਂ ਆਪ ਸਿਆਹੜ ਹੀ ਸਨ। "ਕਾਹਨ ਸਿੰਘ ਨੂੰ ਬਚਨ ਕੀਤਾ ਸਤਿਗੁਰੂ ਜੀ ਦੇਖ ਤਾਂ ਤੋਪ ਭਰਮਾਰ ਹੈ? ਜਾਂ ਅਵਾਜ਼ਾ ਸੁਣਿਆ ਤਾਂ ਕਹਿਣੇ ਲੱਗਾ ਤੋਪ ਭਰਮਾਰ ਹੈ (ਭਾਵ ਆਦਮਖਾਣੀ ਹੈ)। ਸਤਿਗੁਰੂ ਜੀ ਬਚਨ ਕੀਤਾ ਸਿੰਘ ਚੜ੍ਹ ਗਏ ਹੈ ਨਹੀਂ ਤਾਂ ਬੇਸਿਦਕ ਹੋਣਾ ਪੈਂਦਾ, ਹੁਣ ਚੰਗਾ ਹੋਇਆ। ਬਚਨ ਹੋਇਆ ਦੋਇ ਸ਼ਸਤਰ ਹੈ। ਇਕ ਤਾਂ ਨੀਵਾਂ ਹੋਇ ਜਾਣਾ, ਦੂਜਾ ਏਹੁ ਹੈ ਜੋ ਹਾਥ ਮੈਂ ਆਇ ਜਾਏ ਭਾਵੇਂ ਫਿੱਤਰ ਹੀ, ਤਾਂ ਅੱਗੇ ਨੂੰ ਜਾਏ ਪਿੱਛੇ ਨਾਂ ਮੁੜੇ। ਅੱਗੇ ਨੂੰ ਜਾਣਾ ਸੂਰਮੇ ਦਾ ਧਰਮ ਹੈ, ਪਰ ਨਿਮਖੀ ਕਾ ਸ਼ਸਤਰ ਬਡਾ ਹੈ।"[18]

ਹੁਣ ਸਰਕਾਰ ਨੂੰ ਸਤਿਗੁਰੂ ਜੀ ਤੇ ਹੱਥ ਪਾਉਣ ਦਾ ਜਿਸ ਦੀਆਂ ਸਕੀਮਾਂ ਉਹ ੧੮੬੩ ਈ. ਤੋਂ ਬਣਾ ਰਹੀ ਸੀ, ਬਹਾਨਾ ਮਿਲ ਗਿਆ ਅਤੇ ਲੰਮੀ ਸੋਚ ਵਿਚਾਰ ਬਾਅਦ ੧੮੧੮ ਦੇ ਬੰਗਾਲ ਰੈਗੂਲੇਸ਼ਨ ਐਕਟ ਦੀ ਧਾਰਾ ੩ ਦੇ ਤਹਿਤ, ਸ੍ਰੀ ਸਤਿਗੁਰੂ ਜੀ ਅਤੇ ਪ੍ਰਮੁੱਖ ਸੂਬਿਆਂ ਨੂੰ ਸ੍ਰੀ ਭੈਣੀ ਸਾਹਿਬ ਜਾਂ ਹੋਰ ਸਥਾਨਾਂ ਤੋਂ ਗਿਰਫਤਾਰ ਕਰ ਕੇ ਅਲਾਹਾਬਾਦ ਦੇ ਕਿਲੇ ਵਿਚ ਦੂਹਰੀ ਗਾਰਦ ਦੀ ਨਿਗਰਾਨੀ ਹੇਠ ਭੇਜ ਦਿੱਤਾ। ਅੰਗਰੇਜ਼, ਗਊ ਘਾਤ ਬੰਦ ਕਰਵਾਉਣ ਲਈ, ਕੂਕਿਆਂ ਦੁਆਰਾ ਕੀਤੀ ਗਈ ਕਿਸੇ ਵੀ ਹਿੰਸਕ ਕਾਰਵਾਈ ਨੂੰ, ਸਿੱਖ ਰਾਜ ਦੀ ਸਥਾਪਨਾ ਵੱਲ, ਪੁੱਟਿਆ ਗਿਆ ਪਹਿਲਾ ਕਦਮ ਸਮਝਦੇ ਸਨ, ਜਿਸ ਦੇ ਝਲਕਾਰੇ ਸਰਕਾਰੀ ਲਿਖਤਾਂ ਵਿਚ ਥਾਂ ਪਰ ਥਾਂ ਪੈਂਦੇ ਹਨ। ਸਤਿਗੁਰੂ ਜੀ ਨੂੰ ੧੮ ਜਨਵਰੀ ਨੂੰ ਵੱਡੇ ਤੜਕੇ, ਚਾਰ ਵਜੇ ਅਲਾਹਾਬਾਦ ਲਈ ਗੱਡੀ ਤੇ ਬੈਠਾ ਦਿੱਤਾ ਗਿਆ ਸੀ ਅਤੇ ਸੂਬਾ ਕਾਹਨ ਸਿੰਘ ਅਤੇ ਬਾਕੀ ਪ੍ਰਮੁਖ ਸੂਬਿਆਂ ਨੂੰ ਸਵੇਰ ਦੀ ਗੱਡੀ ਅਲਾਹਾਬਾਦ ਤੋਰ ਦਿੱਤਾ ਗਿਆ। ਕਮਿਸ਼ਨਰ ਮੈਕਨਬ ਨੇ ਇੱਥੇ ਸੂਬਿਆਂ ਦੇ ਬਿਆਨ ਕਲਮ ਬੰਦ ਕੀਤੇ ਜਦੋਂ ਸਤਿਗੁਰੂ ਜੀ ਤਾਂ ਰੰਗੂਨ ਭੇਜੇ ਜਾ ਚੁੱਕੇ ਸਨ। ੨੩ ਅਪ੍ਰੈਲ ੧੮੭੨ ਈ. ਨੂੰ ਮੈਕਨਬ ਦੇ ਸਾਹਮਣੇ ਸੂਬਾ ਕਾਹਨ ਸਿੰਘ ਦਾ ਬਿਆਨ ਇਉਂ ਦਰਜ ਹੋਇਆ-"(੪) ਕਾਹਨ ਸਿੰਘ ਉਰਫ ਨਿਹੰਗ ਸਿੰਘ ਉਮਰ ੬੦ ਸਾਲ ਜਾਤੀ ਜੱਟ ਅਤੇ ਵਾਸੀ ਚੱਕ-ਰਿਆਸਤ ਮਲੇਰਕੋਟਲਾ।

"ਜਦੋਂ (ਸਤਿਗੁਰੂ) ਰਾਮ ਸਿੰਘ ਨੌਨਿਹਾਲ ਸਿੰਘ ਦੀ ਰੈਜੀਮੈਂਟ ਵਿਚ ਸਿਪਾਹੀ ਸੀ, ਮੈਂ ਹਵਾਲਦਾਰ ਸਾਂ ਅਤੇ ਬਰਿਗੇਡ ਮੇਜਰ ਮੈਕਸਨ ਦੇ ਨਾਲ ਡਿਊਟੀ ਦਿੰਦਾ ਸਾਂ। (ਮਹਾਰਾਜਾ) ਸ਼ੇਰ ਸਿੰਘ ਦੇ ਸਮੇਂ ਸੰਬਤ ੧੮੯੮ ਬਿਕ੍ਰਮੀ (੧੮੪੧ ਈ.) ਵਿਚ ਬਾਬਾ ਬਾਲਕ ਸਿੰਘ ਹਜਰੋ ਵਾਲੇ ਨੇ ਮੈਨੂੰ ਅਤੇ (ਗੁਰੂ) ਰਾਮ ਸਿੰਘ (ਜੀ) ਨੂੰ ਨਾਮਦਾਨ ਦੇ ਕੇ ਕੂਕਾ ਬਣਾਇਆ ਸੀ। ਰਾਵਲਪਿੰਡੀ (੧੮੪੯) ਵਿਚ ਜਦੋਂ ਸਿੱਖ ਸੈਨਾ ਨੇ ਹਥਿਆਰ ਸੁੱਟੇ ਸਨ, ਮੈਂ ਉਦੋਂ ਫੌਜੀ ਨੌਕਰੀ ਛੱਡ ਦਿੱਤੀ ਸੀ।

ਜਦੋਂ (ਗੁਰੂ) ਰਾਮ ਸਿੰਘ ਨੂੰ (੧੮੬੩ ਈ. -੬੬ ਈ.)



Namdhari Elibrary NamdhariElibrary@gmail.com

ਭੈਣੀ ਸਾਹਿਬ ਵਿਚ ਨਜ਼ਰਬੰਦ ਕੀਤਾ ਸੀ ਤਾਂ ਮੈਂ (ਲੈਫਟੀਨੈਂਟ ਗਵਰਨਰ) ਮੈਕਲੌਡ ਸਾਹਿਬ ਪਾਸ ਗਿਆ ਸਾਂ ਅਤੇ ਉਸ ਨੂੰ ਕਿਹਾ ਸੀ ਕਿ ਬਾਬਾ (ਸਤਿਗੁਰੂ ਰਾਮ ਸਿੰਘ) ਜੀ ਵਲੋਂ ਅਨੰਦ ਕਾਰਜਾਂ ਅਤੇ ਪਾਠ ਪੂਜਾ ਦੇ ਅਵਸਰਾਂ ਤੇ ਨਾ ਜਾ ਸੱਕਣ ਕਰਕੇ ਲੋਕ (ਨਾਮਧਾਰੀ ਸੰਗਤ) ਵੱਡੀ ਮੁਸ਼ਕਿਲ ਵਿਚ ਹੈ। ਬਾਬਾ ਨੈਣਾ ਸਿੰਘ (ਨਿਹੰਗ) ਦੇ ਚੇਲਿਆਂ ਵਾਲੀ ਗੜਬੜ ਵਿਚ ਮੈਂ ਸ਼ਾਮਲ ਨਹੀਂ ਸਾਂ। ਮੈਂ ਉਸ ਸਮੇਂ ਆਪਣੀ ਰੈਜੀਮੈਂਟ ਵਿਚ ਸਾਂ। ਮੈਂ ਅਤੇ (ਸੂਬਾ) ਸਾਹਿਬ ਸਿੰਘ ਨੈਪਾਲ ਮੱਝਾਂ ਅਤੇ ਖੱਚਰਾਂ ਵੇਚਣ ਗਏ ਸਾਂ..."ਅੰਮ੍ਰਿਤਸਰ ਦੇ ਕਤਲਾਂ ਵੇਲੇ ਮੈਂ ਹੁਸ਼ਿਆਰਪੁਰ ਸਾਂ ਅਤੇ ਜ਼ੇਰ-ਇ-ਨਿਗਰਾਨੀ ਰੱਖਿਆ ਗਿਆ ਸਾਂ। ਰਾਇਕੋਟ ਕਤਲਾਂ ਵੇਲੇ ਪੁਲਿਸ ਦੇ ਹੁਕਮਾਂ ਹੇਠ ਸਾਂ ਕਿ ਤੂੰ ਹੁਸ਼ਿਆਰਪੁਰ ਵਿਚ ਘੁੰਮਣਾ ਫਿਰਨਾ ਨਹੀਂ ਹੈ।" ਮੈਂ ਇਕ ਹਵਾਲਦਾਰ ਅਤੇ ਹੁਸ਼ਿਆਰਪੁਰ ਪੁਲਿਸ ਦੇ ੧੫ ਸਿਪਾਹੀ ਕੂਕੇ ਬਣਾਏ ਹਨ। ਹਰਨੀਆਂ ਰੋਗ ਪੀੜਿਤ ਹੋਣ ਕਾਰਨ ਮੈਂ ਤੁਰ ਫਿਰ ਨਹੀਂ ਸਕਦਾ। ਮੈਂ ਮਰੋੜਾਂ ਦਸਤਾਂ ਤੋਂ ਵੀ ਪਰੇਸ਼ਾਨ ਰਹਿੰਦਾ ਹਾਂ।

"ਨੋਟ- ਇਸ ਬੰਦੇ ਤੋਂ ਕੋਈ ਵੀ ਗੱਲ ਉਗਲਾਉਣ ਵਿਚ ਮੈਨੂੰ ਵਡੀ ਮੁਸ਼ਕਿਲ ਪੇਸ਼ ਆਈ ਹੈ। ਉਹ ਬਹੁਤ ਚਲਾਕ ਵਿਅਕਤੀ ਹੈ-ਅਮੂਮਨ ਉਸੇ ਤਰ੍ਹਾਂ ਦਾ ਜਿਵੇਂ ਦਾ (ਸੂਬਾ) ਲੱਖਾ ਸਿੰਘ ਹੈ- ਪਰ (ਸੂਬਾ) ਸਾਹਿਬ ਸਿੰਘ ਜਿੰਨਾਂ ਬੁੱਧੀਮਾਨ ਨਹੀਂ ਹੈ।

ਰਾਇ

ਕਾਹਨ ਸਿੰਘ ਬਹੁਤ ਪ੍ਰਭਾਵਸ਼ਾਲੀ ਵਜ਼ਨਦਾਰ ਵਿਅਕਤੀ ਹੈ, (ਸਰਦਾਰ) ਮੰਗਲ ਸਿੰਘ ਨੂੰ ਜੇ ਪਾਸੇ ਛੱਡੀਏ ਤਾਂ ਸੂਬਿਆਂ ਵਿਚੋਂ ਤੀਜਾ ਮਹੱਤਵਪੂਰਨ ਸੂਬਾ ਹੈ (ਪਹਿਲਾ ਨੰਬਰ ਨਿਸ਼ਚੇ ਹੀ ਮੈਕਨਬ ਸਾਹਿਬ ਸਿੰਘ ਹੋਰਾਂ ਨੂੰ ਦਿੰਦਾ ਹੈ) ਮੈਂ ਉਹਨੂੰ ਤਾਉਮਰ ਬਨਬਾਸ ਵਿਚ ਹੀ ਰੱਖਣਾ ਚਾਹਾਂਗਾ।"[19]

ਅਪ੍ਰੈਲ ੧੮੭੨ ਵਿਚ ਕੂਕਾ ਬੰਦੀਆਂ ਦੇ ਮੁਆਮਲੇ ਵਿਚ ਲੁਧਿਆਣਾ ਦੇ ਮੈਜਿਸਟਰੇਟ ਸੀ. ਬੀਦਨ ਨੇ ਵੀ ਗਵਾਹੀਆਂ ਕਲਮਬੰਦ ਕੀਤੀਆਂ। ਜੰਡਿਆਲਾ ਦੇ ਲੰਬੜਦਾਰ ਪਰਤਾਪ ਸਿੰਘ ਨੇ ਕਿਹਾ ਕਿ ਸੂਬਾ ਜਿਹਨਾਂ ਦਾ ਨਾਂ ਲਿਆ ਗਿਆ ਹੈ, ਮੈਂ ਉਹਨਾਂ ਵਿਚੋਂ ਚਹੁੰਆਂ ਸਾਹਿਬ ਸਿੰਘ, ਲੱਖਾ ਸਿੰਘ, ਮੰਗਲ ਸਿੰਘ ਅਤੇ ਕਾਹਨ ਸਿੰਘ ਨੂੰ ਜਾਣਦਾ ਹਾਂ। "(ਗੁਰੂ) ਰਾਮ ਸਿੰਘ ਦੇ ਨਾਲ ਦਰੀ ਤੇ ੧੦-੧੧ ਜਣੇ ਬੈਠੇ ਸਨ, ਚਾਰ ਜਿਹਨਾਂ ਦਾ ਮੈਂ ਨਾਂ ਲਿਆ ਹੈ ਅਤੇ ਬਾਕੀ ਵੀ ਨਿਸ਼ਚੇ ਹੀ ਉਹਨਾਂ ਦੇ ਸੂਬੇ ਹੋਣਗੇ। ਕਿਉਂਕਿ ਸੂਬੇ ਹੀ ਉਹਨਾਂ ਨਾਲ ਵਿਛਾਉਣੇ ਤੇ ਬੈਠਦੇ ਸਨ। ਅਤੇ ਇਹ ਚਾਰੇ ਸੂਬੇ ਅਕਸਰ ਇਹ ਕਹਿੰਦੇ ਸੁਣੀਂਦੇ ਸਨ ਕਿ ਛੇਤੀ ਹੀ ਕੂਕਿਆਂ ਦਾ ਰਾਜ ਹੋ ਜਾਏਗਾ। ਜਿਹੜੇ ਉਹਨਾਂ ਨਾਲ ਰਲਣਗੇ ਉਹਨਾਂ ਨੂੰ ਭੂਮੀ ਅਤੇ ਜਗੀਰਾਂ ਮਿਲਣਗੀਆਂ ਅਤੇ ਜਿਹੜਾ ਚੇਤ ਲੰਘਿਆ ਹੈ , ਇਸ ਵਿਚ ਇਹ ਸਭ ਕੁਝ ਵਾਪਰ ਜਾਣਾ ਸੀ (ਜੇ ਮਸਤਾਨਾ ਦਲ ਸ਼ਹੀਦੀ ਸਾਕੇ ਨਾ ਵਰਤਾਉਂਦਾ)।[20]

ਭੈਣੀ ਸਾਹਿਬ ਦਾ ਘੁਮੰਡਾ ਲੰਬੜਦਾਰ ਜੋ ਲੋਕ ਗੀਤਾਂ ਵਿਚ ਵੀ ਕੁਖਿਆਤ ਹੋ ਗਿਆ ਹੈ-

"ਕੀੜੇ ਪੈਣ ਘੁਮੰਡਿਆ ਤੇਰੇ/ਮੁਖਬਰ ਗੋਰਿਆਂ ਦਾ।

"ਪੁਤ ਮਰਨ ਘੁਮੰਡਿਆ ਤੇਰੇ/ਸਿਆਪੇ ਵਿਚ ਬੋਲ ਰਹੀ।"

ਉਹ ਆਪਣੀ ਗਵਾਹੀ ਵਿਚ ਦੱਸਦਾ ਹੈ-"ਇਹ ਸਾਰੇ ਹੀ ੧੧ ਸੂਬੇ, ਮਾੜੇ ਚਾਲ ਚਲਣ ਵਾਲੇ ਬੰਦੇ ਹਨ। ਬਗਾਵਤ ਦਾ ਪਰਚਾਰ ਕਰਨਾ ਉਹਨਾਂ ਦਾ ਆਮ ਧੰਦਾ ਹੈ ਅਤੇ ਛੇਤੀ ਹੀ ਆਉਣ ਵਾਲੇ ਸੰਭਾਵਿਤ ਕੂਕਾ ਰਾਜ ਦੀ ਆੜ ਵਿਚ ਉਹ ਲੋਕਾਂ ਨੂੰ ਕੂਕੇ ਬਣਾ ਰਹੇ ਹਨ।...ਇਹਨਾਂ ੧੧ ਸੂਬਿਆਂ ਵਿਚੋਂ ਲੱਖਾ ਸਿੰਘ, ਕਾਹਨ ਸਿੰਘ, ਜਵਾਹਰ ਸਿੰਘ, ਮੰਗਲ ਸਿੰਘ ਅਤੇ ਪਹਾੜਾ ਸਿੰਘ ਸਭ ਤੋਂ ਭੈੜੇ ਹਨ। ਉਹ ਸਾਰੇ ਖਤਰਨਾਕ ਹਨ ਅਤੇ ਛੱਡੇ ਨਹੀਂ ਜਾਣੇ ਚਾਹੀਦੇ।"[21]

ਭੈਣੀ ਸਾਹਿਬ ਦੇ ਗੁਆਂਢੀ ਪਿੰਡ ਕਟਾਣੀ ਕਲਾਂ ਦੇ ਭੋਲਾ ਪੁੱਤਰ ਬਗਲਾ, ਜੱਟ ਦਾ ਬਿਆਨ ਹੈ ਕਿ ਸੂਬੇ ਹਾਕਮਾਂ ਨੂੰ ਦੁਸ਼ਟ ਕਹਿੰਦੇ ਸਨ। (ਸਤਿਗੁਰੂ) ਰਾਮ ਸਿੰਘ ਦਾ ਰਾਜ ਕਾਇਮ ਹੋਣ ਤੇ ਉਸਦੇ ਸੂਬਿਆਂ ਨੂੰ ਵੱਖ ਵੱਖ ਇਲਾਕਿਆਂ ਦੇ ਗਵਰਨਰ ਬਣਾ ਦਿੱਤਾ ਜਾਏਗਾ। ਮੰਗਲ ਸਿੰਘ ਨੂੰ ਪਟਿਆਲੇ ਦਾ ਵਾਅਦਾ ਕੀਤਾ ਹੈ। ਕੂਕੇ ਸੂਬੇ ਖੁੱਲ੍ਹਮ ਖੁੱਲ੍ਹਾ ਲੋਕਾਂ ਨੂੰ ਕਹਿੰਦੇ ਹਨ ਕਿ (ਗੁਰੂ) ਰਾਮ ਸਿੰਘ ਨੇ ਬਹੁਤ ਜਲਦੀ ਹੀ ਕਲਕੱਤੇ ਤੋਂ ਗ਼ਜ਼ਨੀ ਤੱਕ ਫੈਲੇ ਦੇਸ਼ ਤੇ ਰਾਜ ਕਰਨਾ ਹੈ। ਉਹ ਕੂਕੇ ਬਨਣ ਵਾਲਿਆਂ ਨੂੰ ਵੱਡੇ ਔਹਦਿਆਂ ਤੇ ਜਗੀਰਾਂ ਦੇ ਵਾਅਦੇ ਕਰ ਰਹੇ ਹਨ। ਅਤੇ ਉਹਨਾਂ ਨੂੰ ਸਖ਼ਤ ਸਜ਼ਾਵਾਂ ਦੀ ਧਮਕੀ ਵੀ ਦਿੰਦੇ ਹਨ ਜੋ ਕੂਕੇ ਨਹੀਂ ਬਨਣਗੇ। ਕੂਕੇ ਨਾ ਬਨਣ ਵਾਲੇ ਪਿੰਡਾਂ ਨੂੰ ਤਬਾਹ ਕਰ ਦਿੱਤਾ ਜਾਏਗਾ ਅਤੇ ਉਹਨਾਂ ਪਿੰਡਾਂ ਤੇ ਭਾਰੀ ਭੂਮੀ ਕਰ ਲੱਗਾ ਦਿੱਤਾ ਜਾਏਗਾ।... ਇਹਨਾਂ ਮੀਟਿੰਗਾਂ ਵਿਚ ਕੂਕਿਆਂ ਦੀ ਗਿਣਤੀ ੪,੩੨,੦੦੦ ਅੰਗੀ ਜਾਂਦੀ ਹੈ।"[22]

ਹੁਸ਼ਿਆਰਪੁਰ ਜ਼ਿਲ੍ਹਾ ਕਿਉਂਕਿ ਮੁੱਖ ਤੌਰ ਤੇ ਸੂਬਾ ਕਾਹਨ ਸਿੰਘ ਜੀ ਦੀਆਂ ਗਤੀਵਿਧੀਆਂ ਦਾ ਕੇਂਦਰ ਰਿਹਾ ਸੀ ਇਸ ਲਈ ਸਰਕਾਰ ਨੇ ਬਾਬਾ ਜੀ ਦੇ ਖਿਲਾਫ ਮਿਸਲਾਂ ਦਾ ਪੇਟ ਭਰਨ ਲਈ ਇੱਥੇ ਵੀ ਅਨੇਕਾਂ ਝੂਠੇ ਸੱਚੇ ਗਵਾਹ ਤਿਆਰ ਕਰ ਲਏ। "ਰਾਮ ਸਿੰਘ ਪੁੱਤਰ ਚੜ੍ਹਤ ਸਿੰਘ ਤਰਖਾਣ, ਛੁਗਰਾਂ ਪਿੰਡ (ਜ਼ਿਲ੍ਹਾ ਹੁਸ਼ਿਆਰਪੁਰ) ਦਾ ਬਿਸਵੇਦਾਰ ਹੈ। ਉਹ ਬਿਆਨ ਦਿੰਦਾ ਹੈ ਕਿ ਪਿਛਲੇ ਵਰ੍ਹੇ (੧੮੭੧ ਈ.) ਸਾਉਣ ਭਾਦੋਂ ਦੇ ਮਹੀਨੇ ਕਰੋੜਾ ਸਿੰਘਾ ਲੰਬੜਦਾਰ ਦੇ ਘਰ ਗਰੀਬ ਸਾਹਿਬ ਦੇ



Namdhari Elibrary NamdhariElibrary@gmail.com

ਪਾਠ ਦਾ ਭੋਗ ਪਾਇਆ ਗਿਆ ਜਿਸ ਵਿਚ ੧੫੦ ਕੂਕੇ-ਮਰਦ-ਔਰਤਾਂ, ਸ਼ਾਮਲ ਹੋਏ। ੭੦੦ ਕੁ ਹੋਰ ਲੋਕ ਆਸ ਪਾਸ ਦੇ ਪਿੰਡਾਂ ਤੋਂ ਵੀ ਆਏ। ਨਿਹੰਗ ਸਿੰਘ (ਸੂਬਾ ਕਾਹਨ ਸਿੰਘ) ਵੀ ਹਾਜ਼ਰ ਸੀ। ਕੂਕੇ ਖੁੱਲ੍ਹਮ ਖੁੱਲ੍ਹਾ ਕਹਿ ਰਹੇ ਸਨ, ਕਿ ਸੰਬਤ ੧੯੨੯ ਬਿਕ੍ਰਮੀ ਵਿਚ ਕੂਕਿਆਂ ਦਾ ਰਾਜ ਕਾਇਮ ਹੋ ਜਾਏਗਾ ਅਤੇ ਜਿਹੜੇ ਖੁਸ਼ਹਾਲ ਹੋਣਾ ਚਾਹੁੰਦੇ ਹਨ ਉਹ ਕੂਕਿਆਂ ਨਾਲ ਰਲ ਜਾਣ।"[23]

ਵੈਸੇ ਜਿਹੜੇ ਲੋਕ ਕੂਕਿਆਂ ਵਿਚ ਸ਼ਾਮਲ ਹੁੰਦੇ ਸਨ, ਉਹ ਘਰ ਵਾਲਿਆਂ ਦੇ ਕੰਮ ਦੇ ਨਹੀਂ ਰਹਿੰਦੇ ਸਨ-

"ਜਿਹਨਾਂ ਨੂੰ ਲੱਗੇ ਪ੍ਰੇਮ-ਤਮਾਚੇ, ਘਰ ਦੇ ਕੰਮੋਂ ਗਈਆਂ।"

ਸਤਿਗੁਰੂ ਪਰਤਾਪ ਸਿੰਘ ਜੀ ਦੇ ਭਾਸ਼ਣਾਂ ਵਿਚ ਵੀ ਇਸ ਲੋਕ ਗੀਤ ਦਾ ਜ਼ਿਕਰ ਮਿਲਦਾ ਹੈ-"ਮਾਪਿਓ ਸਬਰ ਕਰੋ, ਰਲ ਗਈ ਕੂਕਿਆਂ ਨਾਲ"

ਕਾਹਨ ਸਿੰਘ ਹੋਰਾਂ ਤੋਂ ਸਰਕਾਰ ਇਸ ਕਦਰ ਪਰੇਸ਼ਾਨ ਸੀ ਕਿ ਸਰਕਾਰੀ ਰੀਕਾਰਡ ਵਿਚ ਦਰਜ ਕੂਕਾ ਮੁਖੀਆਂ ਬਾਰੇ ਪੰਜਾਬ ਪੁਲੀਸ ਦੀ ਇਕ ਖੁਫੀਆ ਰੀਪੋਰਟ ਵਿਚ ਬਾਬਾ ਜੀ ਦਾ ਨਾਮ ਸਤਿਗੁਰੂ ਜੀ ਅਤੇ ਸੂਬਾ ਸਾਹਿਬ ਸਿੰਘ ਬਾਦ ਤੀਜੇ ਨੰਬਰ ਤੇ ਆਉਂਦਾ ਹੈ, ਉਹਨਾਂ ਦਾ ਚਰਿਤਰ ਹਨਨ ਦੀ ਕੋਸ਼ਿਸ਼ ਵਿਚ ਉਹਨਾਂ ਨੂੰ ਢਿੱਲੇ ਆਚਰਣ ਵਾਲਾ ਦੱਸ ਕੇ ਲਿਖਿਆ ਹੈ ਕਿ ਕੋਈ ਮਿਥਿਆ ਟਿਕਾਣਾ ਨਹੀਂ, ਉਹ ਜ਼ਿਲ੍ਹੇਵਾਰ ਘੁੰਮਦਾ ਰਹਿੰਦਾ ਹੈ।[24] ਦੁਸ਼ਮਣ ਬਾਤ ਕਰੇ ਅਨਹੋਣੀ। ਹੁਸ਼ਿਆਰਪੁਰ ਤੋਂ ਇਲਾਵਾ ਅੰਬਾਲਾ, ਮਾਲਵਾ ਅਤੇ ਕੋਹਿਸਤਾਨ ਵਿਚ ਵੀ ਸੂਬਾ ਕਾਹਨ ਸਿੰਘ ਦੇ ਸਰਗਰਮ ਹੋਣ ਬਾਰੇ ਸਰਕਾਰੀ ਰਿਕਾਰਡ ਬੋਲਦਾ ਹੈ।

ਸੂਬਾ ਕਾਹਨ ਸਿੰਘ ਹੋਰਾਂ ਦੇ ਪਾਰਖੂ ਨੇਤਰਾਂ ਬਾਰੇ, ਉਪਰ ਵਰਣਿਤ ਸਤਿਗੁਰੂ ਰਾਮ ਸਿੰਘ ਜੀ ਨੂੰ ਪਹਿਚਾਨਣ ਵਾਲੇ ਪਹਿਲੇ ਵਿਅਕਤੀ ਹੋਣ ਦਾ ਸ਼ਰਫ ਆਪ ਦੇ ਜਿੰਮੇ ਲੱਗਦਾ ਹੈ। ਉੱਥੇ ਇਸੇ ਪਹਿਚਾਣ-ਸਮਰੱਥਾ ਸਦਕਾ ਹੀ, ਜਦੋਂ ਅਲਾਹਬਾਦ ਕਿਲੇ ਵਿਚ, ਨਾਮਧਾਰੀ ਸੂਬਿਆਂ ਨਾਲ ਪੰਥ ਦੀ ਅਗਵਾਈ ਸਉਪਣ ਬਾਰੇ, ਸਤਿਗੁਰੂ ਜੀ ਸਲਾਹ ਮਸ਼ਵਰਾ ਕਰਦੇ ਹਨ ਤਾਂ ਇੱਥੇ ਵੀ ਕਾਹਨ ਸਿੰਘ ਹੋਰਾਂ ਦੀ ਦਰੁਸਤ ਚੋਣ ਤੇ ਹੀ, ਸਤਿਗੁਰੂ ਜੀ ਨੇ ਮੋਹਰ ਲਾ ਕੇ, ਛੋਟੇ ਭਾਈ ਬੁੱਧ ਸਿੰਘ (ਗੁਰੂ ਹਰੀ ਸਿੰਘ) ਜੀ ਨੂੰ ਅਤਿ ਕਠਿਨ ਹਾਲਤਾਂ ਵਿਚ, ਇਹ ਬਿਖਮ ਕਾਰਜ ਸਉਂਪਿਆ ਸੀ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਰਿਕਾਰਡ ਹੋਏ ਉਪਦੇਸ਼ ਵਿਚ ਇਉਂ ਦਰਜ ਹੈ--

"ਫਿਰ ਇਹ ਗੱਲ ਹੈ ਕਿ ਸਤਿਗੁਰਾਂ ਨੂੰ ਪਹਿਲੇ ਜਿਸ ਵੇਲੇ ਪਰਾਗ ਰਾਜ ਵਿਚ ਬੈਠਿਆਂ, ਅੰਗਰੇਜ਼ ਨੇ ਲਿਖ ਕੇ ਭੇਜਿਆ ਕਿ ਕਿਹਨੂੰ ਤੁਹਾਡਾ ਘਰ ਸੰਭਾਲੀਏ। ਸਤਿਗੁਰਾਂ ਨੇਂ ਸਾਰੇ ਸੂਬਿਆਂ ਨੂੰ ਇਕੱਠੇ ਕੀਤਾ, ਪੁੱਛਿਆ, "ਬਈ ਦੱਸੋ ਕਿਵੇ ਕਰਨੀ ਹੈ?"

"ਬਾਬਾ ਜਵਾਹਰ ਸਿੰਘ ਜੀ ਨਿਰਮਲਿਆਂ ਸੰਤਾਂ 'ਚੋਂ ਆਏ ਸੀ, ਬਾਬੇ ਸਾਹਿਬ ਸਿੰਘ ਹੁਰੀਂ, ਬ੍ਰਹਮਾ ਸਿੰਘ ਹੁਰੀਂ-ਉਦਾਸੀ ਨਾਂਗੇ, ਜਟਾਂ ਵਾਲੇ ਹੁੰਦੇ ਸਨ-ਇਹ ਫੇਰ ਸਿੱਖ ਸਜੇ ਸਨ। ਕੋਈ ਕਹੇ ਜੀ ਪੰਚਾਇਤ ਬਣਾਓ, ਕੋਈ ਕਹੇ-ਕੁਝ ਕਰੋ। ਬਾਬੇ ਕਾਹਨ ਸਿੰਘ ਹੁਰੀਂ-ਉਹਨਾਂ ਨੂੰ ਆਖਿਆ ਸੀ, "ਲਾ ਦੇ ਕਾਹਨਿਆ-ਅੱਗ"-ਜਿਹੜੇ ਸਤਿਗੁਰਾਂ ਦੇ ਨਾਲ ਰਹੇ ਸਨ। ਸੂਬੇਦਾਰ ਹੁੰਦੇ ਸਨ ਫੌਜ ਵਿਚ, ਜਿਨ੍ਹਾਂ ਨੇ ਇਹ ਕੌਤਕ ਵੀ ਅੱਖੀਂ ਰੰਗਾ ਵਾਲਾ ਦੇਖਿਆ ਸੀ, ਉਹਨਾਂ ਨੂੰ ਦਿਖਾਇਆ, ਦੱਸਿਆ-ਉਹ ਕਹਿੰਦੇ ਹਨ, "ਸੱਚੇ ਪਾਤਸ਼ਾਹ! ਤੇਰੇ ਭਾਈ ਬਿਨਾਂ ਹੋਰ ਕੋਈ ਨਹੀਂ ਸਾਂਭਣ ਵਾਲਾ।"[25]

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਜ਼ੂਰੀ ਵਿਚ ਤਾਂ ਇਹ ਦੋ ਪੌਣੇ ਦੋ ਮਹੀਨੇ ਦਾ ਅਲਾਹਬਾਦ ਕਿਲੇ ਵਿਚਲਾ ਸਮਾਂ ਵਿਚਾਰ-ਚਰਚਾ ਵਿਚ ਬਤੀਤ ਹੁੰਦਾ ਰਿਹਾ। ਇਸੇ ਸਮੇਂ ਹੀ ਸਤਿਗੁਰੂ ਜੀ ਨੇ ਨਾਮ, ਬਾਣੀ ਸਭ ਨੂੰ ਠੀਕ ਦੱਸਦਿਆਂ, ਅੰਤਿਮ ਸਿੱਟਾ ਸਿਦਕ ਭਰੋਸਾ ਹੀ ਦੱਸਿਆ। ੧੮੭੨ ਈ. ਦੀ ਆਖਰੀ ਤਿਮਾਹੀ ਵਿਚ, ਇਥੋਂ ਕੂਕੇ ਸੂਬਿਆਂ ਨੂੰ ਵੀ ਨਿਖੇੜ ਕੇ, ਵੱਖ ਵੱਖ ਥਾਵਾਂ ਤੇ ਕੈਦ ਕਰ ਦਿੱਤਾ। ਇਸੇ ਘਟਨਾ ਦਾ ਵਰਣਨ, ਗਿਆਨੀ ਗਿਆਨ ਸਿੰਘ ਜੀ ਦੇ ਕੂਕਿਆਂ ਬਾਰੇ "ਪੰਥ ਪਰਕਾਸ਼" ਦੀ ਪਹਿਲੀ ਛਾਪ ਦੇ ਸਤਾਈਵੇਂ ਕਬਿੱਤ ਵਿਚ ਇਉਂ ਮਿਲਦਾ ਹੈ-

"ਸਰਦਾਰ ਰਾਜੇ ਤੂੰ ਮੁਸਾਹਿਬ ਸਾਹਿਬ ਬਡੇ,
ਅਚਰਜ ਥੀਏ ਹੇਰਿ ਕਾਰ ਤਿਨ ਕੇਰ ਪੈ।
ਦੋਸ਼ ਹੀਨ ਓਸ ਸਮੇਂ ਰਾਮ ਸਿੰਘ ਕੋ,
ਰੰਗੂਨ ਭੇਜ ਦੀਓ ਅੰਗਰੇਜ਼ੀ ਖੂਬ ਸੋਚ ਫੇਰ ਪੈ।
ਔਰ ਹੁਤੇ ਸੂਬੇ ਜੇਈ ਕਹੂੰ ਕਹੂੰ ਭੇਜੇ ਤੇਈ,
ਜੋਰ ਤੋਰ ਦੀਓ ਏਸ ਪੰਥ ਕੋ ਬਧੇਰ ਪੈ।
ਰਾਮ ਸਿੰਘ ਜੂ ਕੀ ਠੌਰ ਬੁੱਧ ਸਿੰਘ ਭਾਈ ਤਾਂਹਿ
ਅਬਿ ਹੈ ਮਹੰਤ ਕੰਤ ਕੂਕਯੋਂ ਕਾ ਹੇਰ ਪੈ।"

ਹੁਣ ਸਰਕਾਰ ਦੀਆਂ ਨਜ਼ਰਾਂ ਵਿਚ ਸਭ ਤੋਂ ਖਤਰਨਾਕ ਕੂਕਾ ਸੂਬਾ ਸਾਹਿਬ ਸਿੰਘ ਅਤੇ ਉਸਦੇ ਨਾਲ ਸੂਬਾ ਕਾਹਨ ਸਿੰਘ ਨਿਹੰਗ ਨੂੰ, ਅਦਨ ਜਿਹਲ ਦੀਆਂ ਉਹਨਾਂ ਕੋਠੜੀਆਂ ਵਿਚ ਕੈਦ ਕਰ ਦਿੱਤਾ ਗਿਆ ਜਿੱਥੇ ਪਹਿਲਾਂ ਦੋ ਬਲੋਚ ਸ਼ਾਹੀ ਕੈਦੀ ਸਰਦਾਰਾਂ, ਦੁਰਗਾ ਖਾਨ ਅਤੇ ਦਿਲ ਮੁਰਾਦ ਖਾਨ ਨੂੰ ਰਖਿਆ ਗਿਆ ਸੀ। ਅਦਨ ਦੇ ਪੋਲੀਟੀਕਲ ਰੈਜ਼ੀਡੈਂਟ ਬ੍ਰਿਗੇਡੀਅਰ ਜਨਰਲ ਸ਼ਨੇਦੀਅਰ, ਨੇ ਬੰਬਈ ਸਰਕਾਰ ਦੇ ਸਕੱਤਰ ਨੂੰ ੨੫ ਮਾਰਚ ੧੮੭੩ ਈ. ਨੂੰ ਸੂਚਨਾ ਭੇਜੀ ਕਿ ਦੋ ਕੂਕੇ ਸ਼ਾਹੀ ਕੈਦੀ ਸਾਹਿਬ ਸਿੰਘ ਅਤੇ ਕਾਹਨ ਸਿੰਘ, ਮੇਲ ਸਟੀਮਰ ਪੇਸ਼ਾਵਰ ਤੇ, ਕਲ੍ਹ ਇੱਥੇ ਪੁੱਜ ਗਏ ਹਨ। ਇਕ ਹਿੰਦੂ ਸੇਵਕ ਬਾਰਾਂ ਰੁਪੈ ਮਹੀਨੇ ਤੇ ਇਹਨਾਂ ਲਈ ਰੱਖਿਆ ਗਿਆ।

Namdhari Elibrary

NamdhariElibrary@gmail.com

ਇਹਨਾਂ ਦੋਹਾਂ ਤੇ ਸਰਕਾਰ ਦਾ ਮਾਸਿਕ ਖਰਚਾ ੫੫ ਰੁਪੈ ੭ ਆਨੇ ਆਉਂਦਾ ਸੀ। ਪਹੁੰਚਣ ਤੋਂ ਤਿੰਨ ਕੁ ਮਹੀਨਿਆਂ ਤੋਂ ਬਾਦ ਕਾਨ੍ਹ ਸਿੰਘ ਹਰਨੀਆਂ ਤੋਂ ਪੀੜਿਤ ਹੋ ਗਏ। ਹੁਣ ਇਨ੍ਹਾਂ ਨੂੰ ਸ਼ਾਹੀ ਕੈਦੀ "ਯੰਗ ਲਾਟ" ਵਾਲੇ ਘਰ ਵਿਚ, ਪਰ ਉਸ ਤੋਂ ਅਲੱਗ ਰੱਖਿਆ ਗਿਆ। ਦੋ ਚੌਕੀਦਾਰ ਖਾਸ ਨਿਗਰਾਨੀ ਤੇ ਰੱਖੇ ਗਏ। ਸੁਪਰਿਨਟੈਂਡੈਂਟ ਅਦਨ ਜਿਹਲ ਦੇ ੨ ਜਨਵਰੀ ੧੮੭੫ ਈ. ਦੇ ਪਤਰ ਮੁਤਾਬਿਕ, ਕਾਹਨ ਸਿੰਘ ਅਤੇ ਸਾਹਿਬ ਸਿੰਘ ਦੀ ਸਿਹਤ ਤੇ, ਅਦਨ ਦੇ ਬਹੁਤ ਗਰਮ ਮੌਸਮ ਦਾ ਬੁਰਾ ਪ੍ਰਭਾਵ ਪੈ ਰਿਹਾ ਸੀ। ਬਾਬੇ ਕਾਹਨ ਸਿੰਘ ਹੋਰਾਂ ਦੇ ਨੇਤਰ ਖਰਾਬ ਹੋ ਗਏ ਸਨ ਅਤੇ ਸਾਹਿਬ ਸਿੰਘ ਵੀ ਕਮਜ਼ੋਰ ਹੋ ਰਿਹਾ ਸੀ। ਗਰਮੀ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਅਧਿਕਾਰੀਆਂ ਨੇ ਉਹਨਾਂ ਨੂੰ ਅਦਨ ਤੋਂ ਲੈ ਜਾਣ ਦੀ ਪੁਰ ਜ਼ੋਰ ਸਿਫਾਰਸ਼ ਕੀਤੀ। ਅਲਾਹਬਾਦ ਕਿਉਂਕਿ ਹਿੰਦੂ ਤੀਰਥ ਸੀ ਅਤੇ ਮੇਲ ਲਾਈਨ ਤੇ ਪੈਂਦਾ ਸੀ, ਦੋ ਕੂਕੇ ਸੂਬੇ ਚੁਨਾਰ ਕਿਲੇ ਵਿਚ ਕੈਦ ਵੀ ਸਨ ਮਾਨ ਸਿੰਘ ਅਤੇ ਹੁਕਮਾ ਸਿੰਘ, ਇਸ ਲਈ ਅਲਾਹਬਾਦ ਤੋਂ ਇਲਾਵਾ ਕਾਹਨ ਸਿੰਘ ਹੋਰਾਂ ਨੂੰ ਭਾਰਤ ਵਿਚ ਹੋਰ ਕਿਧਰੇ ਵੀ ਰੱਖਣ ਲਈ ਕਿਹਾ ਗਿਆ। ੨੩ ਅਪ੍ਰੈਲ ੧੮੭੫ ਈ. ਨੂੰ ਗੁਰੂ ਕੇ ਦੋਹਾਂ ਲਾਲਾਂ ਨੂੰ, ਅਦਨ ਤੋਂ ਬੰਬਈ ਪਹੁੰਚਣ ਤੇ ਇਕ ਯੋਰਪੀਨ ਇੰਸਪੈਕਟਰ ਅਤੇ ਦੋ ਦੇਸੀ ਸਿਪਾਹੀਆਂ ਦੀ ਗਾਰਦ ਹੇਠ, ਬਰਾਸਤਾ ਅਲਾਹਬਾਦ ਹਜ਼ਾਰੀ ਬਾਗ (ਬਿਹਾਰ) ਜਿਹਲ ਵਿਚ ਭੇਜ ਦਿੱਤਾ। ਹਜਾਰੀ ਬਾਗ ਜਿਹਲ ਵਿਚ ਕੁਝ ਸਮਾਂ ਆਪ ਨੂੰ ਅਦਨ ਦੇ ਸਮੇਂ ਨਾਲੋਂ ਹਲਕੀ ਖੁਰਾਕ ਦਿੱਤੀ ਗਈ। ੨੨ ਜੁਲਾਈ ੧੮੭੫ ਈ. ਨੂੰ ਹਜ਼ਾਰੀ ਬਾਗ ਜਿਹਲ ਦਾ ਦਰੋਗਾ, ਉਹਨਾਂ ਦੋਹਾਂ ਬੰਦੀਆਂ ਤੇ ੬੫ ਰੁਪੈ ਮਾਸਿਕ ਤੋਂ ਘੱਟ ਨਾ ਖਰਚ ਕਰਨ ਦੀ, ਸਿਫਾਰਸ਼ ਕਰਦਾ ਹੈ ਅਤੇ ਲਿਖਦਾ ਹੈ ਕਿ ਇਹਨਾਂ ਨੂੰ ਅਦਨ ਜਿਹਾ ਭੋਜਨ ਦਿੱਤੇ ਜਾਣ ਤੇ, ਇਸ ਤੋਂ ਘੱਟ ਰਕਮ ਨਾਲ ਨਹੀਂ ਸਰਦਾ। ਸ਼ੱਕਰ ਰੋਗ ਤੋਂ ਪੀੜਿਤ ਗੁਰੂ ਕਾ ਲਾਡਲਾ ਸਪੂਤ ਸੂਬਾ ਸਾਹਿਬ ਸਿੰਘ ਤਾਂ ੧੦ ਜੂਨ ੧੮੭੯ ਈ. ਨੂੰ, ਤਿਲ ਤਿਲ ਕਰ ਕੇ ਆਜ਼ਾਦੀ ਦੇਵੀ ਦੇ ਹੋਮ ਵਿਚ, ਆਪਣੇ ਪ੍ਰਾਣਾਂ ਦੀ ਆਹੂਤੀ ਪਾ ਕੇ, ਸਦਾ ਲਈ ਅਮਰ ਹੋ ਗਿਆ ਅਤੇ ਬਿਰਧ ਸੂਬਾ ਕਾਹਨ ਸਿੰਘ ਸਤਿਗੁਰੂ, ਪੰਥ ਅਤੇ ਸਾਢੇ ਸੱਤ ਸਾਲ ਬੰਦੀ ਜੀਵਨ ਵਿਚ ਨਾਲ ਰਹਿ ਕੇ ਕੈਦ ਕੱਟਣ ਵਾਲੇ ਅਤੇ ਨੈਪਾਲ ਤੱਕ ਸਾਂਝੀਆਂ ਯਾਤਰਾਵਾਂ ਕਰਨ ਵਾਲੇ ਮਿੱਤਰ ਪਿਆਰੇ ਤੋਂ ਵਿਛੜ ਕੇ ਬ੍ਰਿਹੋਂ ਅਗਨੀ ਵਿਚ ਸੜਨ ਲਈ ਇਕੱਲਾ ਰਹਿ ਗਿਆ ਸੀ। ਹਜ਼ਾਰੀ ਬਾਗ ਜਿਹਲ ਦੇ ਯੋਰਪੀਨ ਵਾਰਡ ਦੀਆਂ ੧੬ ਕੋਠੜੀਆਂ ਵਿਚੋਂ ਇਕ ਕੋਠੜੀ ਵਿਚ। ਜਿੱਥੇ ਹੁਣ ਕਿਸੇ ਜਾਣੂ ਆਵਾਜ਼ ਦੇ, ਆਪਣੀ ਮਿੱਠੀ ਮਾਂ ਬੋਲੀ ਪੰਜਾਬੀ ਦੇ, ਸ਼ਬਦ ਕਿਸਮਤ ਨਾਲ ਹੀ ਕੰਨੀ ਪੈਂਦੇ ਸਨ। ਆਜ਼ਾਦੀ-ਬਿਰਖ ਦਾ ਫਲ ਖਾਣ ਵਾਲਿਓ ਜਿਹੜੇ ਖੂਨ ਨੇ ਇਸਦੀਆਂ ਜੜ੍ਹਾਂ ਨੂੰ ਸਿੰਜਿਆ ਹੈ, ਉਸ ਨੂੰ ਭੁੱਲ ਜਾਣ ਤੋਂ ਵੱਡਾ ਹੋਰ ਅਪਰਾਧ ਕੀ ਹੋ ਸਕਦਾ ਹੈ। ਤੇ ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਸਵਾ ਅਰਬ ਦੀ ਵਸੋਂ ਨੂੰ ਛੋਹਣ ਵਾਲੇ, ਇਸ ਮਹਾਂਦੇਸ਼ ਵਿਚ, ਗਿਣਤੀ ਦੇ ਚੰਦ ਕੂਕਿਆਂ ਤੋਂ ਬਿਨਾਂ ਕੋਈ ਕਹਿ ਸਕਦਾ ਹੈ ਕਿ ਉਹਨੇ ਭਾਰਤ ਮਾਂ ਦਾ ਬੰਧਨ ਕੱਟਣ ਲਈ, ਜਿਹਲਾਂ ਦੀਆਂ ਚਾਰ ਦੀਵਾਰੀਆਂ ਵਿਚ ਸਿਸਕ ਸਿਸਕ ਕੇ ਦਮ ਤੋੜਨ ਵਾਲੇ, ਇਹਨਾਂ ਵਤਨ ਪ੍ਰਸਤਾਂ ਦੀ ਯਾਦ ਵਿਚ ਕਦੇ ਦੋ ਹੰਝੂ ਹੀ ਵਹਾਏ ਹੋਣ। ਇਤਿਹਾਸ ਨੂੰ ਵਿਸਾਰਨ ਤੋਂ ਵੱਡਾ ਕੋਈ ਗੁਨਾਹ ਨਹੀਂ ਅਤੇ ਇਤਿਹਾਸ ਇਹਨਾਂ ਗੁਨਾਹਾਂ ਦੀ ਸਜ਼ਾ ਦੇਣੀ ਵੀ ਜਾਣਦਾ ਹੈ।

ਸੱਤਰ ਵਰ੍ਹਿਆਂ ਤੋਂ ਉਪਰ ਉਮਰ ਤੇ ਕਮਜ਼ੋਰ ਸਰੀਰ ਵਾਲੇ ਕਾਹਨ ਸਿੰਘ ਨੂੰ ਪੁਲਿਸ ਲਾਈਨ ਜਾਂ ਜਿਹਲ ਦੇ ਸਿਵਲੀਅਨਾਂ ਵਾਲੇ ਭਾਗ ਵਿਚ ਰਹਿਣ ਦੀ ਇਜ਼ਾਜ਼ਤ ਵੀ ਨਾ ਦਿੱਤੀ ਗਈ। ਹਜ਼ਾਰੀ ਬਾਗ ਜਿਹਲ ਵਿਚ ਉਹਨਾਂ ਨਾਲ ਕਿਹੋ ਜਿਹਾ ਸਲੂਕ ਹੁੰਦਾ ਹੋਵੇਗਾ ਕਿ ਕੁਝ ਸਮਾਂ ਪਹਿਲਾਂ ਦੋਹਾਂ ਸੂਬਿਆਂ ਨੇ ਇਹ ਵੀ ਕਿਹਾ ਸੀ ਕਿ ਬੇਸ਼ਕ ਮੌਲਮੀਨ ਦੀ ਜਿਹਲ ਦੂਸਰੇ ਦੇਸ਼ ਬਰਮਾ ਵਿਚ ਹੈ, ਸਾਨੂੰ ਉੱਥੇ ਹੀ ਭੇਜ ਦਿਉ। ਪਰ ਸਰਕਾਰ ਨਹੀਂ ਸੀ ਮੰਨੀ। ਅਖੀਰ ਸੂਬਾ ਸਾਹਿਬ ਸਿੰਘ ਦੀ ਮਿਰਤੂ ਤੋਂ ੧੧ ਮਹੀਨੇ ਬਾਦ ੧੦ ਮਈ ੧੮੮੦ ਈ. ਨੂੰ ਸੂਬਾ ਕਾਹਨ ਸਿੰਘ ਜੀ ਨੂੰ ਚੁਨਾਰ ਕਿਲੇ ਵੱਲ ਤੋਰ ਦਿੱਤਾ। ਚੁਨਾਰ ਕਿਲੇ ਵਿਚ ਰਹਿਣ ਵਾਲੀ ਸੈਨਾ ਬਾਰੇ ਇਹ ਹਦਾਇਤਾਂ ਸਨ ਕਿ ਇਹਨਾਂ ਵਿਚ ਸਿੱਖ ਸਿਪਾਹੀ ਨਾ ਰਹੇ। ਕਿਉਂ ਜੁ ਕੁਝ ਜਾਟ ਸਿਪਾਹੀਆਂ ਦੇ ਸੂਬਿਆਂ ਦੇ ਅਸਰ ਹੇਠ ਸਿੰਘ ਸਜਣ ਦਾ ਜ਼ਿਕਰ ਸਰਕਾਰੀ ਰਿਕਾਰਡ ਵਿਚ ਮਿਲਦਾ ਹੈ। ਫਿਰ ਤਕਰੀਬਨ ੭ ਸਾਲ ਸੂਬਾ ਜੀ ਨੇ ਸੂਬਾ ਹੁਕਮਾ ਸਿੰਘ ਅਤੇ ਮਾਨ ਸਿੰਘ ਨਾਲ ਚੁਨਾਰ ਕਿਲੇ ਵਿਚ ਇਕੱਠਿਆਂ ਕੈਦ ਕੱਟੀ। ੧੭ ਫਰਵਰੀ ੧੮੮੭ ਈ. ਨੂੰ, ਆਪਣਾ ਪਿੰਡ, ਜ਼ਿਲ੍ਹਾ ਪੁਲਿਸ ਕਪਤਾਨ ਜਾਂ ਜ਼ਿਲ੍ਹਾ ਮੈਜਿਸਟਰੇਟ ਦੀ ਮਨਜ਼ੂਰੀ ਬਿਨਾਂ ਨਾ ਛੱਡਣ ਦੀਆਂ ਸ਼ਰਤਾਂ ਤਹਿਤ ਸੂਬਾ ਹੁਕਮਾ ਸਿੰਘ ਤੇ ਮਾਨ ਸਿੰਘ ਪੰਜਾਬ ਲਈ ਰੇਲ ਗੱਡੀ ਤੇ ਚਾਹੜ ਦਿੱਤੇ ਗਏ। ਹੁਣ ਫਿਰ ਇਕ ਹੋਰ ਇਕੱਲਾ ਵਰ੍ਹਾ ਬੰਦੀ ਜੀਵਨ ਦਾ, ਸੂਬਾ ਕਾਹਨ ਸਿੰਘ ਦੀ ਉਡੀਕ ਕਰ ਰਿਹਾ ਸੀ। ਅਖੀਰ ੧੪ ਫਰਵਰੀ ੧੮੮੮ ਨੂੰ ਪੰਜਾਬ ਸਰਕਾਰ ਨੇ ਵਧੇਰੇ ਉਮਰ ਅਤੇ ਡਿੱਗ ਰਹੀ ਸਿਹਤ ਕਾਰਨ ਕਾਹਨ ਸਿੰਘ ਜੀ ਦੀ ਰਿਹਾਈ ਦੀ ਸਿਫਾਰਸ਼ ਭਾਰਤ ਸਰਕਾਰ ਨੂੰ ਕਰ ਦਿੱਤੀ। ਤੇ ਓੜਕ ਭਾਰਤ ਸਰਕਾਰ ਦੇ ਗਵਰਨਰ ਜਨਰਲ ਨੇ, ੩੦ ਮਾਰਚ ੧੮੮੮ ਈ. ਨੂੰ, ਬਾਦ ਦੋ ਪਹਿਰ, ਸੂਬਾ ਕਾਹਨ ਸਿੰਘ ਹੋਰਾਂ ਨੂੰ ਵੀ ਉਪਰੋਕਤ ਸੂਬਿਆਂ ਵਾਲੀਆਂ ਸ਼ਰਤਾਂ ਲਾ ਕੇ,


Namdhari Elibrary NamdhariElibrary@gmail.com

ਰਿਹਾਈ ਦੇ ਹੁਕਮ ਜਾਰੀ ਕਰਨੇ ਹੀ ਪਏ। ਸੂਬਾ ਜੀ ਦਾ ਸਰੀਰ ਪੰਜਾਬ ਵਿਚ ਵੀ ਨੀਮ ਨਜ਼ਰਬੰਦੀ ਦੀਆਂ ਹਾਲਤਾਂ ਵਿਚ ਅੰਮ੍ਰਿਤਸਰ ਸ਼ਹਿਰ ਦੇ ਇਕ ਨਾਮਧਾਰੀ ਸਿੰਘ ਮਿਸਤਰੀ ਨਾਹਰ ਸਿੰਘ ਜੀ ਦੇ ਘਰ ਸੰਨ ੧੮੯੭ ਈ. ਵਿਚ ਸ਼ਾਂਤ ਹੋਇਆ।[26]

ਇਹ ਮਿਸਤਰੀ ਨਾਹਰ ਸਿੰਘ ਉਹ ਸਨ, ਜਿਹਨਾਂ ਸੁਲਤਾਨ ਵਿੰਡ-ਅੰਮ੍ਰਿਤਸਰ ਵਾਲੀ ਨਾਮਧਾਰੀ ਧਰਮਸ਼ਾਲਾ ਲਈ ਜਗ੍ਹਾ ਦਿੱਤੀ ਸੀ। ਗੁਰੂ ਹਰੀ ਸਿੰਘ ੧੮੯੯ ਈ. ਵਿਚ ਇਸਦੇ ਘਰ ਲਗਾਤਾਰ ਛੇ ਦਿਨ ਰਹੇ ਸਨ, ਦੌਰੇ ਦੀ ਛੁੱਟੀ ਸਮੇਂ। ਹੋ ਸਕਦਾ ਹੈ ਉਦੋਂ ਸੂਬਾ ਕਾਹਨ ਸਿੰਘ ਗੁਪਤ ਰੂਪ ਵਿਚ ਦਰਸ਼ਨ ਕਰਦੇ ਰਹੇ ਹੋਣ।

੨ ਫਰਵਰੀ ੧੮੬੭ ਦੀ ਪੰਜਾਬ ਸਰਕਾਰ ਦੇ ਸਕੱਤਰ ਦੀ ਭਾਰਤ ਸਰਕਾਰ ਦੇ ਨਾਂ ਸਕੱਤਰ ਨੂੰ ਚਿਠੀ ਵਿਚ ਪੰਜਾਬ ਭਰ ਦੇ ਜਿਹਨਾਂ ਮਹੱਤਵਪੂਰਨ ਕੂਕਿਆਂ ਤੇ ਨਿਗਰਾਨੀ ਰੱਖਣ ਲਈ ਕਿਹਾ ਗਿਆ ਹੈ ਉਹਨਾਂ ਵਿਚ ਪਿੰਡ ਚੱਕ ਰਿਆਸਤ ਮਲੇਰਕੋਟਲਾ ਦੇ ਧੁਮਾ ਸਿੰਘ ਤੇ ਅਤਰ ਸਿੰਘ ਨਾਮ ਦੇ ਦੋ ਕੂਕਿਆਂ ਦੇ ਨਾਮ ਸ਼ਾਮਲ ਹਨ। ਸੂਬਾ ਜੀ ਦੀ ਵੱਡੀ ਕੀਰਤੀ ਸਦਕਾ ਹੀ ਨਾਲ ਵਾਲੇ ਪਿੰਡ ਚੱਕ ਤੋਂ ਇਸ ਨੂੰ ਵਖਰਿਆਉਣ ਲਈ, ਇਸ ਪਿੰਡ ਨੂੰ ਚੱਕ ਕੂਕਿਆਂ ਦਾ ਕਿਹਾ ਜਾਂਦਾ ਹੈ। ਜਿਸ ਵਿਚ ਸਮਾਂ ਪਾ ਕੇ ਭਾਈ ਵਜ਼ੀਰ ਸਿੰਘ ਹਜ਼ੂਰੀ ਸੇਵਕ, ਸੂਬਾ ਗੁਰਬਖਸ਼ ਸਿੰਘ ਅਤੇ ਸੂਬਾ ਕਿਰਪਾਲ ਸਿੰਘ ਜੀ ਜਿਹੇ ਸਤਿਗੁਰੂ ਪਰਤਾਪ ਸਿੰਘ ਦੇ ਅਨਿੰਨ ਸਿੱਖ-ਸੇਵਕ ਹੋਏ ਹਨ। ਇਉਂ ਮਲੂਮ ਹੁੰਦਾ ਹੈ ਕਿ ਦੇਸ ਪਰਤਣ ਬਾਅਦ ਸਤਿਗੁਰੂ ਬਿਲਾਸ ਦੇ ਲੇਖਕ ਭਾਈ ਸੰਤੋਖ ਸਿੰਘ ਬਾਹੋਵਾਲ ਨੇ ਵੀ ਸੂਬਾ ਕਾਹਨ ਸਿੰਘ ਹੋਰਾਂ ਨਾਲ ਗੁਪਤ ਰੂਪ ਵਿਚ ਮੁਲਾਕਾਤ ਕਰ ਕੇ ਸਤਿਗੁਰੂ ਜੀ ਦੇ ਵੰਜੀ ਜੀਵਨ ਦੇ ਅਤੇ ਬਾਅਦ ਦੇ ਵੀ ਬਹੁਤ ਸਾਰੇ ਵਾਕਿਆਤ ਪਰਸੰਗ ਨੋਟ ਕੀਤੇ ਹੋਣਗੇ। ਕੁਝ ਲਿਖਤਾਂ ਵਿਚ ਮਲੇਰਕੋਟਲੇ ਦੇ ਸ਼ਹੀਦਾਂ ਵਿਚ, ਇਸੇ ਪਿੰਡ ਦੇ ਧਿਆਨ ਸਿੰਘ ਦਾ ਜ਼ਿਕਰ ਵੀ ਮਿਲਦਾ ਹੈ।

ਸਿੱਖ ਸੈਨਾ ਵਿਚ ਇਕ ਛੋਟਾ ਅਧਿਕਾਰੀ ਹੁੰਦਾ ਹੋਇਆ, ਦੇਸ਼ ਸੁਤੰਤਰਤਾ ਲਈ ਵਿੱਢੇ, ਕੂਕਾ ਸੰਗਰਾਮ ਵਿਚ ਸੂਬਾ ਕਾਹਨ ਸਿੰਘ ਬਹੁਤ ਉੱਚੇ ਰੁਤਬੇ ਤੇ ਪੁੱਜ ਗਿਆ। ਪੰਜਾਬ ਸਰਕਾਰ ਨੂੰ ਪਿੰਡ "ਚੱਕ ਕੂਕਿਆਂ" ਵਿਚ ਸੂਬਾ ਜੀ ਦੀ ਅਦੁੱਤੀ ਕੁਰਬਾਨੀ ਮੁਜਬ ਸ਼ਾਨਦਾਰ ਯਾਦਗਾਰ ਉਸਾਰਨੀ ਚਾਹੀਦੀ ਹੈ।

**ਫੁੱਟ ਨੋਟ :-**

1. ਮਾਲਵੇਂਦ੍ਰ-ਦਿੱਲੀ- ੧੯੫੭ ਸਫਾ ੯੧
2. ਸਤਿਜੁਗ ਦਾ ਸੰਤ ਅੰਕ, ੧੯੯੬ ਬਿਕ੍ਰਮੀ, ਸ੍ਰੀ ਭੈਣੀ ਸਾਹਿਬ, ਸਫਾ ੪੯
3. ਸੰਤ ਖਾਲਸਾ- ਸ੍ਰੀ ਅੰਮ੍ਰਿਤਸਰ-੧੯੫੮ ਈ. ਸਫਾ ੩
4. ਸਤਿਗੁਰੂ ਬਿਲਾਸ-ਭਾਗ ਪਹਿਲਾ (ਸੰਪਾਦਕ-ਜਸਵਿੰਦਰ ਸਿੰਘ) -੨੦੦੨ ਈ ਸ੍ਰੀ ਭੈਣੀ ਸਾਹਿਬ, ਸਫਾ ੧੦੭-੦੮
5. ਉਪਰੋਕਤ, ਸਫਾ ੧੧੨
6. ਉਪਰੋਕਤ, ਸਫਾ ੧੧੯
7. ਉਪਰੋਕਤ, ਸਫਾ ੧੫੦
8. ਉਪਰੋਕਤ, ਸਫਾ ੧੬੨
9. ਉਪਰੋਕਤ, ਸਫਾ ੧੮੦
10. ਉਪਰੋਕਤ, ਸਫਾ ੨੭੬
11. ਮਾਲਵੇਂਦ੍ਰ- ਸਫਾ ੧੬੯-੭੦
12. ਸਤਿਗੁਰੂ ਬਿਲਾਸ ਭਾਗ ੧- ਸਫਾ ੩੩੩-੩੪
13. ਨਾਮਧਾਰੀ ਇਤਿਹਾਸ-ਨਾਹਰ ਸਿੰਘ ਐਮ. ਏ.-ਦਿੱਲੀ ੧੯੫੭ ਈ. ਸਫਾ ੨੬੪ ਤੋਂ ੬੭
14. ਕੂਕਾ ਮੂਵਮੈਂਟ-ਫੌਜਾ ਸਿੰਘ ਬਾਜਵਾ-ਦਿੱਲੀ-੧੯੬੫ ਈ. ਸਫਾ ੧੩੭
15. ਸਤਿਗੁਰੂ ਬਿਲਾਸ ਭਾਗ ੧-ਸਫਾ ੪੧੪
16. ਉਪਰੋਕਤ- ਸਫਾ ੪੧੫
17. ਉਪਰੋਕਤ- ਸਫਾ ੪੧੭
18. ਉਪਰੋਕਤ- ਸਫਾ ੪੭੬
19. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ-੧੯੮੯-ਨਵੀਂ ਦਿੱਲੀ-ਨਾਹਰ ਸਿੰਘ ਕ੍ਰਿਪਾਲ ਸਿੰਘ ਸਫਾ ੫੧੪-੧੫
20. ਉਪਰੋਕਤ- ਸਫਾ ੪੮੮
21. ਉਪਰੋਕਤ- ਸਫਾ ੪੮੭
22. ਉਪਰੋਕਤ- ਸਫਾ ੪੮੬
23. ਉਪਰੋਕਤ- ਸਫਾ ੪੮੯-੯੦
24. ਉਪਰੋਕਤ- ਸਫਾ ੧੫੮-੫੯
25. ਲਾਲ ਏਹਿ ਰਤਨ-ਭਾਗ ੨ (ਸੰਪਾਦਿਤ ਪ੍ਰਿੰਸੀਪਲ ਬੇਅੰਤ ਕੌਰ)-ਸਫਾ ੨੭੨
26. ਕੂਕਾ ਲਹਿਰ- ਦਲੀਪ ਸਿੰਘ ਨਾਮਧਾਰੀ-੨੦੦੫ ਈ. ਚੰਡੀਗੜ੍ਹ- ਸਫਾ ੪੫

*ਕਰੀਵਾਲਾ (ਸਿਰਸਾ)*
*(੦੧੬੬੮-੨੭੪੫੬੨)*
*੧੧-੩-੨੦੦੮*

## ਭੁੱਲ ਦੀ ਸੋਧ

ਵਰਿਆਮ, ਮਾਰਚ ੨੦੦੮ ਵਿਚ ਸੂਬਾ ਜਵਾਹਰ ਸਿੰਘ ਜੀ ਵਾਲੇ ਲੇਖ ਵਿਚ ਉਹਨਾਂ ਦੇ ਅਕਾਲ ਚਲਾਏ ਦੀ ਮਿਤੀ ੨੯ ਨਵੰਬਰ ੧੮੮੩ ਛੱਪ ਗਈ ਹੈ।

ਇਸ ਨੂੰ ੧੮੮੨ ਈ. ਪੜ੍ਹਿਆ ਜਾਵੇ

*— ਸੁਵਰਨ ਸਿੰਘ ਵਿਰਕ*



Namdhari Elibrary NamdhariElibrary@gmail.com

Gram : 'Sniper'

Hello : 431367

Reputed Manufacturers of :

# Superior Quality

## SINGLE BARREL

&

# DOUBLE BARREL

B.L.–12 Bore

# GUNS

# MODERN GUN WORKS

**OPP. : INDUSTRIAL ESATE,**

**JAMMU CANTT.**



Namdhari Elibrary NamdhariElibrary@gmail.com



# ਚੋਣਵੇਂ ਪੰਜਾਬੀ ਸ਼ਿਅਰ

*ਰਜਿੰਦਰ ਖੇਤਰਪਾਲ*

* ਕੋਈ ਕਿਧਰੋਂ ਆ ਕੇ ਕੁਝ ਤਾਂ ਸਾਡਾ ਦਿਲ ਪਰਚਾਵੇ,
  ਰੋ ਰੋ ਹੁਣ ਤਾਂ ਹੋ ਚੱਲੀਆਂ ਹਨ ਅੱਖੀਆਂ ਲਹੂ-ਲੁਹਾਨ।

*ਗੁਰਚਰਨ ਰਾਮਪੁਰੀ*

* ਹਿਜਰ ਦੀ ਰਾਤ ਨੀਂਦਰ ਕਦ ਆਉਂਦੀ,
  ਵਸਲ ਦੀ ਰਾਤ ਕੌਣ ਸੌਂਦਾ ਹੈ!

*ਡਾ. ਰਣਧੀਰ ਸਿੰਘ ਚੰਦ*

* ਮਿੱਟੀ ਦਾ ਤਨ ਲੈ ਕੇ ਕਿੱਥੇ ਜਾਓਗੇ,
  ਏਥੇ ਹਰ ਇਕ ਬੂੰਦ ਕਹੇ ਮੈਂ ਸਾਗਰ ਹਾਂ।

* ਚੰਦ ਹੁਰਾਂ ਨੇ ਜਦ ਤੋਂ ਪਹਿਨੇ ਕਪੜੇ ਸਾਵੇ ਰੰਗਦੇ।
  ਪਤਝੜ ਵਿਚ ਨੇ ਰੁੱਖਾਂ ਉਤੇ ਫਿਰਦੇ ਪੱਤੇ ਟੰਗਦੇ।

* ਆਈ ਸੁਗੰਧ ਫਿਰ ਜਿਵੇਂ ਚੰਦਨ ਦੇ ਬਾਗ ਚੋਂ,
  ਦਿਲ ਜਾਪਦੈ ਜਿਓਂ ਹੋ ਗਿਆ ਜ਼ਹਿਰਾਂ ਤੋਂ ਬੇਖ਼ਬਰ।

* ਆਇਆ ਹੈ ਕਿਹੜੀ ਨੀਂਦ ਦਾ ਤੂਫਾਨ ਪਿਛਲੀ ਰਾਤ,
  ਸ਼ਹਿਰਾਂ 'ਚ ਲੋਕ ਫਿਰ ਰਹੇ ਸ਼ਹਿਰਾਂ ਤੋਂ ਬੇਖ਼ਬਰ।

* ਸੁਲਘਦਾ ਪੰਛੀ ਦੇ ਸੀਨੇ ਵਿਚ ਇਕਲਾਪਾ ਸੀ ਜੋ,
  ਚੀਖ਼ ਬਣਕੇ ਰਾਤ ਦੇ ਸੀਨੇ 'ਚ ਖੰਜਰ ਹੋ ਗਿਆ।

*ਪ੍ਰੀਤਮ ਸਿੰਘ ਕੰਵਲ*

* ਹੌਲੀ ਹੌਲੀ ਜਦ ਮੇਰਾ ਖੀਸਾ ਖਾਲੀ ਹੋ ਗਿਆ।
  ਫੇਰ ਮੈਂ ਜਨਾਬ ਤੋਂ ਜਨਾਬਿਆਲੀ ਹੋ ਗਿਆ।

* ਮਾਰੂਥਲ ਵਿਚ ਵਗੀਆਂ ਨਦੀਆਂ ਖ਼ੂਨ ਦੀਆਂ।
  ਟੱਪ ਗਈਆਂ ਨੇ ਹੱਦਾਂ ਯਾਰ ਜਨੂੰਨ ਦੀਆਂ।

* ਅਜਕਲ ਜਿੰਦ ਬਚਾਉਣੀ ਔਖੀ ਲੱਗਦੀ ਹੈ,
  ਦੂਸ਼ਤ ਹੋਈਆਂ ਪੌਣਾਂ ਮੇਰੇ ਸ਼ਹਿਰ ਦੀਆਂ।

*ਗੁਰਦਾਸ ਸਿੰਘ ਪਰਮਾਰ*

* ਦਿਲਬਰਾਂ ਦਾ ਜਦੋਂ ਤੋਂ ਦੀਦਾਰ ਹੁੰਦਾ ਜਾ ਰਿਹਾ।
  ਖ਼ੂਬਸੂਰਤ ਜਾਪਦਾ ਸੰਸਾਰ ਹੁੰਦਾ ਜਾ ਰਿਹਾ।

* ਹੋਂਦ ਤੇਰੀ ਨਾਲ ਜਾਂਦੀ ਹੈ ਜਿਧਰ ਜਾਂਦਾ ਹਾਂ ਮੈਂ।
  ਇਸ ਲਈ ਤਾਂ ਅਗਨੀਆਂ ਵਿਚ ਦੀ ਗੁਜਰ ਜਾਂਦਾ ਹਾਂ ਮੈਂ।

* ਘਾਟੀਆਂ, ਪਰਬਤ, ਸਮੁੰਦਰ ਬਹੁਤ ਨੇ ਰਸਤੇ 'ਚ ਪਰ,
  ਨਾਮ ਲੈ ਤੇਰਾ ਉਹ ਸਾਰੇ ਪਾਰ ਕਰ ਜਾਂਦਾ ਹਾਂ ਮੈਂ।

*ਸੁਰਿੰਦਰ ਸ਼ੀਹਰਾ*

* ਕਿੰਨੇ ਕੁ ਜੀਅ ਰਹੇ ਨੇ ਹੁਣ ਮੇਰੇ ਨਾਲ ਪੁੱਛਣਾ।
  ਤੇ ਮਰ ਗਏ ਨੇ ਜਿਹੜੇ, ਉਹ ਵੀ ਖਿਆਲ ਪੁੱਛਣਾ।

* ਚੰਗਾ ਨਹੀਂ ਜੇ ਲੱਗਦਾ ਤਾਂ ਠੀਕ ਵੀ ਨਹੀਂ ਇਹ,
  ਪਾਣੀ 'ਚ ਫੁੱਲ ਖਿੜੇ ਤੋਂ ਧਰਤੀ ਦਾ ਹਾਲ ਪੁੱਛਣਾ।

*ਮੋਹਨ ਸਿੰਘ ਬੈਰੀ*

* ਜ਼ਿੰਦਗੀ ਵਿਚ ਇਸਤਰਾਂ ਦੇ ਦੌਰ ਆਂਦੇ ਨੇ ਕਦੇ,
  ਜ਼ਿੰਦਗੀ ਜਦ ਆਪਣੀ ਇਹ ਜ਼ਿੰਦਗੀ ਹੁੰਦੀ ਨਹੀਂ।

* ਰੌਸ਼ਨੀ ਵਿਚ ਆਖਦਾ 'ਬੈਰੀ' ਹੈ ਸਭ ਕੁਝ ਹੋ ਰਿਹਾ,
  ਪਰ ਅਸਾਡੇ ਦਿਲਾਂ ਅੰਦਰ, ਰੌਸ਼ਨੀ ਹੁੰਦੀ ਨਹੀਂ।

*ਬਲਜੀਤ ਸਿੰਘ ਰੈਨਾ*

* ਬਚੀ ਨਾ ਕੰਧ ਬਰਲਿਨ ਦੀ ਇਨ੍ਹਾਂ ਵੀ ਟੁੱਟਣਾ ਇਕ ਦਿਨ,
  ਉਸਾਰੋ ਆਦਮੀ ਤੇ ਆਦਮੀ ਵਿਚ ਹੋਰ ਨਾ ਕੰਧਾਂ।

* ਸੁਣੋਗੇ ਸ਼ਿਅਰ ਮੇਰੇ ਤਾਂ ਮਿਲਣ ਦੀ ਤਾਂਘ ਜਾਗੇਗੀ,
  ਨਹੀਂ ਮਸ਼ਹੂਰ ਭਾਵੇਂ ਮੈਂ ਫ਼ਕਤ ਛੋਟਾ ਜਿਹਾ ਬੰਦਾ।

*ਵਰਿਆਮ ਅਸਰ*

* ਜਾਗਦੇ ਐਵੇਂ ਨਹੀਂ ਰਾਤਾਂ ਨੂੰ ਤਾਰੇ,
  ਜਾਗਿਆਂ ਹੀ ਦੂਰ ਹੁੰਦੇ ਨੇ ਹਨੇਰੇ।

*ਗੁਰਦਿਆਲ ਸਿੰਘ ਆਰਿਫ਼*

* ਰੌਣਕਾਂ ਇਸ ਵੇਖੀਆਂ ਸਨ, ਜਦ ਸੀ ਜੋਬਨ ਦੀ ਬਹਾਰ,
  ਹੁਣ ਤਾਂ ਪਤਝੜ ਵਾਂਗ ਹੈ ਸੁੰਨੀ ਪਈ ਫੁੱਲਾਂ ਦੀ ਸੇਜ।

* ਬਹੁਤ ਹੈ 'ਆਰਿਫ਼' ਅਜੇ ਚਿੱਠੀ ਦਾ ਆ ਜਾਂਦੇ ਜਵਾਬ,
  ਬਦਲ ਜਾਏਗਾ ਕਦੀ ਇਨਕਾਰ ਵੀ ਇਕਰਾਰ ਵਿਚ।

* ਗੋਲੀਆਂ ਵਿੰਨ੍ਹੀ ਪਈ ਸੜਕ ਤੇ ਲੋਥੇ ਦੱਸ ਜਾ,
  ਹੋਰ ਇਨਸਾਨ ਨੇ ਹੁਣ ਕਿੰਨਾ ਕੁ ਸਸੱਤਾ ਹੋਣੈ।

*ਜਨਮੀਤ*

* ਝੀਰਾਂ ਦੇ ਘਰ ਰਾਤ ਪਈ ਤੇ ਠੰਡਾ ਹਾਉਕਾ ਜਲਦਾ ਹੈ।
  ਲੰਬੜਾਂ ਦੇ ਘਰ ਰਾਤੀਂ ਦੀਵਾ ਦੇਸੀ ਘਿਉ ਦਾ ਬਲਦਾ ਹੈ।

* ਦੂਰ ਖਲਾ ਵਿਚ ਤਰਦਾ ਸੁਪਨਾ ਮੱਥੇ ਠੁਕਿਆ ਕਿੱਲ ਲੱਗਦਾ ਹੈ,
  ਮੈਨੂੰ ਧਰਤੀ ਉਤੇ ਲਾਹਵੋ ਹਰ ਪਲ ਜਿਹੜਾ ਕਹਿੰਦਾ ਰਹਿੰਦਾ।

Namdhari Elibrary  NamdhariElibrary@gmail.com 

* ਮੈਂ ਤਾਂ ਲਾਹੇ ਸੀ ਮਖੌਟੇ ਝੂਠ ਦੇ, ਪਾਖੰਡ ਦੇ,
ਦੋਸਤਾਂ ਨੇ ਆਖਿਆ ਮੂੰਹ-ਜ਼ੋਰ ਹੁੰਦਾ ਜਾ ਰਿਹਾ।

*ਹਰਦਮ ਸਿੰਘ ਮਾਨ*

* ਖ਼ੂਨ ਜਿਗਰ ਦਾ ਲੈ ਕੇ ਲਿਖੀਏ ਲੋਕ ਕਥਾ ਹੁਣ ਮਾਨ,
ਕਦੋਂ ਕੁ ਤੱਕ ਦਿਲ ਪਰਚਾਵੋਗੇ ਪ੍ਰੇਮ-ਕਥਾਵਾਂ ਨਾਲ।

*ਸੁਮਨ ਮਛਾਨਵੀ*

* ਸਾਹ ਰੁਕ ਰੁਕ ਕੇ ਕਹਿੰਦੇ ਨੇ।
ਦਿਨ ਥੋੜ੍ਹੇ ਬਾਕੀ ਰਹਿੰਦੇ ਨੇ।

* ਨੀਂਦ ਨੇ ਆਉਣਾ ਨਹੀਂ ਅੱਖਾਂ ਦੇ ਕੋਲ,
ਰਾਤ ਕਾਲੀ ਆਉਣੀ ਸੀ ਸੋ ਆ ਗਈ।

*—ਪੇਸ਼ਕਾਰ ਚਰਨ ਸੋਚੇਵਾਲਵੀ*
*੪੨੮, ਗੁਰੂਨਾਨਕਪੁਰਾ (ਵੈਸਟ)*
*ਡਾਕ- ਚੌਗਿੱਟੀ, ਜਲੰਧਰ-੧੪੪੦੦੯*
*ਫੋਨ- ੦੧੮੧-੨੨੩੧੬੫੪*

## ਗ਼ਜ਼ਲ

*—ਸਿਰੀ ਰਾਮ 'ਅਰਸ਼'*

ਦਿਲ ਤੇ ਕਰਦੈ ਹੁਣ ਤੇਰੇ ਝਾਂਸੇ ਦੇ ਵਿਚ ਆਵਾਂ ਨਾ ਮੈਂ।
ਪਰ ਤੇਰੀ ਡਿਓੜ੍ਹੀ 'ਚੋਂ ਉੱਠ ਕੇ ਹੋਰ ਥਾਂ ਜਾਵਾਂ ਨਾ ਮੈਂ।

ਘਰ 'ਚ ਬੈਠੇ ਮਿਲ ਗਿਆ ਹੈ ਨੂਰ ਦਾ ਸੋਮਾ ਜਦੋਂ,
ਇਕ ਸ਼ੁਆ ਖ਼ਾਤਰ ਵਣਾਂ ਵਿਚ ਦਿਲ ਨੂੰ ਭਟਕਾਵਾਂ ਨਾ ਮੈਂ।

ਨਿਰਬਲਾਂ ਅੰਦਰ ਜਿਨ੍ਹੇ ਝਟਪਟ ਭਰੀ ਸ਼ਕਤੀ ਅਜ਼ੀਮ,
ਓਸ ਸੁੰਦਰ ਗੀਤ ਨੂੰ ਹਿੱਕ ਨਾਲ ਕਿਉਂ ਲਾਵਾਂ ਨਾ ਮੈਂ?

ਦੇਸ਼ ਦੀ ਅੱਧੀ ਵਸੋਂ ਜੇ ਹੁਣ ਵੀ ਅੱਧ-ਭੁੱਖੀ ਰਹੇ,
ਰੋਟੀਆਂ ਦੀ ਥਾਂ 'ਤੇ 'ਚਾਰਾ' ਫੇਰ ਕਿਉਂ ਖਾਵਾਂ ਨਾ ਮੈਂ?

ਜਿਸ ਮੁਹੱਬਤ ਦੀ ਛਬੀ ਨੇ ਮੋਹ ਲਿਆ ਹੈ ਦਿਲ ਮੇਰਾ,
ਓਸ ਦੀ ਉਪਮਾ 'ਚ ਪਾਵਨ ਗੀਤ ਕਿਉਂ ਗਾਵਾਂ ਨਾ ਮੈਂ?

ਏਸ ਜੁਗ ਵਿਚ ਜਦ ਉਨ੍ਹਾਂ ਦੀ ਸਾਰਥਕਤਾ ਹੀ ਨਹੀਂ,
ਫਿਰ ਪੁਰਾਣੇ ਜੁਗ ਦੀਆਂ ਕੰਧਾਂ ਨੂੰ ਕਿਉਂ ਢਾਵਾਂ ਨਾ ਮੈਂ?

ਓਸ ਨੇ ਕਸ਼ਕੋਲ ਸ਼ੜਯੰਤਰ ਦਾ ਫੜਿਆ ਸੋਚ ਕੇ,
ਸਾਧਨਾ ਦੀ ਖ਼ੈਰ ਉਸ ਕਸ਼ਕੋਲ ਵਿਚ ਪਾਵਾਂ ਨਾ ਮੈਂ।

ਦੂਰ ਵਸਦੀ ਧਰਤ 'ਤੇ ਖੁਸ਼ੀਆਂ ਦੀ ਛਹਿਬਰ ਲੱਗ ਰਹੀ,
ਮਾਂ ਦਾ ਕਰਕੇ ਤਿਆਗ, ਮਹਿਕੀ-ਧਰਤ 'ਤੇ ਜਾਵਾਂ ਨਾ ਮੈਂ।

*੨੦੪ Sector ੬੫, ਮੋਹਾਲੀ*
*ਮੋਬਾਇਲ : ੯੮੮੮੪੫੨੨੦੪*

## ਦੋ ਗ਼ਜ਼ਲਾਂ

*—ਸਰਬਜੀਤ ਦਰਦੀ*

ਜ਼ੁਲਮ ਲਈ ਤਲਵਾਰ ਹੈ ਮੇਰੀ ਗ਼ਜ਼ਲ।
ਬੇ-ਕਸਾਂ ਦੀ ਯਾਰ ਹੈ ਮੇਰੀ ਗ਼ਜ਼ਲ।

ਪਿਆਰ ਦੇ ਲਈ ਪਿਆਰ ਹੈ ਮੇਰੀ ਗ਼ਜ਼ਲ।
ਵੈਰੀ ਲਈ ਲਲਕਾਰ ਹੈ ਮੇਰੀ ਗ਼ਜ਼ਲ।

ਹਕ ਲਈ ਖੜ੍ਹਦੀ ਹੈ ਸੀਨਾ ਤਾਣ ਕੇ,
ਹਕ ਦੀ ਪਹਿਰੇਦਾਰ ਹੈ ਮੇਰੀ ਗ਼ਜ਼ਲ।

ਝੂਠ ਨੂੰ ਲਾਗੇ ਨਾ ਲਗਣ ਦੇਵੇ ਇਹ,
ਕਿਉਂਕਿ ਸਚ ਦੀ ਵਾਰ ਹੈ ਮੇਰੀ ਗ਼ਜ਼ਲ।

ਤਕੜੇ ਮਾੜੇ ਦਾ ਨਾ ਕੋਈ ਭੇਦ ਹੈ,
ਲੈਂਦੀ ਸਭ ਦੀ ਸਾਰ ਹੈ ਮੇਰੀ ਗ਼ਜ਼ਲ।

ਇਸ ਚ ਮੇਰੇ ਖ਼ੂਨ ਦਾ ਹੀ ਰੰਗ ਹੈ,
ਮੇਰੀ ਹੀ ਮਹਿਕਾਰ ਹੈ ਮੇਰੀ ਗ਼ਜ਼ਲ।

ਸੰਧੂ ਜੀ ਦਾ ਹੱਥ ਹੈ ਸਿਰ ਤੇ ਮੇਰੇ,
ਤਾਂ ਹੀ ਪਾਏਦਾਰ ਹੈ ਮੇਰੀ ਗ਼ਜ਼ਲ।

ਖੁਸ਼ੀਆਂ, ਗ਼ਮੀਆਂ, ਦਰਦ, ਹਾਸੇ ਇਸ ਚ ਨੇ,
ਸਰਬ-ਰਸ ਭੰਡਾਰ ਹੈ ਮੇਰੀ ਗ਼ਜ਼ਲ।

(੨)

ਜੋ ਬੁਜ਼ਦਿਲ ਸਰਕਾਰਾਂ ਕੋਲੋਂ ਡਰਿਆ ਕਰਦੇ ਨੇ।
ਉਹ ਇੱਥੇ ਅਣਿਆਈ ਮੌਤੇ ਮਰਿਆ ਕਰਦੇ ਨੇ।

ਰਹਿੰਦੀ ਦੁਨੀਆਂ ਤਕ ਉਹਨਾਂ ਨੂੰ ਯਾਦ ਕਰੇ ਦੁਨੀਆਂ,
ਹਸ ਹਸ ਕੇ ਜੋ ਦੇਸ਼ ਕੌਮ ਲਈ ਮਰਿਆ ਕਰਦੇ ਨੇ।

ਵੀਰ ਲੜਾਉਣ ਪਾੜੇ ਪਾਉਣੇ, ਦੰਗੇ ਕਤਲ ਕਰਾ,
ਲੀਡਰ ਵੋਟਾਂ ਖਾਤਿਰ ਇਹ ਸਭ ਕਰਿਆ ਕਰਦੇ ਨੇ।

ਤੂੰ ਤਾਂ ਕਢ ਸਕਦਾ ਨਈ ਮੇਰੇ ਖਾਤਿਰ ਇਕ ਪਲ ਵੀ,
ਜਦ ਕਿ ਆਸ਼ਿਕ ਇਕ ਦੂਏ ਲਈ ਮਰਿਆ ਕਰਦੇ ਨੇ।

ਕਚਿਆਂ ਤਰਦੇ ਨਾਲੇ ਪਰਬਤ ਪੁਟਦੇ ਹਨ,
ਇਸ਼ਕ ਲਈ ਆਸ਼ਿਕ ਸਭ ਹੀਲੇ ਕਰਿਆ ਕਰਦੇ ਨੇ।

ਪੈਰ ਉਨਾਂ ਦੇ ਮੰਜ਼ਿਲ ਚੁੰਮਦੀ ਵੇਖੀ ਹੈ "ਦਰਦੀ"
ਹਸ ਹਸ ਕੇ ਜੋ ਦੁਖ ਤਕਲੀਫ਼ਾਂ ਜਰਿਆ ਕਰਦੇ ਨੇ।


Namdhari Elibrary NamdhariElibrary@gmail.com




ਰਾਮਪੁਰਾ ਫੂਲ ਵਿਖੇ ਸ਼ਹੀਦ ਵਰਿਆਮ ਸਿੰਘ ਯਾਦਗਾਰ ਕਮੇਟੀ ਵੱਲੋਂ ਇਲਾਕੇ ਦੇ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਮਨਾਏ ੨੫ਵੇਂ ਸ਼ਹੀਦੀ ਸਮਾਗਮ ਸਮੇਂ ਕਿਤਾਬਚਾ ਸਮਰਪਣ ਰੀਲੀਜ਼ ਕਰਦੇ ਹੋਏ ਕੈਬਨਿਟ ਮੰਤਰੀ ਸ. ਹੀਰਾ ਸਿੰਘ ਗਾਬੜੀਆ ਸਾਬਕਾ ਬਿਜਲੀ ਮੰਤਰੀ ਸਿਕੰਦਰ ਸਿੰਘ ਮਲੂਕਾ, ਐਸ. ਡੀ. ਐਮ ਓਮਾ ਸ਼ੰਕਰ ਅਤੇ ਸੰਤ ਹਰਪਾਲ ਸਿੰਘ ਸੇਵਕ।

੧੫੦ ਸਾਲਾ ਕੂਕਾ ਅੰਦੋਲਨ ਨੂੰ ਸਮਰਪਿਤ ਸਰਬ ਧਰਮ ਸੰਮੇਲਨ ਬਠਿੰਡਾ ਸਮੇਂ ਪ੍ਰਿੰਸੀਪਲ ਡਾ. ਸੁਰਜੀਤ ਸਿੰਘ ਭੱਟੀ, ਸੰਤ ਹਰਪਾਲ ਸਿੰਘ ਸੇਵਕ, ਡੀ. ਈ. ਓ, ਡਿਪਟੀ ਡਾਇਰੈਕਟਰ ਰੋਜ਼ਗਾਰ ਅਤੇ ਡਾ. ਲਖਵੀਰ ਸਿੰਘ ਬੱਚਿਆਂ ਨੂੰ ਸਨਮਾਨਿਤ ਕਰਦੇ ਹੋਏ।







ਲੰਡਨ ਦੇ ਹਾਊਸ ਆਫ਼ ਲਾਰਡਜ਼ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਮਾਗਮ ਸਮੇਂ ਵੈਸਟ ਬ੍ਰਾਮਿਚ ਦੇ ਲਾਰਡ ਕਿੰਗ ਸੂਬਾ ਜਗਤਾਰ ਸਿੰਘ ਅਤੇ ਸ. ਸੁਰਜੀਤ ਸਿੰਘ ਜੀਤ ਨੂੰ ਅੰਬੈਸਡਰ ਆਫ ਪੀਸ ਵਜੋਂ ਸਨਮਾਨਤ ਕਰਦੇ ਹੋਏ। ਸ. ਅਮਰਜੀਤ ਸਿੰਘ ਭੰਮਰਾ ਵੀ ਦਿਖਾਈ ਦੇ ਰਹੇ ਹਨ।

Namdhari Elibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਜੀ ਪ੍ਰਕਾਸ਼ ਪੁਰਬ ਸਮਾਗਮ ਸ੍ਰੀ ਭੈਣੀ ਸਾਹਿਬ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਸਨਮਾਨਤ ਪ੍ਰਾਪਤ ਕਰਦੀਆਂ ਹਸਤੀਆਂ



ਸ. ਪ੍ਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ ਪੰਜਾਬ



ਸ. ਤ੍ਰਲੋਚਨ ਸਿੰਘ ਮੈਂਬਰ ਪਾਰਲੀਮੈਂਟ,
ਸਾਬਕਾ ਚੇਅਰਮੈਨ
ਘੱਟ ਗਿਣਤੀ ਕਮਿਸ਼ਨ ਭਾਰਤ ਸਰਕਾਰ,



ਸ. ਤਜਿੰਦਰਪਾਲ ਸਿੰਘ ਸੰਧੂ
ਪ੍ਰਧਾਨ ਸ.ਸ.ਬੋਰਡ ਪੰਜਾਬ

Namdhari Elibrary NamdhariElibrary@gmail.com



ਸ੍ਰੀ ਓਮ ਪ੍ਰਕਾਸ਼ ਚੌਟਾਲਾ
ਸਾਬਕਾ ਮੁਖ ਮੰਤਰੀ ਹਰਿਆਣਾ,



ਡਾ. ਹਰਸ਼ਿੰਦਰ ਕੌਰ
ਪਟਿਆਲਾ



'ਨਾਮਧਾਰੀ ਸ਼ਹੀਦ' ਪੁਸਤਕ ਦੀ ਲੇਖਿਕਾ ਸੂਬਾ ਸੁਰਿਦਰ ਕੌਰ ਖਰਲ ਸ੍ਰੀ ਸਤਿਗੁਰੂ ਜੀ ਨੂੰ ਪੁਸਤਕ ਭੇਟ ਕਰਦੇ ਹੋਏ। ਨਾਲ ਖੜੇ ਹਨ ਸੰਤ ਰਛਪਾਲ ਸਿੰਘ ਅਤੇ ਸੰਤ ਭਗਵੰਤ ਸਿੰਘ।




ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸ. ਸੁਵਰਨ ਸਿੰਘ ਵਿਰਕ ਲਿਖਤ ਭਾਸ਼ਾ ਵਿਭਾਗ ਪੰਜਾਬ ਦੀ ਪੁਸਤਕ ਦੇਸ਼ ਦੀ ਆਜ਼ਾਦੀ ਸੰਗਰਾਮ ਦੇ ਸੁਰਖ ਪੱਤਰੇ ਰੀਲੀਜ਼ ਕਰਦੇ ਹੋਏ।

Namdhari Elibrary NamdhariElibrary@gmail.com



ਪਹਿਲ ਸੰਸਥਾ ਵਲੋਂ ਅੰਤਰਾਸ਼ਟਰੀ ਮਾਂ ਬੋਲੀ ਦਿਵਸ ਤੇ ਕੀਤੇ ਸਮਾਗਮ ਸਮੇਂ ਪ੍ਰਿੰਸੀਪਲ ਪ੍ਰੀਤਮ ਸਿੰਘ ਸਰਗੋਧੀਆ ਨੂੰ ਸਨਮਾਨਤ ਕਰਦੇ ਹੋਏ, ਸ. ਜਗਦੀਸ਼ ਸਿੰਘ ਵਰਿਆਮ, ਸ. ਸੁੱਚਾ ਸਿੰਘ ਵੇਘਲ, ਪ੍ਰੋ. ਲਖਬੀਰ ਸਿੰਘ 'ਪਹਿਲ' ਦੇ ਮੁਖੀ, ਜਗਦੀਸ਼ ਕੌਰ ਵਾਡੀਆ ਅਤੇ ਹੋਰ।

ਅਜੀਤ ਅਖਬਾਰ ਦੀ ਲਾਇਬ੍ਰੇਰੀ ਵਿਚ ਪਾਕਿਸਤਾਨ ਤੋਂ ਆਏ ਪ੍ਰਮੁਖ ਪੰਜਾਬੀ ਸ਼ਾਇਰ ਬਾਬਾ ਨਜਮੀ ਨੂੰ ਸਨਮਾਨਤ ਕਰਦੇ ਹੋਏ ਸ. ਕਰਨੈਲ ਸਿੰਘ ਪੀਰ ਮੁਹੰਮਦ, ਸ. ਜਗਦੀਸ਼ ਸਿੰਘ ਵਰਿਆਮ, ਸ੍ਰੀ ਹੰਸ ਰਾਜ ਹੰਸ, ਡਾ. ਦਲਜੀਤ ਸਿੰਘ ਚੀਮਾ (ਸਲਾਹਕਾਰ ਮੁਖ ਮੰਤਰੀ ਪੰਜਾਬ), ਸ੍ਰੀ ਦੀਪਕ ਜਲੰਧਰੀ, ਸ. ਮਨਮੋਹਨ ਸਿੰਘ ਸਹਿਗਲ ਐਮ. ਡੀ. ਇੰਪੀਅਰਲ ਬੈਂਕ ਅਤੇ ਪ੍ਰੋ. ਲਖਬੀਰ ਸਿੰਘ।





ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸ. ਮੋਤਾ ਸਿੰਘ ਸਰਾਏ, ਸ. ਜਗਦੀਸ਼ ਸਿੰਘ ਵਰਿਆਮ, ਬਾਬਾ ਨਜਮੀ ਅਤੇ ਰਾਜ ਗਾਇਕ ਪਦਮ ਸ੍ਰੀ ਹੰਸ ਰਾਜ ਹੰਸ।

Namdhari Elibrary NamdhariElibrary@gmail.com

# ਤੇਰੇ ਬਿਨ

—ਗੁਰਭਜਨ ਗਿੱਲ

ਜਦ ਧਰਤੀ ਹਾਉਕਾ ਭਰਦੀ ਹੈ,
ਮੋਇਆਂ ਨੂੰ ਚੇਤੇ ਕਰਦੀ ਹੈ।
ਅੱਖੀਆਂ ਦੇ ਤਲਖ਼ ਸਮੁੰਦਰ 'ਚੋਂ,
ਹੰਝੂਆਂ ਦੀ ਬਾਰਸ਼ ਵਰ੍ਹਦੀ ਹੈ।

ਕਿਸੇ ਬੇਬਸ ਕੈਦ ਪਰਿੰਦੇ ਦੀ,
ਪਰਵਾਜ਼ ਜਦੋਂ ਵੀ ਮਰਦੀ ਹੈ।
ਮੈਂ ਉਸ ਦੇ ਦਰਦ ਨੂੰ ਸੁਰ ਕਰ ਲਾਂ,
ਇਹ ਹੀ ਕਵਿਤਾ ਦੀ ਹੂਕ ਬਣੇ।

ਜਿਨ੍ਹਾਂ ਦੇ ਦਿਲ ਵਿਚ ਵਣਜ ਬਿਨਾ,
ਕੋਈ ਸੁਪਨਾ ਹੀ ਨਾ ਪੈਰ ਧਰੇ।
ਜ਼ਰਬਾਂ ਤਕਸੀਮਾਂ ਕਰਨ ਸਦਾ,
ਉਨ੍ਹਾਂ ਤੋਂ ਜ਼ਿੰਦਗੀ ਰੋਜ਼ ਡਰੇ।
ਜਿੰਨਾਂ ਨੇ ਸਾਰੀ ਖ਼ਲਕਤ ਨੂੰ,
ਕਰ ਦਿੱਤੈ ਰੂਹ ਤੋਂ ਹੋਰ ਪਰੇ।

ਜਿੰਨ੍ਹਾਂ ਦੀ ਹਕੂਮਤ ਇਹ ਚਾਹਵੇ,
ਹਰ ਰੁੱਖ ਤੋਂ ਸਿਰਫ਼ ਬੰਦੂਕ ਬਣੇ।
ਜਾਂ ਲਾਸ਼ਾਂ ਢੋਵਣ ਖ਼ਾਤਰ ਹੀ,
ਬਕਸਾ ਜਾਂ ਸਿਰਫ਼ ਸੰਦੂਕ ਬਣੇ।
ਕੋਈ ਮਰਦਾ ਹੈ, ਕੋਈ ਜੀਂਦਾ ਹੈ,
ਜੰਗਬਾਜ਼ਾਂ ਨੂੰ ਕੋਈ ਫ਼ਰਕ ਨਹੀਂ।
ਘੁੱਗੀਆਂ ਚੁੰਝ ਨਰਮ ਕਰੂੰਬਲ ਨੂੰ,
ਝਪਟਣ ਦਾ ਕੋਈ ਤਰਕ ਨਹੀਂ।
ਘੁੱਗੀਆਂ ਦਾ ਜੋੜਾ ਬਹਿ ਕੇ,
ਜਦੋਂ ਕਲੋਲ ਕਰੇ।
ਸਾਹਵਾਂ ਨੂੰ ਇਕ ਸੁਰ ਕਰਕੇ,
ਗਾਨੀ ਕੋਲ ਕਰੇ।
ਰੂਹਾਂ ਦਾ ਹੋਵੇ ਮੇਲ ਜਦੋਂ,
ਅੰਬਰਾਂ 'ਚੋਂ ਪਵੇ ਤਰੇਲ ਉਦੋਂ,
ਚੰਬਾ ਖਿੜ ਜਾਵੇ ਸਾਹਵਾਂ ਵਿਚ,
ਕੁਝ ਇਹੋ ਜਿਹਾ ਸਲੂਕ ਬਣੇ।
ਇਹ ਧੜਕਣ ਮਿੱਸਿਆਂ ਸਾਹਵਾਂ ਦੀ,
ਮੇਰੇ ਗੀਤਾਂ ਦੀ ਇਕ ਟੂਕ ਬਣੇ।

ਬੇਲੇ ਵਿਚ ਮੱਝੀਆਂ ਚਾਰਦਿਆਂ,
ਹਰ ਕੈਦੋਂ ਅੱਗੇ ਹਾਰਦਿਆਂ,
ਜ਼ਿੰਦਗੀ 'ਚੋਂ ਹੀਰ ਗੁਆਚੇ ਨਾ,
ਇਸ ਦੀ ਹੀ ਕੀਮਤ ਤਾਰਦਿਆਂ,
ਜਦ ਵੰਝਲੀ ਕੋਲ ਬੁਲਾਉਂਦੀ ਹੈ,
ਦਿਲ ਵਾਲੇ ਛੇਕ ਵਿਖਾਉਂਦੀ ਹੈ
ਮੈਂ ਕੁਲ ਆਲਮ ਦਾ ਸੋਜ਼ ਉਦੋਂ
ਇਸ ਦੀ ਪੋਰੀ ਅੰਦਰ ਭਰਦਾ ਹਾਂ,
ਬੱਸ ਤੈਨੂੰ ਚੇਤੇ ਕਰਦਾ ਹਾਂ।

ਹਟਕੋਰੇ ਭਰਦੀ ਪੌਣ ਉਦੋਂ,
ਛੇਕਾਂ ਨੂੰ ਪੋਟੇ ਛੋਹਣ ਜਦੋਂ,
ਕੋਈ ਤਰਜ਼ ਗੁਆਚੀ ਉਮਰਾਂ ਦੀ,
ਸੁਣ ਮਨ ਦਾ ਚੰਬਾ ਖਿਲਦਾ ਹੈ।

ਮਾਰੂਥਲ ਵਿਚ ਤੁਰਦੇ ਰਾਹੀ ਨੂੰ,
ਘੁੱਟ ਪਾਣੀ ਜੀਵਨ ਮਿਲਦਾ ਹੈ।
ਮੈਨੂੰ ਵੀ ਉਸ ਪਲ ਇਉਂ ਜਾਪੇ,
ਜਿਉਂ ਜੀਣ ਬਹਾਨਾ ਮਿਲਦਾ ਹੈ।

ਸੱਜਣਾਂ ਦੀ ਅੱਖ ਦਾ ਖੋਟ ਜਦੋਂ,
ਨਜ਼ਰਾਂ ਦੇ ਅੰਦਰ ਭਰ ਜਾਵੇ।
ਧੜਕਣ ਵਿਚ ਕੈਦ ਪਰਿੰਦਿਆਂ ਦੀ,
ਪਰਵਾਜ਼ ਉਸ ਪਲ ਮਰ ਜਾਵੇ।
ਤੇ ਨੀਲੇ ਅੰਬਰੀਂ ਉਸ ਵੇਲੇ,
ਕਲਮੂੰਹਾਂ ਧੂੰਆਂ ਭਰ ਜਾਵੇ।

ਧਰਤੀ ਦੀ ਸਹੁੰ ਮੈਂ ਉਸ ਵੇਲੇ,
ਕੱਲ੍ਹਾ ਘਬਰਾਵਾਂ, ਡਰਦਾ ਹਾਂ।
ਰੁੱਖਾਂ ਨੂੰ ਨੇੜਿਉਂ ਵੇਖਾਂ ਫਿਰ,
ਪੱਤਿਆਂ ਨੂੰ ਸਿਜਦੇ ਕਰਦਾ ਹਾਂ।
ਫੁੱਲਾਂ ਦੀਆਂ ਵੇਲਾਂ ਮਹਿਕਦੀਆਂ,
ਇਹ ਗੀਤ ਰੁਮਕਦੀ ਪੌਣ ਸੁਣੇ।
ਮੇਰੇ ਅਨਹਦ ਨਾਦ ਨੂੰ ਤੇਰੇ ਬਿਨ,
ਇਸ ਧਰਤੀ ਤੇ ਦੱਸ ਕੌਣ ਸੁਣੇ?


Namdhari Elibrary NamdhariElibrary@gmail.com

## ਮੁਸਲਸਲ ਗ਼ਜ਼ਲ

*—ਕਰਤਾਰ ਸਿੰਘ ਕਾਲੜਾ*

- ਦਾਣਾ ਦੁਣਕਾ ਪਾਓ ਉਡਕੇ ਆਣਗੀਆਂ।
  ਫਿਰ ਚਿੜੀਆਂ ਮਨ ਬਾਂਛਤ ਗੀਤ ਸੁਣਾਣਗੀਆਂ।
- ਇਹਨਾਂ ਚਿੜੀਆਂ ਦੀ ਬਿਰਤੀ ਤੋਂ ਬਚ ਜਾਣਾ,
  ਜਿੱਥੇ ਚੋਗਾ ਦਿੱਸਿਗਾ ਉੱਡ ਜਾਣਗੀਆਂ।
- ਰੰਗ ਦਿੱਤੀਆਂ ਜਿਸ ਰੰਗ ਵਿਚ ਜੋਸ ਲਲਾਰੀ ਨੇ,
  ਓਸੇ ਰੰਗ ਦਾ ਜਲਵਾ ਸਦਾ ਦਿਖਾਣਗੀਆਂ।
- ਖੁੱਲੀ ਸੋਚ ਇਹਨਾਂ ਦੀ ਬਸਤੀ ਵਰਜਿਤ ਹੈ,
  ਬਿਨਾਂ ਪੜ੍ਹੇ ਹੀ ਪੁਸਤਕ ਤਾਈਂ ਸਲਾਹਣਗੀਆਂ।
- ਭੋਲੀਆਂ ਸਨ ਪਰ ਠੂੰਗਾ ਮਾਰਨ ਸਿੱਖ ਗਈਆਂ,
  ਹੁਣ ਇਹ ਚਿੜੀਆਂ ਭਰਮ ਜਾਲ ਫੈਲਾਣਗੀਆਂ।
- ਹੋ ਜਾਂ ਤੂੰਵੀਂ ਸੁਚੇਤ 'ਕਾਲੜਾ' ਇਹਨਾਂ ਤੋਂ,
  ਇਹ ਤੇਰੇ ਮਨ ਵਿਚ ਵੀ ਸੰਨ੍ਹਾਂ ਲਾਣਗੀਆਂ।

*# ੨੨੪ ਪੰਜ਼ੂਸਰ, ਨਾਭਾ-੧੪੭੨੦੧*
*ਫੋਨ - ੦੧੭੬੫-੨੨੫੦੭੮*

## ਗ਼ਜ਼ਲ

*— ਕੁਲਵੰਤ ਜਗਰਾਉਂ*

ਤਿਲ ਤਿਲ ਕਰਕੇ ਮਰਨਾ ਮੁਸ਼ਕਿਲ।
ਹਰ ਪਲ ਪੀੜਾਂ ਜਰਨਾ ਮੁਸ਼ਕਿਲ।

ਕਿਰਦੇ ਜਾਂਦੇ ਸਾਹਾਂ ਵੇਲੇ
ਵਾਅਦੇ ਪੂਰੇ ਕਰਨਾ ਮੁਸ਼ਕਿਲ।

ਕੰਡਿਆਂ ਉੱਤੇ ਤੁਰਦੇ ਤੁਰਦੇ
ਫੁੱਲਾਂ ਦੇ ਰੰਗ ਭਰਨਾ ਮੁਸ਼ਕਿਲ।

ਇਸ਼ਕ ਨਿਭਾਣਾ ਡਾਢਾ ਔਖਾ
ਅੱਗ ਦਾ ਦਰਿਆ ਤਰਨਾ ਮੁਸ਼ਕਿਲ।

ਸੱਚੇ ਨੂੰ ਹੈ ਜਿੱਤਣਾ ਔਖਾ
ਝੂਠੇ ਤੋਂ ਵੀ ਹਰਨਾ ਮੁਸ਼ਕਿਲ।

ਆਪਣੇ ਹੱਥੀਂ ਅੰਗਿਆਰਾਂ 'ਤੇ
ਸੱਧਰਾਂ ਦੇ ਫੁੱਲ ਧਰਨਾ ਮੁਸ਼ਕਿਲ।

ਮੁੱਢ ਵਿਚ ਰੋਗ ਦਬਾਣਾ ਸੌਖਾ
ਰੋਗ ਦਬਾਣਾ ਵਰਨਾ ਮੁਸ਼ਕਿਲ।

*ਸੱਚ ਦੇ ਸਨਮੁਖ ਵਿੱਚੋਂ*

## ਗੀਤਾਂ ਦੀ ਗੰਢ

*—ਦਲਬੀਰ ਸਿੰਘ ਤਰਸ*

(੧)

ਗੀਤਾਂ ਦੀ ਗੰਢ ਪ੍ਰਭ ਜੀ ਮੇਰੇ, ਅੰਮ੍ਰਿਤ ਵੇਲਾ ਜਾਗਣ ਲੱਗੇ,
ਸਤਿਗੁਰ ਮੁੱਖੋਂ ਅੰਮ੍ਰਿਤ ਬਾਣੀ, ਹਿਰਦਿ[1] ਹਮਾਰੇ ਰਾਗਣ[2] ਲੱਗੇ।

ਦੂਰ ਖਲੋ ਮੈਂ ਤੱਕੀ ਜਾਵਾਂ, ਪੁੱਜ ਰਹੀਆਂ ਮੇਰੇ[3] ਅੰਮ੍ਰਿਤ ਧਾਰਾਂ,
ਸਾਰੀਆਂ ਵਿੱਥਾਂ ਮਰ ਮੁੱਕ ਜਾਵਣ, ਮੇਰਿਆਂ ਵਿਚ ਪਿਆਰਾਂ।

ਬਣ ਕੇ ਚਸ਼ਮਾਂ ਅੰਮ੍ਰਿਤ ਧਾਰਾ, ਘਰਿ[4] ਸਾਡੇ ਆ ਪੁੱਜੇ,
ਸੈ ਸੁਪਨੇ ਸਾਡੇ ਗੀਤੀਂ ਜਾਗਣ, ਜੋ ਰਹੀਏ ਸਦ ਰੁੱਜੇ।

ਅੰਮ੍ਰਿਤ ਜੀਵਨ ਸਤਿਗੁਰ ਪਾਸੋਂ, ਸੇਵਕ ਜਿਸ ਨੇ ਪਾਇਆ,
ਗੁੱਝੀਆਂ ਰਮਜ਼ਾਂ ਸਭ ਸਮਝਦਾ, ਇਹ ਸੂਰਮ[5] ਸਰਮਾਇਆ।

ਗੂੜ੍ਹ ਰਹਿਸ, ਇਹ ਸਤਿਗੁਰ ਲੀਲਾ, ਕੋਈ ਕੁ ਵਿਰਲਾ ਜਾਣੇ,
ਅਡੋਲ ਰਹੇ ਜੱਗਿ[6] ਜੀਣ ਭੋਗ ਰਿਹਾ, ਪੁੱਜ ਜਏ ਹਰੀ ਟਿਕਾਣੇ।
ਆਦ ਅੰਤ ਸੁੱਖ ਮਾਣੇ, ਪ੍ਰਭੂ ਜੀ! ਪੁੱਜ ਕੇ ਹਰੀ ਟਿਕਾਣੇ।

---

[1]:ਹਿਰਦਿ-ਹਿਰਦੇ ਵਿਚ, [2]:ਰਾਗਣ ਗੌਣ, [3]:ਮੇਰੇ-ਮੇਰੇ ਤੱਕ,
[4]:ਘਰਿ-ਹਿਰਦੇ ਵਿਚ, [5]:ਸੂਰਮ-ਮਹਾਨ, [6]:ਜੱਗਿ-ਜੱਗ ਵਿਚ।

(੨)

ਗੀਤਾਂ ਦੀ ਗੰਢ ਪ੍ਰਭ ਜੀ ਮੇਰੇ, ਵਿਗਸਣ ਲੱਗਾਂ ਚਿਤਵਾਂ ਚੀਤਿ[1]।
ਕਾਰ ਅਸਾਡੇ ਗਿਰਦ ਓਸਦੀ, ਆਠ ਪਹਿਰ ਸੰਗ ਵੱਸਣ ਮੀਤ।

ਸਤਿਗੁਰ ਮੇਰਾ ਲਾਲ[2] ਲਿਲਾਰੀ, ਰੰਗ ਦੀਨਾ ਇਹ ਮਨ ਮੇਰਾ,
ਏਕ ਸ਼ਬਦ ਮੇਰੇ ਹਿਰਦਿ[3] ਵਸਾ ਕੇ, ਪ੍ਰੇਮ ਦਾ ਪਾਇਆ ਘੇਰਾ।

ਅੰਮ੍ਰਿਤ ਸੋਮਾ ਪਾ ਕੇ ਜੀਵਨ, ਰੁੱਸ ਗਈਆਂ ਜੱਗੁ[4] ਵਾਰਾਂ,
ਗੁਰੂ ਨਾਮ ਦੀ ਲੋਅ ਵਿਚ ਬੈਠਾ, ਅਲੌਕਿਕ ਰੂਪ ਨਿਹਾਰਾਂ[5]।

ਉੱਤਮ ਸਭ ਤੋਂ ਪਾਇਆ ਕਾਰਜ, ਜੋ ਕਿਧਰੇ ਜਾਏ ਝੋਇਆ,
ਬਦਲੀ ਗਈ ਤਕਦੀਰ ਸਮੇਂ ਦੀ, ਜਾਂ ਕੋਈ ਰਹਿਬਰ ਹੋਇਆ।

ਸਮੇ ਪਛਾਤਾ ਆਪ ਜਿਨ੍ਹਾਂ ਨੂੰ ਹੱਥਿ ਅਰਪੀਆਂ ਡੋਰਾਂ,
ਸੱਚ ਦਾ ਮਾਰਗ ਮਾਨਣ ਵਾਲੇ, ਬਦਲਣ ਆਖਰ ਤੋਰਾਂ[6]।
ਸਦਾ ਸਦਾ ਲਈ ਲੋੜਾਂ, ਪ੍ਰਭ ਜੀ! ਬਦਲ ਦੇਣ ਜੋ ਤੋਰਾਂ।

---

[1]:ਚੀਤਿ-ਮਨ ਵਿਚ, [2]: ਲਾਲ-ਪ੍ਰਭੂ, [3]: ਹਿਰਦਿ-ਹਿਰਦੇ ਵਿਚ,
[4]: ਜੱਗੁ-ਜੱਗ ਦੀਆਂ, [5]: ਨਿਹਾਰਾਂ-ਦੇਖਣ ਲਈ ਤਾਂਘਾਂ
[6]:ਤੋਰਾਂ-ਕੂੜੀਆਂ ਰੁੱਚੀਆਂ।



Namdhari Elibrary NamdhariElibrary@gmail.com

# ਅਜ਼ਾਦੀ ਦੀ ਪਹਿਲੀ "ਦਹਾੜ"

*—ਮਹਿੰਦਰ ਸਿਘ "ਚਿਤਾਰ"*

ਸਿੱਖ ਇਤਿਹਾਸ ਦਾ ਪਿਛੋਕੜ ਦੱਸਦਾ ਹੈ ਕਿ ਬਾਬਾ ਬੰਦਾ ਬਹਾਦਰ ਦੇ ਸ਼ਹੀਦ ਹੋਣ ਦੇ ਬਾਦ ਅਤੇ ਸ੍ਰ. ਰਣਜੀਤ ਸਿੰਘ ਦੇ ਗੱਦੀ ਤੇ ਬੈਠਣ ਤਕ ਦਾ ਸਮਾਂ ਸਿੱਖਾਂ ਲਈ ਬੜਾ ਕਠਿਨ ਅਤੇ ਸੰਘਰਸ਼ਪੂਰਨ ਰਿਹਾ। ਇਸ ਸਮੇਂ ਕਈ ਸਿੱਖ ਸਰਦਾਰਾਂ ਆਪਣੇ ਰਾਜ ਕਾਇਮ ਕੀਤੇ ਪਰ ਸਿੱਖ ਰਾਜ ਸਿਰਫ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਨੂੰ ਹੀ ਆਖਿਆ ਜਾਂਦਾ ਹੈ ਜੋ ਪੇਸ਼ਾਵਰ ਤੋਂ ਸੱਤਲੁਜ ਦਰਿਆ ਅਤੇ ਮੁਲਤਾਨ ਤੋਂ ਲੈਕੇ ਕਸ਼ਮੀਰ ਤੱਕ ਅਤੇ ਅੰਗ੍ਰਾਂਹ ਕੁੱਝ ਪਹਾੜੀ ਰਾਜਿਆਂ ਤੇ ਵੀ ਰਾਜ ਕੀਤਾ, ਆਪਣਾ ਸਿੱਖ ਰਾਜ ਦਾ ਸਿੱਕਾ ਵੀ ਚਲਾਇਆ, ਜਿਸ ਉਪਰ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਮ ਅੰਕਿਤ ਸਨ ਪਰ ਸਮਾਂ ਪਾ ਰਾਜ ਦੀ ਖੁਮਾਰੀ ਮਹਾਰਾਜਾ ਰਣਜੀਤ ਸਿੰਘ ਦੇ ਸਿਰ ਚੜ ਗਈ। ਉਸ ਸਮੇਂ ਬਾਬਾ ਫੂਲਾ ਸਿੰਘ ਜੀ ਨੇ ਗੁਰਸਿੱਖਾਂ ਦੀ ਸਹਿਮਤੀ ਨਾਲ ਦੰਡ ਵੀ ਲਗਾਇਆ ਅਤੇ ਇਸਦੀ ਪਾਲਨਾ ਵੀ ਹੋਈ। ਮਹਾਰਾਜਾ ਰਣਜੀਤ ਸਿੰਘ ਮਗਰੋਂ ਸਿੱਖਾਂ ਦਾ ਪਹਿਰਾਵਾ ਅਤੇ ਚਾਲਚਲਨ ਵੀ ਬਹੁਤ ਨੀਵੀਂ ਸੱਤਰ ਤੱਕ ਗਿਰ ਚੁਕਿਆ ਸੀ ਧਰਮ ਵੀ ਢਹਿੰਦੀਆਂ ਕਲਾਂ ਵੱਲ ਤੁਰ ਪਿਆ। ਇਸ ਤਰ੍ਹਾਂ ਦੇ ਕਰਮ ਆਮ ਸ਼ੁਗਲ ਬਣ ਕੇ ਰਹਿ ਗਏ ਅਤੇ ਸਿੱਖ ਰਾਜ ਦਾ ਪਤਨ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਆਪਣੇ ਜੀਵਨ ਕਾਲ ਵਿਚ, ਆਪਣੀ ਸ਼ਖਸੀਅਤ ਨੂੰ ਇਤਨਾ ਪ੍ਰਭਾਵੀ ਬਣਾ ਚੁੱਕੇ ਸਨ ਕਿ ਉਹਨਾਂ ਦੇ ਅੱਖਾਂ ਮੀਟਦੇ ਹੀ, ਉਹਨਾਂ ਦੇ ਆਪਣਿਆਂ ਵਲੋਂ ਹੀ ਅੰਦਰੋਂ ਖੋਖਲੀ ਕੀਤੀ ਹਕੂਮਤ ਨੂੰ ਮੁੜ ਕੋਈ ਵੀ ਖੜੀ ਨਹੀਂ ਕਰ ਸਕਿੱਆ ਜਿਸ ਨੂੰ ਨਕਾਰਿਆ ਨਹੀਂ ਜਾ ਸਕਦਾ ਭਾਵੇਂ ਸਾਡੇ ਆਪਣੇ ਹੀ ਇਤਿਹਾਸਕਾਰ ਅੰਗਰੇਜ਼ਾਂ ਦੀ ਕੂਟਨੀਤੀ ਨੂੰ ਜ਼ਿਆਦਾ ਮਹੱਤਤਾ ਦੇ, ਸ਼ਾਇਦ ਕਿਤੇ ਨਾ ਕਿਤੇ ਰਹਿ ਗਈ ਕਮੀ ਨੂੰ ਨਕਾਰਨ ਦਾ ਜਤਨ ਕਰਦੇ ਰਹੇ ਪਰ ਇਹ ਵੀ ਸੱਚ ਹੈ ਕਿ ਜਿਸਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲਾਂ ਹੀ ਭਾਂਪ ਲਿਆ ਸੀ। ਆਪ ੨੨ ਸਾਲ ਦੀ ਉਮਰ ਵਿਚ ਸਿੱਖ ਫੌਜ ਵਿਚ ਭਰਤੀ ਹੋਏ ਸਨ, ਕੁੱਝ ਕੁ ਧਰਮ ਕਰਨ ਵਾਲੇ ਫੌਜੀਆਂ ਨੂੰ ਛੱਡ ਬਾਕੀ ਸਾਰੇ ਕੁਕਰਮੀ ਹੋ ਗਏ ਸਨ ਨੈਤਿਕਤਾ ਬਹੁਤ ਗਿਰ ਚੁੱਕੀ ਸੀ, ਗੁਰੂ ਰਾਮ ਸਿੰਘ ਜੀ ਦੀ ਬਿਰਤੀ ਹਮੇਸ਼ਾ ਹੀ ਅਕਾਲ-ਪੁਰਖ ਨਾਲ ਜੁੜੀ ਰਹਿੰਦੀ ਸਮਾ ਨਾਮ ਸਿਮਰਨ ਵਿਚ ਗੁਜ਼ਰਦਾ ਇਸ ਕਰ ਕੇ ਫੌਜ ਦੇ ਇਸ ਦਸਤੇ ਨੂੰ ਭਗਤਾਂ ਦੀ ਫੌਜ ਕਰਕੇ ਵੀ ਜਾਣਿਆ ਜਾਂਦਾ ਸੀ। ਜਦ ਇਹ ਫੌਜੀ ਟੁਕੜੀ ਸਰਕਾਰੀ ਡਿਊਟੀ ਨਿਭਾਉਣ ਲਈ ਪੇਸ਼ਾਵਰ ਗਈ ਉਸ ਸਮੇਂ ਹਜ਼ਰੋ ਨਾਮ ਦੇ ਅਸਥਾਨ ਵਿਚ ਬਾਬਾ ਬਾਲਕ ਸਿੰਘ ਜੀ ਦਾ ਜੱਸ ਬਹੁਤ ਸੁਣਿਆ ਇਸ ਤੋਂ ਪ੍ਰਭਾਵਿਤ ਹੋ ਬਾਬਾ ਰਾਮ ਸਿੰਘ ਜੀ ਉਹਨਾਂ ਦੇ ਦਰਸ਼ਨ ਕਰਨ ਤੋਂ ਆਪਣੇ ਆਪ ਨੂੰ ਰੋਕ ਨਹੀਂ ਸਕੇ ਅਤੇ ਪਹੁੰਚ ਗਏ। ਗੁਰੂ ਬਾਲਕ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਖਦਿਆਂ ਹੀ ਉਚੱਤਮ ਪਦਵੀ ਨਾਲ ਸੰਬੋਧਿਤ ਕਰ ਆਦਰ ਮਾਣ ਨਾਲ ਆਪਣੇ ਕੋਲ ਬਿਠਾ ਆਪਣੇ ਮਨ ਦੀ ਗੱਲ ਦਜ, ਪੰਜ ਪੈਸੇ ਦੇ ਨਾਰੀਅਲ ਰੱਖ ਗੁਰਤਾ ਬਖਸ਼ੀ।

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਜਾਗ੍ਰਤ ਕੀਤੀ ਸਿੱਖੀ ਨੂੰ ਲਗਭਗ ੧੫੮ ਸਾਲਾਂ ਬਾਦ ਸਤਿਗੁਰੂ ਰਾਮ ਸਿੰਘ ਜੀ ਨੇ ਮੁੜ ਪੰਜਾ ਪਿਆਰਿਆਂ ਨੂੰ ਤਿਆਰ ਕਰ ਅਮ੍ਰਿਤ ਛਕਾ ਮਰ ਚੁੱਕੀ ਸਿੱਖੀ ਨੂੰ ਜਾਗ੍ਰਤ ਕਰ ਸਿੱਖੀ ਪ੍ਰਚਾਰ ਆਰੰਭ ਕੀਤਾ। ਭਾਵੇਂ ਸਾਡੇ ਗੁਰੂਆਂ ਨੇ ਇਸਤ੍ਰੀਆਂ ਨੂੰ ਬਾਣੀ ਦੁਆਰਾ ਬੜੀ ਮਹਾਨਤਾ ਬਖਸ਼ੀ, ਗੁਰੂ ਨਾਨਕ ਜੀ ਦੇ ਆਸਾ ਦੀ ਵਾਰ ਦੇ ੧੯ਵੇਂ ਸ਼ਲੋਕ ਵਿਚ "ਭੰਡਹੁ ਹੀ ਭੰਡ ਉਪਜੈ ਭੰਡੈ ਬਾਝੁ ਨ ਕੋਇ। ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।" ਦਸਿਆ ਹੈ, ਪਰ ਸਤਿਗੁਰੂ ਰਾਮ ਸਿੰਘ ਜੀ ਨੇ ਇਸਤ੍ਰੀਆਂ (ਭੰਡ) ਨੂੰ ਵੀ ਅਮ੍ਰਿਤ ਛਕਾਉਣ ਅਤੇ ਆਨੰਦ-ਵਿਵਾਹ ਦੀ ਰਸਮ ਵਿਚ ਵਾਧਾ ਕਰ ਅਤੇ ਕਈ ਕੁਰੀਤੀਆਂ ਦਾ ਵਿਰੋਧ ਵੀ ਕੀਤਾ। ਅੰਗਰੇਜ਼ਾਂ ਦੇ ਦਿੱਤੇ ਲਾਲਚ ਵਿਚ ਆ ਕੁੱਝ ਰਸੂਖ ਵਾਲੇ ਸਿੱਖਾਂ ਜਾਗੀਰਾਂ ਹਾਸਿਲ ਕਰ ਲਈਆਂ ਪਰ ਸਤਿਗੁਰੂ ਰਾਮ ਸਿੰਘ ਜੀ ਦੇ ਅਨੁਯਾਈਆਂ ਤੇ ਇਸਦਾ ਪ੍ਰਭਾਵ ਬਿਲਕੁਲ ਹੀ ਨਹੀਂ ਪਿਆ। ਇਤਿਹਾਸ ਦੀ ਇਸ ਸੱਚਾਈ ਨੂੰ ਵੀ ਨਕਾਰਿਆ ਨਹੀਂ ਜਾ ਸਕਦਾ ਕਿ ਅੰਮ੍ਰਿਤਸਰ ਹਰਮੰਦਿਰ ਸਾਹਿਬ ਦੀ ਬੇਅਦਬੀ ਨਾ ਸਹਾਰਦੇ ਹੋਏ ਕੂਕਿਆਂ, ਅਮ੍ਰਿਤਸਰ ਦੇ ਬੁੱਚੜਾਂ ਨੂੰ ਇਸ ਸੰਸਾਰ ਤੋਂ ਹੀ ਚੁੱਕ ਦਿੱਤਾ ਅਤੇ ਆਪ ਸ਼ਹੀਦੀਆਂ ਪਾ ਗਏ। ਇਹ ਸਤਿਗੁਰੂ ਰਾਮ ਸਿੰਘ ਜੀ ਦੀ ਸਿਖਿਆ ਹੀ ਸੀ ਜੋ ਇਹ ਯਾਦਗਾਰੀ ਇਤਿਹਾਸ ਰਚ ਗਏ ਅਤੇ ਕੁਰਬਾਨੀਆਂ ਦੀ ਮਿਸਾਲ ਕਾਇਮ ਕੀਤੀ ਜੋ ਅੱਜ ਵੀ ਧਰਮ ਅਤੇ ਦੇਸ਼ ਤੇ ਆਪਣਾ ਆਪ ਵਾਰਨ ਵਾਲਿਆਂ ਲਈ ਆਪਣੇ ਆਪ ਨੂੰ ਕੁਰਬਾਨ ਕਰਨ ਦਾ ਮਾਰਗ ਦਰਸ਼ਨ ਕਰਵਾਉਂਦੀ ਹੈ। ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ ਦੀ ਦੁਬਾਰਾ ਰਚਨਾ ਕਰ ਦੁਨੀਆ ਦੇ ਸਾਹਮਣੇ ਗੁਰੂਆਂ ਦੀ ਮਰਿਆਦਾ ਨੂੰ ਮੁੜ ਜਾਗ੍ਰਿਤ ਕਰ ਦਿੱਤਾ। ਹਰ ਵਾਰੀ ਮਹਾਂਪੁਰਸ਼ ਆਉਣ ਵਾਲੀ ਨਸਲਾਂ ਨੂੰ ਬਹੁਤ



Namdhari Elibrary NamdhariElibrary@gmail.com

ਮੁਲਵਾਨ ਅਤੇ ਮਹਾਨ ਮਾਰਗ ਦਰਸ਼ਨ ਵੀ ਦੇ ਜਾਂਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੀ ਅੰਗੇਰਜ਼ਾਂ ਨਾਲ ਨਾ ਮਿਲਵਰਤਨ ਦੀ ਮੁਹਿਮ ਦੀ ਬਾਰੀਕੀ ਨੂੰ ਲਗਭਗ ੫੦ ਸਾਲਾਂ ਬਾਦ ਗੁਜਰਾਤ ਦੇ ਪੜ੍ਹੇ-ਲਿਖੇ ਬੈਰਿਸਟਰ ਬਾਣੀਏ ਮੋਹਨਦਾਸ ਨੇ ਬੜੀ ਬਰੀਕੀ ਨਾਲ ਸਮਝਿਆ, ਇਵੇਂ ਜਾਪਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਗਾਂਧੀ ਜੀ ਤੇ ਆਪਣੀ ਸਵੱਲੀ ਨਿਗ੍ਹਾਹ ਪਾ ਦਿੱਤੀ ਜਿਸਤੋਂ ਪ੍ਰਭਾਵਿਤ ਹੋ ਇਸ ਨਾ ਮਿਲਵਰਤਨ ਦੇ ਗਿਆਨ ਨੂੰ ਅੰਗਰੇਜ਼ਾਂ ਦੇ ਵਿਰੁੱਧ ਬੜੇ ਧੜੱਲੇ ਨਾਲ ਵਰਤਿਆ ਅਤੇ ਦੇਸ ਆਜ਼ਾਦ ਹੁੰਦਿਆ ਹੁੰਦਿਆ ਮਹਾਤਮਾ ਗਾਂਧੀ ਜੀ ਮਹਾਂਪੁਰਸ਼ ਦੀ ਪਦਵੀ ਉੱਤੇ ਜਾ ਪਹੁੰਚੇ।

ਧਰਮ ਦੀ ਸਭਿਅਤਾ ਆਜ਼ਾਦ ਦੇਸ਼ ਲਈ ਬੜੀ ਮਹੱਤਵ ਪੂਰਨ ਹੁੰਦੀ ਹੈ ਤਾਂ ਕਿ ਦੇਸ਼ ਵਿਦੇਸ਼ੀ ਤਾਕਤਾਂ ਤੋਂ ਹਮੇਸ਼ਾ ਆਜ਼ਾਦ ਰਹੇ। ਅੱਜ ਭਾਰਤ ਅਜ਼ਾਦੀ ਦੇ ਡੰਕੇ ਬੜੇ ਜ਼ੋਰਾਂ-ਸ਼ੋਰਾਂ ਨਾਲ ਮਚਾ ਰਿਹਾ ਹੈ ਪਰ ਕੀ ਆਮ ਭਾਰਤ ਨਿਵਾਸੀ ਇਹ ਜਾਣਦਾ ਹੈ ਕਿ ਇਸ ਦੀ ਨੀਂਹ ਸਤਿਗੁਰੂ ਰਾਮ ਸਿੰਘ ਜੀ ਦੀ ਛੱਤਰ ਛਾਇਆ ਹੇਠ ਉਹਨਾਂ ਦੇ ਹੀ ਜਪੀ ਤਪੀ ਸੂਰਵੀਰ ਸਿੰਘਾਂ ਨੇ ਹੀ ਤਾਂ ਰੱਖੀ ਹੈ। ਨਾਮ ਜਪਣ ਅਤੇ ਸਿਮਰਨ ਦੇ ਨਾਲ ਕੁਰੀਤੀਆਂ ਵਿਰੁੱਧ ਵੀ ਕੂਕਾ ਪੰਥ ਬੜਾ ਹੀ ਪ੍ਰਭਾਵਸ਼ਾਲੀ ਇਤਿਹਾਸ ਰਚ ਗਿਆ ਜਿਹਨਾਂ ਸ਼ੁੱਧਤਾ, ਸੁੱਚਮਤਾ ਅਤੇ ਚਿੱਟੇ ਖਾਦੀ ਦੇ ਕਪੜੇ, ਚਿੱਟੀ ਦਸਤਾਰ ਵਰਗਾ ਬੜਾ ਸਿੱਧਾ ਸਾਦਾ ਜੀਵਨ ਜੀਣ ਦੀ ਜੀਵਨ ਪ੍ਰਣਾਲੀ ਨੂੰ ਜਨਮ ਦਿੱਤਾ ਜੋ ਅੱਜ ਵੀ ਬਰਕਰਾਰ ਹੈ।

ਸਿੱਖ ਧਰਮ ਵਿਚ ਦਾਰਸ਼ਨਿਕ ਚਿੰਤਨ ਤੇ ਸ਼ਾਇਦ ਇਤਨਾ ਜ਼ੋਰ ਨਹੀਂ ਦਿੱਤਾ ਜਾਂਦਾ ਜਿਤਨਾਂ ਕਿ ਇਨਸਾਨ ਦੇ ਆਚਰਨ ਦੇ ਨਿਰਮਾਣ ਵਿਚ। ਜੱਗ ਪ੍ਰਸਿੱਧ ਮਾਨਤਾ ਹੈ ਕਿ ਜਿਸ ਧਰਮ ਵਿਚ ਇਸ ਦੀ ਪਾਲਨਾ ਸਹੀ ਤਰੀਕੇ ਨਾਲ ਕੀਤੀ ਜਾਏ ਉਹ ਧਰਮ ਉਤਨਾ ਹੀ ਵਿਕਸਿਤ ਹੁੰਦਾ ਹੈ। ਨਾਮਧਾਰੀ ਪੰਥ ਇਸ ਤੇ ਅੱਜ ਵੀ ਕਾਇਮ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਰਹਿਤ ਮਰਯਾਦਾ ਨੂੰ ਪ੍ਰਾਥਮਿਕਤਾ ਦਿੱਤੀ ਸੀ, ਜਿਸਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਮੁੜ ਜਾਗ੍ਰਿਤ ਕੀਤਾ। ਜਦ ਗੁਰੂ ਰਾਮ ਸਿੰਘ ਜੀ ਨੇ "ਮੁਦਕੀ" ਦੇ ਯੁੱਧ ਵਿਚ ਹਥਿਆਰ ਸੁੱਟ ਕਹਿ ਦਿੱਤਾ ਕਿ ਸਿੱਖ ਕਦੀ ਵੀ ਯੁੱਧ ਜਿੱਤ ਨਹੀਂ ਸਕਦੇ, ਇਸ ਯੁੱਧ ਵਿਚ ਸਿੱਖਾਂ ਨੂੰ ਹਥਿਆਰ ਸੁੱਟਣੇ ਹੀ ਪੈਣਗੇ ਜੋ ਪੂਰਣਤਯਾ ਸੱਚ ਹੋਇਆ। ਇਹੋ ਹੀ ਸਮਾਂ ਹੈ ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਸਿਪਾਹੀ ਜੀਵਨ ਦਾ ਅੰਤ ਹੋ ਗਿਆ, ਸਭ ਤੋਂ ਪਹਿਲਾਂ ੧੯੧੪ ਸੰਮਤ ਦੀ ਵਿਸਾਖੀ ਦੇ ਦਿਨ ਬਾਬਾ ਲਾਭ ਸਿੰਘ ਜੀ, ਬਾਬਾ ਨੈਣਾ ਸਿੰਘ ਜੀ, ਬਾਬਾ ਕਾਹਨ ਸਿੰਘ ਜੀ, ਬਾਬਾ ਸੁੱਧ ਸਿੰਘ ਜੀ, ਬਾਬਾ ਆਤਮਾ ਸਿੰਘ, ਸਤਿਗੁਰ ਰਾਮ ਸਿੰਘ ਜੀ ਦੇ ਸੇਵਕ ਬਣੇ, ਇਥੋਂ ਹੀ ਸ਼ੁਰੂਆਤ ਹੋਈ ਨਾਮਧਾਰੀ ਪੰਥ ਦੀ ਜਿਸਨੂੰ ੧੫੦ ਸਾਲ ਦਾ ਲੰਬਾ ਸਮਾਂ ਵਿਸਾਖੀ ੨੦੬੪ ਸੰਮਤ ਨੂੰ ਹੋ ਜਾਂਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਦੇ ਪ੍ਰਚਾਰ ਲਈ, ਬਾਬਾ ਜਵਾਹਰ ਸਿੰਘ ਜੀ, ਬਾਬਾ ਕਾਨ੍ਹ ਸਿੰਘ ਜੀ, ਬਾਬਾ ਸਾਹਿਬ ਸਿੰਘ ਜੀ, ਬਾਬਾ ਲੱਖਾ ਸਿੰਘ, ਬਾਬਾ ਦਰਬਾਰਾ ਸਿੰਘ ਜੀ ਪੰਜਾਂ ਸੂਬਿਆਂ ਦੀ ਨਿਯੁਕਤੀ ਕੀਤੀ ਜਦ ਅੰਗੇਰਜ਼ਾਂ ਦੇ ਸੂਹੀਆਂ ਇਸਦੀ ਖਬਰ ਉਹਨਾਂ ਦੇ ਹਾਕਮਾਂ ਤੱਕ ਪਹੁੰਚਾਈ ਇਹਨਾਂ ਸੂਬਿਆਂ ਨੂੰ ਨਜ਼ਰ ਬੰਦ ਕਰ ਦਿੱਤਾ ਪਰ ਸਤਿਗੁਰੂ ਰਾਮ ਸਿੰਘ ਜੀ ਨੇ ੧੭ ਹੋਰ ਸੂਬਿਆਂ ਦੀ ਨਿਯੁਕਤੀ ਕਰ ਪ੍ਰਚਾਰ ਨੂੰ ਹੋਰ ਗਤੀ ਪ੍ਰਦਾਨ ਕਰ ਦਿੱਤੀ।

ਮਲੇਰਕੋਟਲੇ ਦੀ ਮਹਾਨ ਘਟਨਾ ਨੇ ਅੰਗਰੇਜ਼ਾਂ ਦੇ ਹਾਕਮਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਘੇਰਨ ਦਾ ਮੌਕਾ ਮਿਲ ਗਿਆ ਜਿਸਦੀ ਤਾਕ ਵਿਚ ਉਹ ਸਨ। ਉਸ ਸਮੇਂ ਦੇ ਬੰਗਾਲ ਰੈਗੂਲੇਸ਼ਨ ਐਕਟ ੧੮੧੮ ਦੀ ਧਾਰਾ ਨੰਬਰ ਤਿੰਨ ਦੇ ਹੇਠ ਅਰਥਾਤ ਅੰਗਰੇਜ਼ੀ ਹਕੂਮਤ ਨਾਲ ਬਗਾਵਤ ਕਰਨ ਦੇ ਕਾਰਨ ਸਤਿਗੁਰੂ ਜੀ ਨੂੰ ਦੇਸ਼ ਨਿਕਾਲਾ ਦੇ ਛੱਡਿਆ।

ਸਤਿਗੁਰੂ ਰਾਮ ਸਿੰਘ ਜੀ ਨੇ ਭਾਵੇਂ ਸਕੂਲੀ ਵਿਦਿਆ ਪ੍ਰਾਪਤ ਨਹੀਂ ਸੀ ਕੀਤੀ ਪਰ ਆਪ ਜੀ ਦੀ ਮਾਤਾ ਸਦਾ ਕੌਰ ਜੀ ਦੀ ਛੱਤਰ ਛਾਇਆ ਹੇਠ ਧਾਰਮਿਕ ਵਿਚਾਰ, ਆਦਿ ਗ੍ਰੰਥ ਦੀ ਬਾਣੀ ਅਤੇ ਸਿੱਖ ਗੁਰੂਆਂ ਅਤੇ ਮਹਾਂਪੁਰਸ਼ਾਂ ਦੇ ਜੀਵਨ ਦਾ ਬਹੁਤ ਪ੍ਰਭਾਵ ਪਿਆ। ਸਿੱਖ ਫੌਜ ਵਿਚ ਭਰਤੀ ਹੋਣ ਬਾਦ ਹੀ ਰਾਜਨੀਤੀ ਦਾ ਗੂੜ੍ਹਾ ਗਿਆਨ ਪ੍ਰਾਪਤ ਹੋਇਆ। ਸਤਿਗੁਰਾਂ ਮਹਾਰਾਜਾ ਰਣਜੀਤ ਸਿੰਘ ਦੀ ਮਹਾਨਤਾ ਵੀ ਦੇਖੀ ਅਤੇ ਅਕਾਲੀ ਫੂਲਾ ਸਿੰਘ, ਸ. ਹਰੀ ਸਿੰਘ ਨਲੂਆ ਵਰਗੇ ਮਹਾਨ ਸੈਨਾਪਤੀਆਂ ਦੀ ਬਹਾਦੁਰੀ ਵੀ ਦੇਖੀ। ਸਿੱਖਾਂ ਦੀ ਆਨ ਬਾਨ ਅਤੇ ਸ਼ਾਨ ਨੂੰ ਵੀ ਆਪਣੀ ਅੱਖੀਂ ਦੇਖਿਆ ਪਰ ਮਹਾਰਾਜਾ ਰਣਜੀਤ ਸਿੰਘ ਜੀ ਦੇ ਅੱਖਾਂ ਮੀਟਦਿਆਂ ਸਾਰ ਹੀ ਸਿੱਖ ਰਾਜ ਕਿਵੇਂ ਢਹਿ ਢੇਰੀ ਹੋ ਗਿਆ ਇਹ ਵੀ ਦੇਖਿਆ, ਇਥੋਂ ਹੀ ਨਵੀਂ ਵਿਚਾਰਧਾਰਾ ਦਾ ਜਨਮ ਹੋਇਆ ਅਤੇ ਨਾਮਧਾਰੀ ਪੰਥ ਤੇ ਉਹਨਾਂ ਦੇ ਅਨੁਯਾਈ ਕੂਕਿਆਂ ਦਾ ਸੂਰਜ ਉੱਗਿਆ।

ਕੂਕਿਆਂ ਵਿਚ ਜੋਸ਼ ਭਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ "ਚੰਡੀ ਦੀ ਵਾਰ" ਦਾ ਪਾਠ ਕਰਨ ਦੀ ਪਰੰਪਰਾ ਸਤਿਗੁਰੂ ਰਾਮ ਸਿੰਘ ਜੀ ਨੇ ਚਲਾਈ ਜੋ ਬੜੀ ਸੂਝ ਬੂਝ ਦਾ ਕਰਿਸ਼ਮਾ ਅਤੇ ਰਾਜਨੀਤੀ ਨੂੰ ਟੱਕਰ ਦੇਣ ਵਾਲਾ ਮਹਾਨ ਹਥਿਆਰ ਬਣ ਗਿਆ ਜਿਸ ਤੇ ਚੱਲ ਕੇ ਅੱਜ ਨਾਮਧਾਰੀ ਪੰਥ ਚੜ੍ਹਦੀਆਂ ਕਲਾਂ ਵਿਚ ਹੈ।

*ਬੀ-੦੩, ਕਾਟੇ ਰੈਜ਼ੀਡੈਂਸੀ*
*ਦਾਪੋਡੀ, ਪੂਨਾ-੪੧੧੦੧੨*
*ਮਹਾਂਰਾਸ਼ਟਰ*
*ਮੋ : ੯੮੨੩੧੬੬੭੬੮*



Namdhari Elibrary NamdhariElibrary@gmail.com

# ਤੇਰਾ ਚੇਤਾ ਨਹੀਂ ਭੁੱਲਣਾਂ

*—ਸਾਧੂ ਸਿੰਘ ਕਿਸਾਨ*

ਹੁਣ ਦਿਲ ਨੂੰ ਘੇਰ ਲਗੇ-ਸੱਜਣ ਦੀਆਂ ਯਾਦਾਂ ਦੇ, ਮੇਰੇ ਮਨ ਵਿਚ ਢੇਰ ਲਗੇ।

ਦਿਲ ਧੁਹਣੀਆਂ ਯਾਦਾਂ ਝੁਰਮੁਟ ਪਾਇਆ ਹੋਇਆ ਏ- ਕਿਹੜੀ ਗੱਲ ਪਹਿਲਾਂ ਕਰਾਂ-ਕਿਹੜੀ ਬਾਦ। ਦਿਮਾਗ਼ ਸੁੰਨ ਜਿਹਾ ਹੋ ਗਿਆ ਜਾਪਦਾ ਏ। ਯਾਦਾਂ ਦੇ ਘੜਮੱਸ ਨਾਲ, ਕੋਈ ਤਰਤੀਬ ਨਹੀਂ ਪਈ ਬਣਦੀ।

੨੦੦੭ ਦੇ ਅੱਸੂ ਦਾ ਮਹੀਨਾ। ਸੰਤਾਂ ਦੇ ਆਗ੍ਰਹਿ ਤੇ ਜੱਪ ਪ੍ਰਯੋਗ ਵਿਚ ਮੈਂ ਵੀ ਸ਼ਾਮਲ ਹੋ ਗਿਆ।

ਸਾਡੇ ਵਿਚ ਹਰ ਸਿੱਖ ਸਾਧ ਨੂੰ ਸੰਤ ਜੀ ਕਹਿ ਕੇ ਬੁਲਾਣ ਦਾ ਚਲਣ ਹੈ, ਪਰ ਇਸ ਆਦਰਯੋਗ ਪਦ ਨੂੰ ਸਾਕਾਰ ਵਿਰਲੇ ਹੀ ਕਰਦੇ ਹਨ। ਇਹਨਾਂ ਵਿਰਲਿਆਂ ਵਿਚੋਂ ਹੀ, ਸੰਤ ਤਰਸੇਮ ਸਿੰਘ ਜੀ ਸਨ। ਮੇਰੇ ਨਾਲੋਂ ਉਮਰੋਂ ਵੀਹ ਵਰ੍ਹੇ ਛੋਟੇ-ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਸਿਦਕ-ਭਰੋਸੇ, ਤੇ ਹੋਰ ਅਨੇਕ ਗੁਣਾਂ ਵਿਚ, ਅੱਸੀ ਵਰ੍ਹੇ ਅਗੇਰੇ ਸਨ। ਮੈਨੂੰ ਅਨੇਕਾਂ ਵਾਰੀ ਡੋਲਦੇ ਨੂੰ ਥੰਮਿਆ। ਕਦੀ ਸਨੇਹ ਨਾਲ, ਕਦੀ ਝਿੜਕ ਨਾਲ, ਕਦੀ ਵਿਚਾਰ ਤੇ ਕਦੀ ਆਪਣੀ ਆਸਥਾ ਦੇ ਅਤੁਲ ਬਲ ਨਾਲ।

ਸੰਤਾਂ ਦਾ, ਸਤਿਗੁਰੂ ਜੀ ਦੀ ਰਸਨਾ ਤੇ ਏਨਾਂ ਭਰੋਸਾ-ਪਿਆਰ ਤੇ ਦ੍ਰਿੜ ਵਿਸ਼ਵਾਸ ਵੇਖਿਆ, ਕਿ ਜੇ ਇਹ ਬਚਨ-ਹੁਕਮ, ਕਿਸੇ ਨੇ ਆਪਣੀ ਲੋੜ ਨੂੰ, ਸਤਿਗੁਰੂ ਜੀ ਅੱਗੇ ਅਰਜ਼ ਕਰ ਕੇ, ਕਰਵਾ ਲਿਆ ਹੈ, ਤਾਂ ਅੱਗੋਂ ਉਜ਼ਰ ਇਨਕਾਰ ਨਹੀਂ ਕਰਨਾ।

ਨਿਜੀ ਤੌਰ ਤੇ, ਮੈਨੂੰ ਕਈ ਵਾਰ ਦਾ ਪਤਾ ਹੈ। ਇੰਜ ਹੋਇਆ, ਤਾਂ ਮੈਂ ਕਿਹਾ, ਇਸ ਬਚਨ ਦਾ ਹਾਣ-ਲਾਭ ਵਿਚਾਰ ਲਈਏ—ਤਾਂ ਕਹਿਣਾ-ਜੇ ਨਫ਼ਾ ਨੁਕਸਾਨ ਵਿਚਾਰਿਆ, ਤਾਂ ਮੰਨਿਆ, ਨਾ ਮੰਨਿਆ, ਇਕੋ ਜਿਹਾ ਹੋ ਗਿਆ। ਜੇ ਕਿਸੇ ਕਿਹਾ-ਤੁਹਾਨੂੰ ਸਤਿਗੁਰੂ ਜੀ ਵਲੋਂ, ਐਹ ਹੁਕਮ ਹੋਇਆ ਹੈ, ਤਾਂ ਕਹਿਣਾ, ਸ੍ਰੀ ਸਤਿਗੁਰੂ ਜੀ ਦੀ ਰਸਨਾ ਤੋਂ, ਮੇਰੇ ਕੰਨ ਜਿੰਨਾਂ ਚਿਰ ਨਹੀਂ ਸੁਣ ਲੈਂਦੇ, ਮੈਂ ਕਿਸੇ ਦੇ ਆਖੇ, ਹੁਕਮ ਪ੍ਰਵਾਨ ਕਰਨ ਵਾਲਾ ਨਹੀਂ।

ਸ੍ਰੀ ਸਤਿਗੁਰੂ ਜੀ ਤੇ ਸਿਦਕ-ਸਨੇਹ ਤੇ ਭਰੋਸੇ ਦੀਆਂ ਅਨੇਕ ਵਾਰਤਾਵਾਂ ਵਰਤੀਆਂ, ਪਰ ਸੰਤ ਜੀ ਅਤੇ ਮੇਰੇ ਵਿਚਾਰ, ਬਹੁਤੀ ਵਾਰ ਆਪਸ ਵਿਚ ਟਕਰਾ ਜਾਂਦੇ ਸਨ। ਓਹ ਮਹਾਂ-ਦ੍ਰਿੜ ਸ਼ਰਧਾਵਾਨ, ਮੈਂ ਤਰਕਵਾਦੀ ਸ਼ਰਧਾਲੂ। ਪਰ ਕੁਝ ਨੁਕਤੇ ਸਾਡੇ ਸਾਂਝੇ ਸਨ, ਜਿੱਥੇ ਅਸੀਂ ਇਕੱਠੇ ਆ ਮਿਲਦੇ ਸਾਂ। ਜਿਵੇਂ, ਸ੍ਰੀ ਸਤਿਗੁਰੂ ਜੀ ਦੀ ਅਤਿ ਚੇਤੰਨਤਾ ਅਤੇ ਦਰਿਆਦਿਲੀ।

ਇਸ ਪ੍ਰਯੋਗ ਸਮੇਂ ਪਤਾ ਲੱਗਾ, ਪਟਿਆਲੇ ਦਾ ਸੀਨੀਅਰ ਐਡਵੋਕੇਟ ਸ. ਸਾਹਬ ਸਿੰਘ ਢੀਂਡਸਾ, ਪੌੜੀਆਂ ਤੋਂ ਡਿੱਗ ਕੇ-ਮੋਢਿਆਂ ਪਿੱਛੇ ਚੋਟ ਲੱਗਣ ਕਰ, ਮੁਹਾਲੀ ਹਸਪਤਾਲ ਬਿਹੋਸ਼ ਪਿਆ ਹੈ। ਇਹ ਨਾਮਧਾਰੀ ਪ੍ਰਵਾਰ ਵਿਚੋਂ ਅਤੇ ਬਹੁਤ ਹਰਦਿਲ ਅਜ਼ੀਜ਼ ਇਨਸਾਨ ਸੀ। (ਕਈ ਦਿਨਾਂ ਬਾਦ, ਜਦੋਂ ਮੈਂ ਇਸ ਦੇ ਸਸਕਾਰ ਤੇ ਪੁੱਜਿਆ, ਇੰਜ ਲੱਗਿਆ, ਜਿਵੇਂ ਸਾਰਾ ਪਟਿਆਲਾ ਸ਼ਮਸ਼ਾਨ ਸਥਲ ਆ ਗਿਆ ਹੋਵੇ)।

ਇਸ ਪ੍ਰਯੋਗ 'ਚ ਲੱਗਣ ਬਾਰੇ ਪ੍ਰੋਗਰਾਮ ਇੰਜ ਦਾ ਬਣਿਆ। ਇਕ ਦਿਨ ਪਹਿਲਾਂ, ਭੈਣੀ ਸਾਹਿਬੋਂ, ਸੋਧ ਵਾਲਾ ਜਲ ਭਰ ਕੇ, ਗੱਡੀ ਵਿਚ ਧਰ ਲਿਆ। ਸੰਤ ਮੈਨੂੰ ਕਹਿਣ ਲੱਗੇ, ਜੇ ਤੂੰ ਵੀ ਸੋਧ ਰੱਖੇਂ, ਇਕ ਭਾਂਡਾ ਜਲ ਦਾ ਹੋਰ ਭਰ ਲਈਏ? ਮੈਂ ਇਕ ਪੁਰਾਣੀ ਸਾਖੀ ਸੁਣਾ ਕੇ, ਆਪਣਾ ਬਚਾ ਕਰ ਗਿਆ।

ਹੋਇਆ ਇੰਜ ਕਿ ਜੀਵਨ ਨਗਰ ਇਲਾਕੇ, ਦਮਦਮੇ ਇਕ ਮੇਲੇ ਸਮੇਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਖ਼ਾਸ ਕੁਝ ਮੁਖਤਿਆਰ ਕਿਸਮ ਦੇ ਸਿੱਖ ਬੈਠੇ ਸਨ। ਕੁਝ ਕੁ ਦੇ ਨਾਂ ਇੰਜ ਚੇਤੇ ਆ ਰਹੇ ਹਨ।— ਸ. ਅਵਤਾਰ ਸਿੰਘ ਝੱਬਰ, ਸ. ਰਵੇਲ ਸਿੰਘ ਮੋਰੀ ਵਾਲੀਆ, ਸ. ਹਰੀ ਸਿੰਘ ਵਡਾਣੀਆ, ਨੰਬਰਦਾਰ ਅਮਰ ਸਿੰਘ ਜੀਵਨ ਨਗਰ, ਮਾ. ਅਮਰੀਕ ਸਿੰਘ ਅਮਰਾਸਰੀ। ਬਚਨ ਬਿਲਾਸ ਕਰਦਿਆਂ ਸਤਿਗੁਰੂ ਜੀ ਹੁਕਮ ਕੀਤਾ-ਜੇ ਤੁਸੀਂ ਸਾਰੇ ਸੋਧ ਰੱਖ ਲਓ ਤਾਂ ਮੈਂ ਸੰਗਤ ਅਗੇ ਵੀ ਅਰਜ਼ ਕਰ ਸੱਕਾਂਗਾ। ਸਾਰਿਆਂ ਬਾਹਰ ਅੰਦਰ ਔਣ ਜਾਣ ਦਾ ਪੱਜ ਲਾ ਕੇ ਅਸਮਰੱਥਾ ਜ਼ਾਹਰ ਕੀਤੀ। ਸਤਿਗੁਰੂ ਜੀ ਨੇ ਕਈ ਛੋਟਾਂ ਦੇਂਦਿਆਂ ਫ਼ੁਰਮਾਇਆ ਜੇਹੜਾ ਛੇ ਮਹੀਨੇ ਸੋਧ ਰੱਖ ਲਏ ਉਸ ਨੂੰ ਫਿਰ ਕਦੀ ਸੋਧ ਰੱਖਣ ਤੋਂ ਛੋਟ ਮਿਲ ਜਾਇਗੀ। ਅਖੀਰ ਗੱਲ ਮਾਸਟਰ ਜੀ ਤੇ ਅਮਰ ਸਿੰਘ ਨੰਬਰਦਾਰ ਤੇ ਆ ਅਟਕੀ। ਮਾਸਟਰ ਜੀ ਕਿਹਾ-ਜੇ ਕਿਸਾਨ ਸੋਧ ਰੱਖ ਲਏ ਤਾਂ ਮੈਂ ਵੀ ਸੋਧ ਧਾਰਨ ਕਰ ਲਵਾਂਗਾ। ਸਾਰੇ ਇਸ ਗੱਲ ਤੇ ਸਹਿਮਤ ਹੋ ਗਏ।

ਸ੍ਰੀ ਸਤਿਗੁਰੂ ਜੀ ਨੇ ਉਸੇ ਵੇਲੇ ਇਕ ਨੌਜਵਾਨ ਬਾਹਰੋਂ ਬੁਲਾ ਕੇ, ਸਾਈਕਲ ਤੇ ਭੇਜ ਦਿੱਤਾ ਕਿ ਹੁਣੇ ਜਾ ਕੇ ਸਾਧੂ ਸਿੰਘ ਕਿਸਾਨ ਨੂੰ ਲੈ ਕੇ ਆ। ਕੋਈ ਗੱਲ ਨਹੀਂ ਦੱਸਣੀ। ਓਹ ਸਿੱਖ ਆ ਕੇ ਮੈਨੂੰ ਪੱਠੇ ਕੁਤਰਦੇ ਨੂੰ ਮਿਲਿਆ, ਕਹਿੰਦਾ-ਸਤਿਗੁਰੂ ਜੀ ਦਾ ਹੁਕਮ ਹੈ-ਕੰਮ ਛੱਡ ਕੇ ਹੁਣੇ ਤੁਰ ਪਓ! ਬਾਪੂ ਜੀ ਨੇ ਫ਼ੁਰਮਾਇਆ-ਜੋਗਾ ਸਿੰਘ ਵਾਲਾ ਹੁਕਮ ਹੈ, ਮੋੜਨਾ ਨਹੀਂ! ਮੈਂ ਉਸੇ ਵੇਲੇ ਸਾਈਕਲ ਤੇ ਚੜ੍ਹ ਦੌੜਿਆ। ਅਗੇ ਪਾਤਸ਼ਾਹ ਬਰਾਂਡੇ ਸਾਹਮਣੇ ਉਡੀਕ ਰਹੇ ਸਨ।

ਹੁਕਮ ਹੋਇਆ-ਮੇਰੀ ਇਕ ਗੱਲ ਜ਼ਰੂਰ ਹੀ ਮੰਨਣੀ ਹੋਵੇਗੀ! ਮੈਂ ਅਰਜ਼ ਕੀਤੀ, 'ਜੀ ਸੱਤ ਬਚਨ'। ਸਾਰਿਆਂ ਰੌਲਾ ਪਾਇਆ-ਪਹਿਲਾਂ ਗੱਲ ਤੇ ਪੁੱਛ ਲੈ... ਆਇਆ ਵੱਡਾ ਸੱਤ

Namdhari Elibrary

NamdhariElibrary@gmail.com

ਬਚਨੀਂ। ਹਜ਼ੂਰ ਨੇ ਤਾੜੀ ਮਾਰ ਕੇ ਫ਼ੁਰਮਾਇਆ-ਚਲੋ ਹੋ ਜਾਓ ਤੁਸੀਂ ਵੀ ਤਿਆਰ। ਫਿਰ ਮੈਨੂੰ ਹੁਕਮ ਕੀਤਾ-ਛੇ ਮਹੀਨੇ ਸੋਧ ਰੱਖਣੀ ਹੈ-ਫਿਰ ਕਦੀ ਵੀ ਨਹੀਂ! ਮੈਂ ਫਿਰ 'ਸੱਤ ਬਚਨ, ਕਰ ਦਿੱਤਾ। ਸਾਰਿਆਂ ਦੇ ਮੂੰਹ ਲਪਕ ਗਏ।'

ਉਸੇ ਵੇਲੇ, ਮੇਰਾ ਮੁੜਕਾ ਭਿੱਜੇ ਦਾ ਇਸ਼ਨਾਨ ਕਰਾ ਕੇ ਅੰਮ੍ਰਿਤ ਛਕਾ ਦਿੱਤਾ। ਪ੍ਰਸ਼ਾਦਾ ਛਕਾ ਕੇ ਸ਼ਾਮ ਦਾ ਲੰਗਰ, ਘਰ ਵਾਸਤੇ ਅੰਮ੍ਰਿਤ, ਦੇ ਕੇ ਖੁਸ਼ੀਆਂ ਬਖਸ਼ ਕੇ ਤੋਰਿਆ। ਬਾਕੀਆਂ ਵਿਚੋਂ ਸਿਰਫ ਹਰੀ ਸਿੰਘ ਵਡਾਣੀਆਂ ਨੇ ਸੋਧ ਰੱਖੀ, ਪਰ ਛੇ ਮਹੀਨੇ ਪੂਰੇ ਨਾ ਕਰ ਸਕਿਆ। ਮੈਂ ਛੇ ਮਹੀਨੇ ਬਾਦ ਭੈਣੀ ਸਾਹਿਬ ਜਾ, ਅਰਜ਼ ਕਰ ਕੇ ਸੋਧ ਭੇਟ ਕਰ ਦਿੱਤੀ।

ਅੱਸੂ ਸੰਗਰਾਂਦ ਵਾਲੇ ਦਿਨ, ਸੰਤ ਜੀ, ਅਤੇ ਸੰਤਾਂ ਦੀ ਬੇਟੀ ਦੇਵਾ, ਸੋਧ ਇਸ਼ਨਾਨ ਕੀਤੇ। ਸ੍ਰੀ ਭੈਣੀ ਸਾਹਿਬ ਪਹੁੰਚ ਕੇ ਅੰਮ੍ਰਿਤ ਛਕਿਆ। ਪੌਣੇ ਤਿੰਨ ਵਜੇ ਤਿੰਨੇ ਅਰਦਾਸ ਵਿਚ ਹਾਜ਼ਰ ਹੋ ਗਏ।

ਆਸਾ ਦੀ ਵ੍ਹਾਰ ਦੇ ਕੀਰਤਨ ਬਾਦ, ਜਦ ਲੰਗਰ ਵੱਲ ਨੂੰ ਤੁਰੇ, ਤਾਂ ਸੰਤ ਜੀ ਪੈਰ ਪੈਰ ਤੇ ਅਟਕਦੇ ਜਾਣ। ਕੁਝ ਚਿਰ ਤਾਂ ਮੈਂ ਉਡੀਕਦਾ ਰਿਹਾ-ਫਿਰ ਦੇਵਾ, ਨੂੰ ਦੱਸ ਕੇ, ਮੈਂ ਲੰਗਰ ਛਕਣ ਚਲਾ ਗਿਆ। ਮੇਰੇ ਵਾਪਸ ਮੁੜਨ ਤੱਕ ਵੀ, ਸੰਤ ਜੀ ਅਜੇ ਲੰਗਰ ਤਕ ਨਹੀਂ ਸਨ ਪਹੁੰਚੇ। ਮੈਂ ਦੇਵਾ ਨੂੰ ਕਿਹਾ ਲੰਗਰ ਛਕ ਲੈ, ਸੰਤਾਂ ਦਾ ਕੀ ਪਤਾ ਅਜੇ ਹੋਰ ਕਿੰਨਾਂ ਚਿਰ ਲਾ ਦੇਣ।

ਦੇਵਾਂ ਕਿਹਾ-ਜੇ ਮੈਂ ਪਹਿਲਾਂ ਛਕ ਲਵਾਂ, ਤਾਂ ਮੈਨੂੰ ਪਿਤਾ ਜੀ ਦੀ ਭੁੱਖ ਦਾ ਚੇਤਾ ਨਹੀਂ ਰਹਿਣਾ। ਮੈਂ ਪੰਡਿਤ ਜੀ ਦੇ ਡੇਰੇ ਜਾ ਰਿਹਾਂ! ਕਹਿ ਕੇ ਚਲਾ ਗਿਆ।

ਦੋ ਕੁ ਘੰਟੇ ਬਾਦ ਆ ਪੰਡਿਤ ਜੀ ਨੂੰ ਪਰਨਾਮ ਕੀਤੀਓ ਨੇ। ਥੋੜਾ ਬਚਨ ਬਿਲਾਸ ਕਰ ਕੇ ਫਿਰ ਅਮਰੀਕਾ ਵਾਲੇ ਜਗਦੀਸ਼ ਸਿੰਘ ਜੀ-(ਜਿਨਾਂ ਦੀ ਸਾਥਣ ਸੁਰਤ ਖਰਾਬ ਹੋਣ ਕਰ ਪ੍ਰੇਸ਼ਾਨੀ ਵਿਚ ਹੈ) ਨੂੰ ਮਿਲਣ ਗਏ। ਸੰਤਾਂ ਦੱਸਿਆ, ਅਮਰੀਕਾ ਵਿਚ ਮੇਰੀ ਬੀਮਾਰੀ ਵੇਲੇ, ਮੇਰੀ ਬਹੁਤ ਸੰਭਾਲ ਕੀਤੀ ਸੀ ਏਹਨਾਂ। ਗਿਆਰਾਂ ਵਜੇ ਘਰ ਲੁਧਿਆਣੇ ਪਹੁੰਚੇ। ਦੋ ਵਜੇ ਨਿਤਨੇਮ ਵਿਚ ਫਿਰ ਗੁਰ-ਸੰਗਤ ਦੇ ਦਰਸ਼ਨ ਕੀਤੇ। ਸਿੱਖਾਂ ਸਾਧਾਂ ਨੂੰ ਮਿਲਦੇ ਸ਼ਾਮ ਦੇ ਅੱਠ ਵਜ ਗਏ। ਮੈਂ ਤਾਂ ਫਿਰ ਲੰਗਰ ਛਕ ਲਿਆ... ਏਹ ਪਿਤਾ ਪੁੱਤਰੀ ਨਿਰਾਹਾਰ ਹੀ ਨੌਂ ਵਜੇ ਘਰ ਪਹੁੰਚੇ। ਘਰ ਜਾ ਕੇ ਵੀ ਮੈਂ ਸੌਂ ਜਾਣਾ। ਸੰਤਾਂ ਆਪਣੇ ਤੇ ਮੇਰੇ ਵੀ ਕਪੜੇ ਧੋ ਕੇ-ਸਾਰਾ ਘਰ ਪਾਣੀ ਮਾਰ ਕੇ ਸਾਫ਼ ਕਰਨਾ। ਹੋਰ ਨਿੱਕੇ ਮੋਟੇ ਕੰਮ ਕਰਦਿਆਂ ਗਿਆਰਾ ਵਜੇ ਸੌਣਾ। ਇਕ ਵਜੇ ਫਿਰ ਇਸ਼ਨਾਨ ਦੀ ਤਿਆਰੀ। ਬੱਸ! ਇਹੋ ਹਮਾਰਾ ਨਿੱਤ ਦਾ ਜੀਵਣਾ ਸੀ।

ਮੈਂ ਇਕ ਦਿਨ ਹੌਲੇ ਜਹੇ ਆਖਿਆ-ਇਸਤਰਾਂ ਤਾਂ ਸੇਹਤ ਖਰਾਬ ਹੋ ਜਾਇਗੀ। ਸ਼ਾਮ ਦਾ ਲੰਗਰ ਛਕਣ ਦਾ ਵਸੀਲਾ ਕਰੋ! ਕਹਿੰਦੇ-ਅਗੇ ਕੇਹੜੇ ਪਹਿਲਵਾਨ ਬਣੇ ਫਿਰਨੇ ਆਂ-ਏਹ ਪ੍ਰਯੋਗ ਤਾਂ ਪੂਰਾ ਕਰ ਹੀ ਲੈਣਾ ਹੈ। ਦੇਵਾਂ, ਬਿਨਾਂ ਹੋਰ ਕੋਈ ਫਿਕਰ ਵੀ ਤੇ ਨਹੀਂ। (ਪਰ ਓਹ ਫਿਕਰ ਵੀ ਸਿਰੇ ਲਾਣ ਤੋਂ ਪਹਿਲਾਂ ਵੀ ਚਲੇ ਗਏ)

ਇਕ ਦਿਨ ਕਾਰ ਤੇ ਭੈਣੀ ਸਾਹਿਬੋਂ ਤੁਰਨ ਲੱਗੇ, ਤਾਂ ਬੜੇ ਮੈਲੇ-ਕਚੈਲੇ ਕੱਪੜੇ ਪਾਈ ਬਹੁਤ ਨਿੱਕੀ ਚਾਲੇ ਤੁਰਦੇ 'ਰੱਬ ਜੀ, 'ਮਿਲ ਪਏ। ਬੇਨਤੀ ਕਰ ਕੇ ਮੂਹਰਲੀ ਸੀਟ ਤੇ ਬਿਠਾ ਲਿਆ। ਤੇ ਓਹਨਾਂ ਦੇ ਨਿਵਾਸ ਤੇ ਪੁਚਾ ਕੇ ਪੁਛਿਆ-ਰੱਬ ਜੀ! ਇਸ਼ਨਾਨ ਕਦੋਂ ਦਾ ਕੀਤਾ ਹੋਇਆ ਜੇ? ਬੜੀ ਅਸਹਿਜ ਬਾਸ ਆ ਰਹੀ ਏ। ਲਿਆਓ! ਆਪਣੇ ਬਸਤਰ ਦਿਓ! ਧੋ ਕੇ ਕਲ੍ਹ ਨੂੰ ਲਿਆ ਦਿਆਂਗੇ। ਪਰ ਓਹ ਰੱਬ ਜੀ, ਕਾਹਦੇ ਜੋ ਕਿਸੇ ਦੇ ਕਹੇ ਤੇ ਚੱਲ ਪੈਣ। ਕਹਿੰਦੇ, ਕਲ੍ਹ ਨੂੰ ਲੈ ਜਾਇਓ। ਅੱਜ ਇਕ ਬੀਬੀ ਧੋਣ ਆਵੇਗੀ। ਫਿਰ ਅਸੀਂ ਕਈ ਗੇੜੇ ਮਾਰੇ-ਸਾਨੂੰ ਰੱਬ ਜੀ ਦੇ ਦੀਦਾਰੇ ਨਹੀਂ ਹੋਏ। ਗੁਆਂਢੀਆਂ ਤੋਂ ਪੁੱਛਿਆ, ਕਹਿੰਦੇ-ਹੈਗੇ ਤਾਂ ਏਥੇ ਈ ਨੇ... ਪਤਾ ਨਹੀਂ ਕਿੱਥੇ ਨਿਕਲ ਜਾਂਦੇ ਨੇ ਤੇ ਕਦੋਂ ਔਂਦੇ ਨੇ।

ਲੁਧਿਆਣੇ ਨੂੰ ਜਾਂਦਿਆਂ, ਕੁੰਮ ਕਲਾਂ ਅੱਡੇ ਤੇ ਘਸਮੈਲੇ ਪਰ ਸਾਫ਼ ਸੁਥਰੇ ਕੱਪੜੇ ਪਾਈ ਕਾਲੀ-ਕਲੂਟੀ ਬਿਹਾਰਨ ਬੈਠੀ ਸੀ। ਕੋਲ ਪੰਜ ਛੇ ਸਾਲ ਦਾ ਕਣਕਵੰਨਾ ਬੱਚਾ, ਜਿਸ ਕੂਕਾ ਕਾਟ ਦੇ ਚਿੱਟੇ ਕਪੜੇ ਪਾਏ ਹੋਏ ਸਨ-ਜੂੜੇ ਤੇ ਚਿੱਟਾ ਰੁਮਾਲ ਬੰਨ੍ਹਿਆ ਹੋਇਆ ਸੀ-ਨੇ ਹੱਥ ਖੜ੍ਹਾ ਕੀਤਾ, ਸੰਤਾਂ ਗੱਡੀ ਰੋਕ ਲਈ। ਬੱਚੇ ਨੇ ਬੜੀ ਅਨੋਖੀ ਅਦਾ ਨਾਲ, ਦੋਵੇਂ ਹੱਥ ਜੋੜ ਝੁਕ ਪਰਨਾਮ ਕੀਤੀ। ਵੇਖ ਕੇ ਦਿਲ ਬਾਗ਼ ਬਾਗ਼ ਹੋ ਗਿਆ। ਧੰਨ ਸਤਿਗੁਰੂ ਰਾਮ ਸਿੰਘ ਜੀ ਜਿਨ ਐਹੋ ਜਹੀ ਜੀਵਨ ਜਾਚ ਸਿਖਾਈ ਹੈ। ਅਡੋਲ ਮੂੰਹੋਂ ਨਿਕਲਿਆ। ਲੁਧਿਆਣੇ ਬਿਜਲੀ ਘਰ ਕੋਲ ਉਤਰਨ ਵੇਲੇ ਕਾਲੀ ਬੀਬੀ ਨੇ ਪੈਸੇ ਦੇਣੇ ਚਾਹੇ ਤਾਂ ਸੰਤਾਂ ਹੱਥ ਜੋੜ ਕੇ ਖਿਮਾਂ ਮੰਗੀ। ਕਹਿੰਦੇ, ਸ਼ਾਇਸਤਗੀ ਕਿਤੋਂ ਵੀ ਜ਼ਹੂਰ ਵਿਚ ਆ ਸਕਦੀ ਹੈ।

ਭਾਵੇਂ ਮੈਂ ਸੰਤਗੀਰੀ ਤੋਂ ਬਹੁਤ ਬਚਦਾ ਹਾਂ, ਸੰਤਾਂ ਮੇਰਾ ਖ਼ਾਸ ਖਿਆਲ ਰੱਖ ਕੇ ਮੈਨੂੰ ਸੰਤ ਹੀ ਬਣਾਈ ਰੱਖਿਆ।

ਮੇਲੇ ਵਾਲੇ ਦਿਨੀਂ ਬਲੀ ਸਿੰਘ ਤੇ ਮਾਸਟਰ ਜੀ ਦੇ ਪੁੱਜਣ ਕਰਕੇ ਮੈਂ ਸੰਤਾਂ ਕੋਲੋਂ ਆਗਿਆ ਲੈ ਕੇ ਭੈਣੀ ਸਾਹਿਬ ਰਹਿਣਾ ਚਾਹਿਆ ਤਾਂ ਬੜੇ ਉਦਾਸ ਜਹੇ ਹੋ ਕੇ ਆਖਿਆ-'ਜਿਵੇਂ ਰਜ਼ਾ'। ਓਦੋਂ ਤਾਂ ਮੈਂ ਆ ਗਿਆ, ਪਰ ਹੁਣ ਬੜਾ ਪਛਤਾਵਾ ਹੈ ਕਿ ਜੇ ਏਨਾਂ ਈ ਮੇਲਾ ਗੇਲਾ ਸੀ ਤਾਂ ਨਾ ਹੀ ਔਂਦਾ।

ਮੇਲੇ ਤੋਂ ਬਾਦ ਅਸੀਂ ਤਿੰਨੇ, ਮੁਹਾਲੀ ਸਾਹਬ ਸਿੰਘ ਦੀ ਸੁਰਤ ਪੁਛ ਕੇ ਦੂਜੇ ਦਿਨ ਪਿੰਡ ਪੁੱਜ ਗਏ। ਕੁਝ ਦਿਨਾਂ ਬਾਦ ਪਟਿਆਲਿਓਂ ਫ਼ੋਨ ਆ ਗਿਆ-ਸਾਹਬ ਸਿੰਘ ਗੁਜ਼ਰ ਗਿਐ। ਬੜਾ ਝਟਕਾ ਲੱਗਾ। ਬਹੁਤ ਹੋਣਹਾਰ ਤੇ ਨੇਕ ਇਨਸਾਨ ਸੀ। ਨਰਮ ਦਿਲ-ਪਿਆਰੇ ਬੱਚੇ ਦਾ ਨੱਬੇ ਸਾਲਾ ਬਾਪ ਬੈਠਾ ਹੈ ਅਤੇ ਪੰਜਤਾਲੀ ਸਾਲ ਦਾ ਨੌਜਵਾਨ ਬੇਟਾ ਚਲਾ ਗਿਆ ਹੈ।


Namdhari Elibrary NamdhariElibrary@gmail.com

ਕਹਿੰਦੇ ਨੇ ਰਾਮ ਜੀ ਦੇ ਭਰੇ ਦਰਬਾਰ ਵਿਚ ਇਕ ਬ੍ਰਹਿਮਣ ਆਪਣੇ ਛੋਟੇ ਜਹੇ ਬੱਚੇ ਦੀ ਮਿਰਤਕ ਦੇਹ ਹੱਥਾਂ ਤੇ ਚਾਈ ਹਾਜ਼ਰ ਹੋਇਆ, ਕੁਰਲਾਂਦੇ ਨੇ ਰਾਮ ਜੀ ਤੇ ਦੋਸ਼ ਲਾਇਆ ਕਿ ਨਿਆਕਾਰੀ ਰਾਜੇ ਦੇ ਰਾਜ ਵਿਚ ਪਿਤਾ ਦੇ ਜੀਂਦੇ ਜੀ ਪੁੱਤਰ ਦੀ ਮੌਤ ਨਹੀਂ ਹੋ ਸਕਦੀ। ਮੇਰਾ ਬੱਚਾ ਜ਼ਿੰਦਾ ਕਰੋ!

ਉਸ ਘਰ ਵਿਚ ਮੱਚਿਆ ਕੁਹਰਾਮ ਵੇਖ ਕੇ, ਸੋਚ ਆਵੇ-ਏਹ ਦੋਸ਼ ਕ੍ਹਿਦੇ ਸਿਰ ਥੋਪਿਆ ਜਾਇ। ਮੈਨੂੰ ਕਈ ਦਿਨ ਓਥੇ ਰਹਿਣਾ ਪੈ ਗਿਆ। ਮੇਰੀ ਭਾਣਜੀ ਦੇ ਪਤੀ ਸ. ਤ੍ਰਲੋਕ ਸਿੰਘ ਨੇ ਦੱਸਿਆ, (ਸਾਹਬ ਸਿੰਘ ਇਸਦਾ ਛੋਟਾ ਵੀਰ ਸੀ) ਕਿ ਜਦੋਂ ਅਸੀਂ ਸਾਹਬ ਸਿੰਘ ਦੀ ਡੈਡਬਾਡੀ ਅਪੋਲੋ ਵਿਚੋਂ ਲੈ ਕੇ ਆ ਰਹੇ ਸਾਂ ਤਾਂ ਸੰਤ ਤਰਸੇਮ ਸਿੰਘ ਜੀ ਬੇਟੀ ਸਣੇ ਬੈਠੇ, ਬੀਮਾਰਾਂ ਵਾਂਗ ਖੰਘਦੇ ਅਸਾਂ ਵੇਖੇ ਸਨ।

ਫ਼ੋਨ ਕੀਤਿਆ ਪਤਾ ਲੱਗਾ, ਬੁਖ਼ਾਰ ਖੰਘ ਨਾਲ ਅਪੋਲੋ ਵਿਚ ਦਾਖਲ ਹੋਏ ਪਏ ਨੇ। ਪਟਿਆਲਿਓਂ ਸ਼ੂਟ ਵੱਟ ਕੇ ਦੋ ਘੰਟੇ ਵਿਚ ਸੰਤਾਂ ਕੋਲ ਪੁੱਜਾ। ਬਿਸਤਰੇ ਦੀ ਧੜ ਧੜ ਕਰਦੀ ਚਿੱਟੀ ਚਾਦਰ-ਸਫ਼ੈਦ ਬਸਤਰਾਂ ਵਿਚ ਥੋੜੀ ਪੀਲੀ ਭਾਹ ਦੇਂਦਾ ਗੋਰਾ ਚਿੱਟਾ ਰੰਗ... ਲੰਮਾ ਚਿੱਟਾ ਸਾਫ਼ ਸੁਥਰਾ ਕੂਲਾ ਦਾਹੜਾ... ਲੱਗਿਆ, ਜਿਵੇਂ ਏਨੇ ਦਿਨਾਂ ਵਿਚ ਬਹੁਤਾ ਈ ਸਫ਼ੈਦ ਹੋ ਗਿਆ ਹੋਵੇ-ਮੈਨੂੰ ਵੇਂਹਦਿਆਂ ਮੁਸਕਰਾ ਕੇ ਉਠਣ ਲੱਗੇ ਤਾਂ ਖੰਘ ਛਿੜ ਪਈ। ਫਿਰ ਮੰਜੇ ਤੇ ਲੇਟ ਗਏ-ਮੈਂ ਲਾਗੇ ਬਹਿ ਗਿਆ। ਖੰਘ ਦੀ ਵਾਰੀ ਮੈਂ ਵੀ ਦੇ ਰਿਹਾ ਸਾਂ। ਦੱਸਿਆ-ਇਸ ਕਰ ਕੇ ਪਟਿਆਲਿਓਂ ਹੀ ਆਇਆ ਹਾਂ। ਸਾਹਬ ਸਿੰਘ ਦੇ ਪਰਿਵਾਰ ਨੂੰ ਚੰਗੀ ਤਰਾਂ ਜਾਣਦੇ ਸਨ-ਸੁਣ ਕੇ ਬੜਾ ਹਿਰਖ ਕੀਤੋ ਨੇ। ਸ਼ਾਮ ਨੂੰ ਕਹਿੰਦੇ ਓਥੇ ਈ ਚਲਾ ਜਾਹ! ਸੰਤ ਲਾਭ ਸਿੰਘ ਜੀ ਨੂੰ ਮੇਰੇ ਵਲੋਂ ਅਰਜ਼ ਕਰੀਂ-ਭਾਈ ਅੱਗੇ ਕੋਈ ਜ਼ੋਰ ਨਹੀਂ-ਸਤਿਗੁਰਾਂ ਦੇ ਚਰਨਾਂ ਦਾ ਧਿਆਨ ਕਰ ਕੇ-ਸਿਮਰਨ ਕਰਦੇ ਰਹਿਣ।

ਫਿਰ ਕਹਿੰਦੇ, ਮੈਨੂੰ ਖੰਘ ਅਤੇ ਤੈਨੂੰ ਵੀ ਖੰਘ ਹੈ-ਡਾਕਟਰਾਂ ਮੇਰੇ ਕੋਲ ਬਹਿਣ ਨਹੀਂ ਦੇਣਾ-ਸਾਹਿਬ ਸਿੰਘ ਦੇ ਭੋਗ ਬਾਦ-ਓਹਦੇ ਪਿਤਾ ਕੋਲੋਂ ਪੁੱਛ ਕੇ ਫਿਰ ਆਈਂ।

ਫਿਰ ਇਕ ਦਿਨ ਮੈਂ ਸੰਤਾਂ ਕੋਲ ਬੈਠਾ ਸਾਂ, ਸ੍ਰੀ ਸਤਿਗੁਰੂ ਜੀ ਦਰਸ਼ਨ ਦਿੱਤੇ। ਠਾਕੁਰ ਉਦੇ ਸਿੰਘ ਆਏ। ਸਾਰਾ ਹਸਪਤਾਲ ਇਕੱਠਾ ਹੋ ਗਿਆ। ਡਾਕਟਰਾਂ ਕਮਰਾ ਬਦਲ ਕੇ ਆਮ ਔਣ ਜਾਣ ਵਾਲੇ ਰੋਕ ਦਿੱਤੇ। ਸੰਤਾਂ ਮੈਨੂੰ ਕਿਹਾ-ਘਰੇ ਚਲਾ ਜਾ-ਏਥੇ ਬੱਚਿਆਂ ਕੋਲੋਂ ਤੇਰਾ ਖ਼ਿਆਲ ਨਹੀਂ ਰਖਿਆ ਜਾਣਾ-ਫ਼ੋਨ ਤੇ ਮਿਲਦਾ ਰਹੀਂ। ਜਦੋਂ ਆਖਾਂਗਾ ਤਦੋਂ ਹੀ ਆਈ! ਮੈਂ ਉੱਠਣ ਲੱਗਿਆ ਅਖਾਂ ਭਰ ਲਈਆਂ... ਸੰਤਾਂ ਦੇ ਨੇਤਰ ਵੀ ਡਬਡਬਾ ਗਏ। ਬਿਸਤਰੇ ਤੇ ਪਿਆਂ ਹੀ ਦੋਏ ਹੱਥ ਜੋੜ ਦਿੱਤੇ। ਬੱਸ! ਓਹੋ ਅੰਤਮ ਦਰਸ਼ਨ ਹੀ ਅਖਾਂ ਸਾਹਮਣੇ ਹਰ ਵੇਲੇ ਝਲਕਦੇ ਰਹਿੰਦੇ ਨੇ।

ਨਿਸਪ੍ਰਾਣ ਸਰੀਰ ਅਪੋਲੋ ਤੋਂ ਘਰੇ ਲਿਆਂਦਾ, ਸਾਰੇ ਉੱਠ ਕੇ ਨੇੜੇ ਹੋਏ। ਮੈਂ ਪਹਿਲੇ ਦਰਸ਼ਨਾਂ ਤੇ ਹੋਰ ਝੋਲਾ ਪੈਣ ਦੇ ਡਰੋਂ ਪਿੱਛੇ ਈ ਖੜੋਤਾ ਰਿਹਾ। ਗੇਟ ਵਾਲੇ ਥਮਲੇ ਨਾਲ ਸਿਰ ਲਾ ਕੇ ਡੁਸਕਦੇ ਨੂੰ, 'ਦੇਵਾਂ', ਜਿਸਦਾ ਅਨੰਦ ਕਰਨ ਸੰਤ ਉਚੇਚੇ ਬਾਹਰੋਂ ਆਏ ਸਨ-ਬੜੀ ਪਿਆਰੀ ਤੇ ਲਾਡਲੀ ਬੱਚੀ ਦੇਵਾਂ, ਜਿਦ੍ਹਾ ਸਾਲ ਭਰ ਦੇ ਬੱਚੇ ਵਾਂਗ ਸੰਤ ਹਰਦਮ ਧਿਆਨ ਰਖਦੇ ਸਨ-ਜੇਹੜੀ ਭੁੱਖੀ ਭਾਣੀ ਮਗਰ ਮਗਰ ਤੁਰੀ ਫਿਰਦੀ-ਭਾਵੇਂ ਲੰਗਰ ਦੇ ਬੂਹੇ ਅੱਗੇ ਦੋ ਘੰਟੇ ਖਲੋਣਾ ਪੈ ਜਾਇ-ਪਿਤਾ ਜੀ ਬਿਨਾਂ ਅੰਨਜਲ ਗ੍ਰਹਿਣ ਨਾ ਕਰਦੀ। ਮੈਂ ਆਖਣਾ-ਬੱਚੀਏ ਆਪਾਂ ਤੇ ਭੁੱਖੇ ਨਾ ਮਰੀਏ! ਏਹਨਾਂ ਦੀ ਸੰਤਗੀਰੀ ਤਾਂ ਖਿੱਲਰਦੀ ਜਾਂਦੀ ਏ! ਦੇਵਾਂ ਕਹਿਣਾ, ਸੰਤ ਜੀ! ਤੁਸੀਂ ਲੰਗਰ ਛਕੋ ਤੇ ਪੰਡਿਤ ਜੀ ਦੇ ਡੇਰੇ ਚਲੋ! ਮੈਂ ਪਿਤਾ ਜੀ ਨੂੰ ਕਾਹਲ ਨਹੀਂ ਪਾਣੀ। ਸਿੱਖ ਸਾਧ ਐਨੇ ਪਿਆਰ ਤੇ ਸਨੇਹ ਨਾਲ ਆਪਣੀਆਂ ਵਿਥਿਆ ਦੱਸਦੇ ਨੇ-ਜੇ ਪਿਤਾ ਜੀ ਖਲੋ ਕੇ ਨਾ ਸੁਣਨ ਤਾਂ ਸਾਧਾਂ ਦੇ ਚਿੱਤ ਦੁਖਣਗੇ)

ਮੈਨੂੰ ਇਹੋ ਸੋਚ ਕੇ ਡੋਬੂ ਪਈ ਜਾਣ— ਦੇਵਾਂ! ਜੋ ਨਿਤਾਂਤ ਇਕੱਲੀ ਰਹਿ ਗਈ ਹੈ-ਉਸਨੂੰ ਕਿਵੇਂ ਧੀਰਜ ਦੇ ਬੋਲ ਆਖਾਂਗਾ। ਪਰ ਧੰਨ ਸੰਤ-ਧੰਨ ਸੰਤਾਂ ਦਾ ਆਪਣੇ ਸਤਿਗੁਰ ਤੇ ਵਿਸ਼ਵਾਸ-ਧੰਨ ਸੰਤਾਂ ਦੀ ਸਿਖਿਆ। ਦੇਵਾਂ ਮੈਨੂੰ ਥਮਲੇ ਨਾਲ ਖੜੋਤੇ ਡੁਸਕਦੇ ਨੂੰ ਮੋਢਿਆਂ ਤੋਂ ਝੂਣ ਕੇ ਆਖ ਰਹੀ ਹੈ-ਸੰਤ ਜੀ! ਪਿਤਾ ਜੀ ਹੁਣ ਸਾਨੂੰ ਆ ਕੇ ਚੁੱਪ ਨਹੀਂ ਕਰਾਣਾ! ਜਾਣ ਲੱਗੇ ਕਹਿ ਗਏ ਸਨ-ਧੀਰਜ ਰੱਖਣਾ ਤੇ ਸਤਿਗੁਰ ਦਾ ਪੱਲਾ ਨਹੀਂ ਛੱਡਣਾ! ਤੁਸੀਂ ਸਗੋਂ ਸਾਨੂੰ ਹੌਂਸਲਾ ਦਿਓ! ਵੇਖੋ! ਮੈਨੂੰ ਇਕੱਲੀ ਨੂੰ ਛੱਡ ਗਏ ਹਨ।

ਪਰ ਮੈਨੂੰ ਰੋਣ ਇਸ ਗੱਲ ਦਾ ਵੀ ਆ ਰਿਹਾ ਸੀ-ਹਰ ਵਾਰ ਏਹੋ ਕਹਿੰਦੇ ਰਹੇ-ਤੈਨੂੰ ਦੱਸਾਂਗਾ, ਫਿਰ ਆਵੀਂ। ਜੇ ਮੈਂ ਵੀ ਪੈਰੋ ਪੈਰ ਹੇਠਾਂ ਜਾਂਦੀ ਸੇਹਤ ਵੇਖ ਲੈਂਦਾ, ਤਾਂ-ਇਕਦਮ ਚਲੇ ਗਏ, ਸੁਣ ਕੇ-ਦਹਿਲ ਜਾਣ ਵਾਂਗ ਨਾ ਹੋਂਦਾ। ਦੇਵਾ ਕਿਹਾ- ਤੁਹਾਡੇ ਫ਼ੋਨ ਬਾਦ-ਕਿਸੇ ਦਾ ਵੀ ਫ਼ੋਨ ਸੁਣਨੋਂ ਸਿਰ ਫੇਰ ਦਿੱਤਾ। ਕਹਿੰਦੀ ਮੇਰੇ ਨਾਲ ਕੋਈ ਗੱਲ ਕਰਨੀ ਚਾਹੁੰਦੇ ਸਨ-ਪਰ ਗੱਲ ਦੀ ਸਮਝ ਨਾ ਆਵੇ। ਪੈੱਨ ਕਾਪੀ ਦਿੱਤੇ ਕੁਝ ਲਿਖਿਆ ਨਾ ਗਿਆ। ਇਕ ਉਂਗਲ ਉੱਚੀ ਕਰਕੇ ਇਸ਼ਾਰਾ ਕੀਤਾ ਤੇ ਬੱਸ...

ਮੈਂ ਸਮਝਨਾਂ-ਏਹ ਇਸ਼ਾਰਾ ਸ੍ਰੀ ਸਤਿਗੁਰੂ ਜੀ ਵੱਲ ਸੀ। ਅੰਤ ਸਮੇਂ ਅਰਦਾਸ ਕਰੀਦੀ ਹੈ- ਜਾਣ ਵਾਲੇ ਦੀ ਜੀਵ ਆਤਮਾ ਨੂੰ ਸਤਿਗੁਰੂ ਜੀ ਆਪਣੇ ਚਰਨਾਂ ਵਿਚ ਨਿਵਾਸ ਦੇਣ। ਮੇਰਾ ਕਹਿਣਾ ਹੈ-ਜੇ ਹੈ ਤਾਂ ਸੰਤਾਂ ਦੀ ਜੀਵ ਆਤਮਾ—ਹੋਰ ਕਿਤੇ ਵੀ ਜਾਣ ਤੋਂ ਨਾਬਰ ਹੋ ਕੇ-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮੁਖ ਮੰਡਲ ਦੁਆਲੇ ਮੰਡਲਾਕੇ ਹਜ਼ੂਰ ਦੇ-ਕੋਮਲ ਚਰਨਾਂ ਵਿਚ ਟਿਕ ਗਈ ਹੋਵੇਗੀ।

*ਵੀ. ਪੀ.ਓ ਭੁਥੀ ਮਾੜੀ*
*(ਰਾਮਪੁਰ) ੧੨੫੧੦੨*
*ਸਿਰਸਾ- (ਹਰਿਆਣਾ)*
*ਫੋਨ — ੦੧੬੬੮-੨੮੦੨੬੧*



Namdhari Elibrary NamdhariElibrary@gmail.com






Namdhari Elibrary NamdhariElibrary@gmail.com

# ਸਾਹਿਤਕਾਰ, ਚਿੰਤਕ ਅਤੇ ਵਿਦਵਾਨ ਪ੍ਰਿੰ. ਕਰਤਾਰ ਸਿੰਘ ਕਾਲੜਾ

*—ਹਰਦਿਆਲ ਭੁਹੀ*

ਪੰਜਾਬੀ ਕਾਵਿ ਦੀਆਂ ਵੱਖ-ਵੱਖ ਵੰਨਗੀਆਂ ਵਿਚੋਂ 'ਗ਼ਜ਼ਲ' ਦਾ ਆਪਣਾ ਇਕ ਵੱਖਰਾ ਸਥਾਨ ਹੈ। ਇਹ ਵਿਧਾ (ਵੰਨਗੀ) ਵਿਸ਼ੇਸ਼ ਮੁਹਾਰਤ ਦੀ ਮੰਗ ਕਰਦੀ ਹੈ। ਇਸ ਲਈ ਵਰਤਮਾਨ ਸਮੇਂ ਪੰਜਾਬੀ ਵਿਚ ਗ਼ਜ਼ਲਗੋਆਂ ਦੀ ਗਿਣਤੀ ਕੋਈ ਬਹੁਤੀ ਜ਼ਿਆਦਾ ਨਹੀਂ। ਜਿੰਨੇ ਕੁ ਹਨ ਉਨ੍ਹਾਂ ਵਿਚੋਂ ਵੀ ਜ਼ਿਆਦਾਤਰ ਗ਼ਜ਼ਲਗੋ ਵਿਚਾਰ ਪੱਖ 'ਤੇ ਵਧ ਜ਼ੋਰ ਦਿੰਦੇ ਹਨ ਅਤੇ ਰੂਪ (ਕਲਾਤਮਕ) ਪੱਖ 'ਤੇ ਬਹੁਤ ਘੱਟ। ਅਸਲ, ਵਿਚ ਇਹ ਦਿਲ ਅਤੇ ਦਿਮਾਗ ਦੇ ਸੁਮੇਲ ਦੀ ਸ਼ਾਇਰੀ ਹੈ, ਭਾਵ ਵਿਚਾਰਾਂ ਦੇ ਨਾਲ-ਨਾਲ ਕਲਾ ਨੂੰ ਵੀ ਮਹੱਤਵ ਦੇਣਾ ਹੁੰਦਾ ਹੈ, ਪ੍ਰੰਤੂ ਇਸ ਸ਼੍ਰੇਣੀ ਵਿਚ ਬਹੁਤ ਘੱਟ ਗ਼ਜ਼ਲਗੋ ਆਉਂਦੇ ਹਨ। ਗ਼ਜ਼ਲ ਦੇ ਦੋਵਾਂ ਪੱਖਾਂ ਨੂੰ ਬਰਾਬਰ ਮਹੱਤਵ ਦੇਣ ਵਾਲੇ ਗਿਣਤੀ ਦੇ ਨਾਵਾਂ ਵਿਚੋਂ ਇਕ ਜ਼ਿਕਰਯੋਗ ਨਾਂ ਹੈ-ਪ੍ਰੋ. ਕਰਤਾਰ ਸਿੰਘ ਕਾਲੜਾ।



ਪ੍ਰੋ. ਕਰਤਾਰ ਸਿੰਘ ਕਾਲੜਾ ਦਾ ਜਨਮ ੯ ਮਾਰਚ, ੧੯੩੫ ਨੂੰ ਸਾਂਝੇ ਪੰਜਾਬ ਦੇ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਦੀ ਤਹਿਸੀਲ ਨਨਕਾਣਾ ਸਾਹਿਬ ਦੇ ਪਿੰਡ ਬੁੱਚੇਕੀ ਵਿਖੇ ਪਿਤਾ ਸ. ਗੁਰਬਖਸ਼ ਸਿੰਘ ਦੇ ਘਰ ਮਾਤਾ ਸਰਦਾਰਨੀ ਰਾਜਿੰਦਰ ਕੌਰ ਦੀ ਕੁੱਖੋਂ ਹੋਇਆ। ਪਿਤਾ ਜੀ ਉਸ ਸਮੇਂ ਦੀ ਗੈਰ ਕਾਨੂੰਨੀ ਜਥੇਬੰਦੀ ਅਕਾਲ ਰਜਮੈਂਟ ਦੇ ਜੱਥੇਦਾਰ ਸਨ। ਇਨ੍ਹਾਂ ਦੀ ਟੁਕੜੀ ਲਾਹੌਰ ਵਿਚ ੧੯੨੯ ਨੂੰ ਰਾਵੀ ਕੰਢੇ ਪੂਰਨ ਸਵਰਾਜ ਦਾ ਮਤਾ ਪਾਸ ਕਰਦੀ ਕਾਂਗਰਸ ਵਿਚ ਸ਼ਾਮਲ ਹੋਈ ਸੀ। ਇਸ ਲਈ ਕਰਤਾਰ ਸਿੰਘ ਨੂੰ ਬਚਪਨ ਤੋਂ ਦੇਸ਼ ਭਗਤੀ, ਸਵੈਮਾਣ ਅਤੇ ਸਿੱਖੀ ਸਿਧਾਂਤਾਂ ਦੀ ਹੀ ਗੁੜ੍ਹਤੀ ਮਿਲੀ। ਹੋਸ਼ ਸੰਭਾਲਦਿਆਂ ਹੀ ਘਰ ਦਿਆਂ ਨੇ ਪੜ੍ਹਾਈ ਲਈ ਪਿੰਡ ਦੇ ਡੀ. ਬੀ. ਮਿਡਲ ਸਕੂਲ ਵਿਚ ਦਾਖਲ ਕਰਵਾ ਦਿੱਤਾ। ਅਜੇ ਮਿਡਲ ਦੀ ਪੜ੍ਹਾਈ ਪੂਰੀ ਵੀ ਨਹੀਂ ਕੀਤੀ ਸੀ ਕਿ ਦੇਸ਼ ਦੀ ਵੰਡ ਹੋ ਗਈ। ਦੇਸ਼ ਵੰਡ ਦਾ ਸੰਤਾਪ ਹੰਢਾਉਂਦਾ ਹੋਇਆ ਪਰਿਵਾਰ ਸਭ ਕੁਝ ਓਧਰੇ ਛੱਡ ਛੁਡਾ ਕੇ ਸਿਰਫ ਆਪਣੀਆਂ ਜਾਨਾਂ ਬਚਾ ਕੇ ਵੱਖ-ਵੱਖ ਗਰੁੱਪਾਂ ਨਾਲ ਏਧਰ ਪਹੁੰਚਿਆ। ਕਰਤਾਰ ਹੁਰੀਂ ਆਪਣੀ ਮਾਤਾ ਨਾਲ ਪਹਿਲਾਂ ਮੋਗੇ ਕੈਂਪ ਵਿਚ ਪਹੁੰਚੇ ਅਤੇ ਪਿਤਾ ਜੀ ਬਾਅਦ ਵਿਚ ਆਏ। ਮੋਗੇ ਪਹੁੰਚਣ ਦੇ ਕੁਝ ਦਿਨਾਂ ਬਾਅਦ ਹੀ ਮਾਤਾ ਜੀ ਦੀ ਮੌਤ ਹੋ ਗਈ। ਨਿੱਕੇ-ਨਿੱਕੇ ਬੱਚੇ ਮਾਂ ਵਾਹਰੇ ਹੋ ਗਏ। ਨਿੱਕੀਆਂ ਜਿੰਦਾਂ 'ਤੇ ਪਹਾੜ ਜਿੱਡੇ ਦੁੱਖ ਆ ਪਏ। ਏਥੋਂ ਭੂਆ ਕੋਲ ਲੁਧਿਆਣੇ ਆ ਗਏ ਤੇ ਭੂਆ ਨੇ ਹੀ ਸਾਂਭ ਸੰਭਾਲ ਕੀਤੀ। ਪੜ੍ਹਾਈ ਲਿਖਾਈ ਬੰਦ ਹੋ ਗਈ ਅਤੇ ਰੋਟੀ ਦਾ ਮਸਲਾ ਵੱਡਾ ਮਸਲਾ ਬਣ ਗਿਆ। ਇਸ ਲਈ ਫੀਲਡ ਗੰਜ ਦੀਆਂ ਗਲੀਆਂ ਵਿਚ ਬਿਸਕੁਟ, ਡਬਲ ਰੋਟੀ, ਬੰਦ ਆਦਿ ਵੇਚੇ।

ਭੂਆ ਦੀ ਜਠਾਣੀ ਦਾ ਇਕ ਮੁੰਡਾ ਜਿਸਨੇ ਲਾਇਲਪੁਰ ਕਾਲਜ ਤੋਂ ਬੀ. ਏ. ਕੀਤੀ ਹੋਈ ਸੀ, ਲੁਧਿਆਣੇ ਸਿਵਲ ਸਪਲਾਈ ਮਹਿਕਮੇ ਵਿਚ ਇੰਸਪੈਕਟਰ ਲੱਗ ਗਿਆ ਸੀ। ਉਸ ਤੋਂ ਵੱਡਾ ਕਾਂਗਰਸ ਪਾਰਟੀ ਵਿਚ ਅਹੁਦੇਦਾਰ ਸੀ ਅਤੇ ਕੌਂਸਲਰ ਨਾਮਜ਼ਦ ਹੋ ਗਿਆ ਸੀ। ਉਸ ਦਾ ਚੰਗੇ ਵੱਡੇ ਬੰਦਿਆਂ ਨਾਲ ਵਾਹ ਵਾਸਤਾ ਸੀ। ਉਸ ਨੇ ਕਰਤਾਰ ਨੂੰ ਇਕ ਹੌਜ਼ਰੀ ਵਿਚ ਕੰਮ ਦੁਆ ਦਿੱਤਾ। ਕੁਦਰਤੀ ਏਥੇ ਉਸ ਨੂੰ ਕੰਮ ਸਿਖਾਉਣ ਵਾਲਾ ਵੀ ਕਰਤਾਰ ਸਿੰਘ ਹੀ ਸੀ, ਇਸ ਲਈ ਦੋਵਾਂ ਵਿਚ ਇਕ ਅਪਣੱਤ ਭਰੀ ਸਾਂਝ ਬਣ ਗਈ। ਉਸਤਾਦ ਨੇ ਪਿਆਰ ਨਾਲ ਕੰਮ ਦੀਆਂ ਬਰੀਕੀਆਂ ਬਾਰੇ ਸਮਝਾਇਆ। ਜਲਦੀ ਹੀ ਕਰਤਾਰ ਕੰਮ ਵਿਚ ਮਾਹਰ ਹੋ ਗਿਆ ਅਤੇ ਚੌਥੇ ਮਹੀਨੇ ਹੀ ਪੈਸੇ ਮਿਲਣੇ ਸ਼ੁਰੂ ਹੋ ਗਏ। ਇਨ੍ਹਾਂ ਦਿਨਾਂ ਵਿਚ ਹੀ ਹੌਜ਼ਰੀ ਵਿਚ ਸਿਲਕ ਦੀ ਜੁਰਾਬ ਬਣਨੀ ਸ਼ੁਰੂ ਹੋਈ। ਕੁਝ ਸਮੇਂ ਬਾਅਦ ਜੁਰਾਬ ਵਾਲਾ ਕਾਰੀਗਰ ਚਲਾ ਗਿਆ। ਇਹ ਕੰਮ ਕਰਤਾਰ ਨੂੰ ਸੌਂਪਿਆ ਗਿਆ। ਥੋੜ੍ਹੇ ਸਮੇਂ ਵਿਚ ਉਹ ਇਸ ਕੰਮ ਵਿਚ ਵੀ ਮਾਹਰ ਹੋ ਗਿਆ ਅਤੇ ੮੦-੯੦ ਰੁਪਏ ਮਹੀਨਾ ਕਮਾਉਣ ਲੱਗ ਪਿਆ।

ਏਥੋਂ ਕਰਤਾਰ ਨੇ ਜੀਵਨ ਵਿਚ ਇਕ ਹੋਰ ਮੋੜ ਆਇਆ। ਉਸੇ ਭੂਆ ਦੇ ਪੁੱਤ (ਇੰਸਪੈਕਟਰ) ਨੇ ਅੱਗੇ ਪੜ੍ਹਨ ਲਈ ਪ੍ਰੇਰਿਆ। ਕਰਤਾਰ ਨੇ ਖਾਲਸਾ ਨੈਸ਼ਨਲ ਹਾਈ ਸਕੂਲ ਸ਼ਾਹਪੁਰ ਰੋਡ, ਲੁਧਿਆਣਾ ਤੋਂ ਦੁਬਾਰਾ ਪੜ੍ਹਾਈ ਸ਼ੁਰੂ ਕਰ ਦਿੱਤੀ। ਨਾਲ-ਨਾਲ ਹੌਜ਼ਰੀ ਵਿਚ ਕੰਮ ਜਾਰੀ ਰੱਖਿਆ। ਆਫ ਸੀਜ਼ਨ ਵਿਚ ਰੇਹੜੀ ਲਾ ਕੇ ਛੋਟਾ ਮੋਟਾ ਸਮਾਨ ਵੇਚਦਾ ਸੀ। ਇਸ ਤਰ੍ਹਾਂ ਦਸਵੀਂ ਜਮਾਤ ਪਾਸ ਕਰ ਲਈ। ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਵੀ ਏਸੇ ਤਰ੍ਹਾਂ ਪਾਸ ਕੀਤੀ। ਪਿਤਾ ਜੀ ਜੋ ਪਹਿਲਾਂ ਘਰ ਵਿਹਲੇ ਹੀ ਰਹਿੰਦੇ ਸਨ ਦੇ ਮਨ ਵਿਚ ਪਤਾ ਨਹੀਂ ਕੀ ਆਈ, ਗੁਰਮੁਖ ਸਿੰਘ ਐਂਡ ਸੰਨਜ਼ ਦੇ ਸਾਹਮਣੇ ਚਾਹ ਦਾ ਖੋਖਾ ਰੱਖ ਲਿਆ। ਕੰਮ ਵਧੀਆ ਚੱਲ ਨਿਕਲਿਆ, ਕਰਤਾਰ ਨੂੰ ਏਥੇ ਸਵੇਰੇ ਮੂੰਹ ਨੇਰ੍ਹੇ ਤੋਂ ਹੀ ਕੰਮ ਕਰਨਾ ਪੈਂਦਾ। ਨਾਲ ਹੀ ਆਰੀਆ ਕਾਲਜ ਵਿਚ ਦਾਖਲਾ ਲੈ ਲਿਆ। ਥੋੜ੍ਹੇ ਸਮੇਂ ਬਾਅਦ ਕਿਸੇ ਗਵਾਹੀ ਵਿਚ ਨਾ ਪਹੁੰਚਣ ਕਾਰਨ ਪਿਤਾ ਜੀ ਦੇ ਵਰੰਟ ਜਾਰੀ



Namdhari Elibrary NamdhariElibrary@gmail.com

ਹੋ ਗਏ। ਸਾਰੇ ਕੰਮ ਫੇਰ ਠੱਪ ਹੋ ਗਿਆ।

ਗਿਆਨੀ ਗੁਰਚਰਨ ਸਿੰਘ ਕਿਤਾਬਾਂ ਦੀ ਫੜ੍ਹੀ ਲਾਉਂਦਾ ਹੁੰਦਾ ਸੀ। ਕਰਤਾਰ ਨੇ ਉਸ ਤੋਂ ਕਿਤਾਬਾਂ ਲੈ ਲੈਣੀਆਂ ਅਤੇ ਪੜ੍ਹ ਕੇ ਵਾਪਸ ਦੇ ਦੇਣੀਆਂ। ਏਥੋਂ ਹੀ ਉਸਨੂੰ ਗਿਆਨੀ ਕਰਨ ਦੀ ਲਗਨ ਲੱਗੀ ਅਤੇ ਪੰਜਾਬੀ ਯੂਨੀਵਰਸਿਟੀ ਤੋਂ ਫਸਟ ਪੁਜੀਸ਼ਨ ਪ੍ਰਾਪਤ ਕੀਤੀ। ਬੀ. ਏ. ਵਿਚ ਫਾਰਸੀ ਚੋਣਵੇਂ ਵਿਸ਼ੇ ਵਜੋਂ ਪੜ੍ਹੀ। ਐਮ. ਏ. ਪੰਜਾਬੀ ਪੰਜਾਬ ਯੂਨੀਵਰਸਿਟੀ ਵਿਚੋਂ ਦੂਜੇ ਸਥਾਨ ਤੇ ਰਹਿ ਕੇ ਪਾਸ ਕੀਤੀ।

ਕਰਤਾਰ ਸਿੰਘ ਨੇ ਇਕ ਚੁੰਗੀ ਮੁਹੱਰਰ ਵਜੋਂ ਨੌਕਰੀ ਦਾ ਸ੍ਰੀ ਗਣੇਸ਼ ਕੀਤਾ ਅਤੇ ਤਿੰਨ ਸਾਲ ਇਹ ਨੌਕਰੀ ਕੀਤੀ। ਫੇਰ ਚਾਰ ਸਾਲ ਸਕੂਲ ਦੀ ਕਲਰਕੀ ਕੀਤੀ। ਨੈਸ਼ਨਲ ਕਾਲਜ ਸਿਰਸਾ ਅਤੇ ਗੌਰਮਿੰਟ ਕਾਲਜ ਗੁਰਦਾਸਪੁਰ ਵਿਖੇ ਵੀ ਪੜ੍ਹਾਇਆ। ਫੇਰ ਪੱਕੇ ਤੌਰ 'ਤੇ ਸਕੂਲ ਲੈਕਚਰਾਰ ਵਜੋਂ ਨਿਯੁਕਤੀ ਹੋ ਗਈ। ਸੋਲ਼ਾਂ ਸਾਲਾਂ ਬਾਅਦ ਪ੍ਰਿੰਸੀਪਲ ਬਣੇ ਅਤੇ ਫੇਰ ਅੱਠ ਸਾਲਾਂ ਬਾਅਦ ਰੋਪੜ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ ਦਾ ਅਹੁਦਾ ਸੰਭਾਲਿਆ। ਤਿੰਨ ਸਾਲਾਂ ਬਾਅਦ ਡਿਪਟੀ ਡੀ. ਪੀ. ਆਈ (ਸ) ਪਦ ਉੱਨਤ ਹੋਏ ਅਤੇ ੧੯੯੩ ਵਿਚ ਏਸੇ ਅਹੁਦੇ ਤੋਂ ਸੇਵਾ ਮੁਕਤ ਹੋਏ। ਸੇਵਾ ਮੁਕਤੀ ਤੋਂ ਬਾਅਦ ਇਕ ਸਾਲ ਲੈਕਚਰਾਰ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ (ਆਨਰੇਰੀ) ਲੱਗੇ।

ਕਰਤਾਰ ਸਿੰਘ ਨੂੰ ਬਚਪਨ ਤੋਂ ਹੀ ਕਵਿਤਾ ਨਾਲ ਲਗਾਓ ਹੋ ਗਿਆ ਸੀ। ਤੀਜੀ ਚੌਥੀ ਜਮਾਤ ਵਿਚ ਪੜ੍ਹਦਿਆਂ ਜਦੋਂ ਨਨਕਾਣਾ ਸਾਹਿਬ ਦੇ ਮੇਲੇ ਜਾਂਦੇ ਤਾਂ ਉਥੋਂ ਇਕ ਦੋ ਕਿੱਸੇ ਜ਼ਰੂਰ ਖਰੀਦਦੇ, ਭਾਵੇਂ ਮੇਲਾ ਦੇਖਣ ਲਈ ਸਿਰਫ ਚਾਰ ਆਨੇ ਹੀ ਮਿਲਦੇ ਸਨ। ਪੂਰਾ ਸਾਲ ਉਨ੍ਹਾਂ ਨੂੰ ਪੜ੍ਹਦੇ ਰਹਿੰਦੇ ਤੇ ਉਹ ਜ਼ੁਬਾਨੀ ਯਾਦ ਹੋ ਜਾਂਦਾ। ਅਗਲੇ ਸਾਲ ਫੇਰ ਖਰੀਦੇ ਜਾਂਦੇ। ਇਸ ਤਰ੍ਹਾਂ ਛੇਵੀਂ ਸੱਤਵੀਂ ਜਮਾਤ ਤਕ ਪਹੁੰਚਦਿਆਂ ਤੁਕਬੰਦੀ ਕਰਨ ਲੱਗ ਪਏ ਅਤੇ ਸੱਤਵੀਂ ਵਿਚ ਪਹਿਲੀ ਪੂਰੀ ਰਚਨਾ ਲਿਖੀ। ਗੀਤ ਦੇ ਬੋਲ ਸਨ- 'ਧੰਨ ਬਾਬਾ ਦੀਪ ਸਿੰਘ ਜੀ, ਸੀਸ ਆਪਣਾ ਤਲੀ ਦੇ ਉਤੇ ਰਖਿਆ।' ਗਿਆਨੀ ਕਰਦੇ ਸਮੇਂ ਸਾਹਿਤ ਪੜ੍ਹਨ ਨਾਲ ਬਚਪਨ ਦੀ ਮਿੱਟੀ ਵਿਚ ਬੀਜਿਆ ਬੀਅ ਪੁੰਗਰ ਪਿਆ। ਨਾਨਕ ਸਿੰਘ ਹੁਰਾਂ ਵਲੋਂ ਕੱਢੇ ਜਾਂਦੇ ਮਾਹਵਾਰ ਰਸਾਲੇ 'ਲੋਕ ਸਾਹਿਤ' ਨੂੰ ਇਕ ਗ਼ਜ਼ਲ ਭੇਜੀ ਜੋ ਸਾਲਾਨਾ ਅੰਕ ਵਿਚ ਛਪੀ। ਇਸ ਤੋਂ ਬਾਅਦ ਅਜਿਹੀ ਲਗਨ ਲੱਗੀ ਕਿ ਜਦੋਂ ਤਕ ਇਹ ਰਸਾਲਾ ਨਿਕਲਦਾ ਰਿਹਾ ਇਸ ਦੇ ਹਰ ਅੰਕ ਵਿਚ ਗ਼ਜ਼ਲ ਛਪੀ। ਹੁਣ ਕਰਤਾਰ ਸਿੰਘ ਕਵੀ ਕਰਤਾਰ ਸਿੰਘ ਕਾਲੜਾ ਵਜੋਂ ਮਾਨਤਾ ਪ੍ਰਾਪਤ ਕਰ ਚੁੱਕਾ ਸੀ। ਕਰਤਾਰ ਸਿੰਘ ਕਾਲੜਾ ਦੀ ਪਹਿਲੀ ਕਾਵਿ ਪੁਸਤਕ ੧੯੮੨ ਵਿਚ ਛਪੀ, ਨਾਂ ਸੀ-ਚਾਨਣ ਦੀ ਰਖਵਾਲੀ। ਅਗਲੀ ਪੁਸਤਕ ਗ਼ਜ਼ਲ ਸੰਗ੍ਰਹਿ ੧੯੯੩ ਵਿਚ ਛਪੀ। ਕਾਵਿ ਰਚਨਾ ਭਾਵੇਂ ਨਿਰੰਤਰ ਜਾਰੀ ਰਹੀ ਪ੍ਰੰਤੂ ਪ੍ਰਕਾਸ਼ਨਾ ਵਿਚ ਗਿਆਰਾਂ ਸਾਲ ਦਾ ਵਕਫਾ ਰਿਹਾ। ਇਸ ਦਾ ਇਕ ਕਾਰਨ ਸੀ ਕਾਲੜਾ ਸਾਹਿਬ ਦੀ ਇਮਾਨਦਾਰੀ। ਜਿਸ ਪ੍ਰਕਾਸ਼ਕ ਨੇ ਪਹਿਲੀ ਪੁਸਤਕ ਛਾਪੀ ਉਸ ਤੋਂ ਪ੍ਰਿੰਸੀਪਲ ਕਾਲੜਾ ਆਪਣੇ ਸਕੂਲ ਦਾ ਵੀ ਕੰਮ ਕਰਵਾਉਂਦੇ ਸਨ। ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਪ੍ਰਕਾਸ਼ਕ ਨੇ ਸਕੂਲ ਦੇ ਕੰਮ ਬਦਲੇ ਪੁਸਤਕ ਦੀ ਛਪਾਈ ਵਿਚ ਕੁਝ ਰਾਹਤ ਦਿੱਤੀ ਹੈ। ਸੋ ਉਨ੍ਹਾਂ ਨੇ ਆਪਣੇ ਮਨ ਵਿਚ ਇਹ ਪੱਕੀ ਧਾਰ ਲਈ ਅਤੇ ਰਿਟਾਇਰਮੈਂਟ ਤੋਂ ਬਾਅਦ ਹੀ ਅਗਲੀ ਪੁਸਤਕ ਛਪੀ। ਹੁਣ ਤਕ ਉਨ੍ਹਾਂ ਦੇ ਛੇ ਗ਼ਜ਼ਲ-ਸੰਗ੍ਰਹਿ- (ਚਾਨਣ ਦੇ ਵਣਜਾਰੇ, ਚਾਨਣ ਦਾ ਪੰਧ, ਚਾਨਣ ਦੀ ਮਹਿਕ, ਚਾਨਣ ਦੇ ਰੰਗ, ਚਾਨਣ ਦਾ ਪੁੱਲ, ਚਾਨਣ ਚਾਨਣ ਮੈਂ), ਤਿੰਨ ਕਾਵਿ ਸੰਗ੍ਰਹਿ- (ਚਾਨਣ ਦੀ ਰਖਵਾਲੀ, ਸਭ ਕਿਛੁ ਹੋਤ ਉਪਾਇ, ਕਾਤਰਾਂ ਚਾਨਣ ਦੀਆਂ), ਇਕ ਗੀਤ- ਰੁਬਾਈ ਸੰਗ੍ਰਹਿ (ਚਾਨਣ ਦਾ ਹੋਕਾ) ਇਕ ਬਾਲ ਸੰਗ੍ਰਹਿ (ਰੱਬਾ ਰੱਬਾ ਮੀਂਹ ਵਸਾ), ਦੋ ਗ਼ਜ਼ਲ ਅਲੋਚਨਾ ਪੁਸਤਕਾਂ- (ਮੁਲਾਂਕਣ-ਸੰਪਾਦਨ ਅਤੇ ਸਮਕਾਲੀ ਪੰਜਾਬੀ ਗ਼ਜ਼ਲ), ਸਵੈ-ਜੀਵਨੀ-ਪੈਰਾਂ ਦੀ ਪਰਵਾਜ਼ ਪੁਸਤਕਾਂ ਛਪ ਚੁੱਕੀਆਂ ਹਨ। ਇਨ੍ਹਾਂ ਤੋਂ ਇਲਾਵਾ ਪ੍ਰਿੰ. ਸੁਰਜੀਤ ਸਿੰਘ ਭਾਟੀਆ ਅਭਿਨੰਦਨ ਗ੍ਰੰਥ-ਅਰਸ਼ਲੀਨ ਦੇ ਸਹਿ ਸੰਪਾਦਕ ਬਣੇ। ਅਨੇਕਾਂ ਪੁਸਤਕਾਂ, ਰਸਾਲਿਆਂ ਵਿਚ ਅਲੋਚਨਾਤਮਕ ਲੇਖ ਛਪੇ ਹਨ। ਅਨੇਕਾਂ ਸਾਹਿਤ ਗੋਸ਼ਟੀਆਂ ਲਈ ਪੇਪਰ ਲਿਖੇ ਅਤੇ ਪੜ੍ਹੇ ਹਨ।

ਭਾਵੇਂ ਕਾਲੜਾ ਸਾਹਿਬ ਨੇ ਸਾਹਿਤ ਦੀ ਹਰ ਵੰਨਗੀ ਤੇ ਆਪਣੀ ਕਲਮ ਅਜ਼ਮਾਈ ਹੈ ਅਤੇ ਹਰ ਵੰਨਗੀ 'ਤੇ ਆਪਣੀ ਪੀਢੀ ਪਕੜ ਦਾ ਪ੍ਰਮਾਣ ਦਿੱਤਾ ਹੈ, ਪ੍ਰੰਤੂ ਗ਼ਜ਼ਲ 'ਤੇ ਉਨ੍ਹਾਂ ਨੂੰ ਵਿਸ਼ੇਸ਼ ਪਕੜ ਹਾਸਲ ਹੈ। ਉਨ੍ਹਾਂ ਦੀ ਪੁਸਤਕ ਸਮਕਾਲੀ ਪੰਜਾਬੀ ਗ਼ਜ਼ਲ ਨਵੇਂ ਸ਼ਾਇਰਾਂ ਲਈ ਅਗਵਾਈ ਪੁਸਤਕ ਵਜੋਂ ਮਾਨਤਾ ਪ੍ਰਾਪਤ ਕਰ ਚੁੱਕੀ ਹੈ। ਪ੍ਰੋ. ਕਾਲੜਾ ਨੇ ਗ਼ਜ਼ਲ ਦੇ ਪ੍ਰੰਪਰਿਕ ਅਤੇ ਰਵਾਇਤੀ ਵਿਸ਼ਿਆਂ ਦੀ ਥਾਂ ਨਵੇਂ ਵਿਸ਼ਿਆਂ ਨੂੰ ਅਪਣਾਇਆ ਹੈ। ਨਵੀਂ ਸਮਾਜਿਕ ਵਿਵਸਥਾ ਦੇ ਜਟਿਲ ਅਤੇ ਗੁੰਝਲਦਾਰ ਵਿਸ਼ਿਆਂ ਨੂੰ ਵੀ ਬੜੇ ਸਹਿਜ ਨਾਲ ਆਪਣੀਆਂ ਗ਼ਜ਼ਲਾਂ ਰਾਹੀਂ ਪ੍ਰਗਟਾਉਣ ਦਾ ਉਨ੍ਹਾਂ ਨੂੰ ਢੰਗ ਹੈ।

ਪ੍ਰੋ. ਕਾਲੜਾ ਨੂੰ ਬਹੁਤ ਸਾਰੇ ਮਾਣ-ਸਨਮਾਨ ਵੀ ਮਿਲੇ ਹਨ ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਉਨ੍ਹਾਂ ਨੂੰ ਆਪਣੇ ਕੰਮ ਨੂੰ ਹੋਰ ਲਗਨ ਨਾਲ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਵਲੋਂ ੧੯੬੨ ਵਿਚ ਹਿਸਾਰ ਵਿਖੇ ਸਨਮਾਨ। ਸੁਦਰਸ਼ਨਾ ਤਰਸੇਮ ਟਰੱਸਟ ਮਲੇਰਕੋਟਲੇ ਵਲੋਂ ਪ੍ਰੋ. ਗੁਲਵੰਤ ਸਿੰਘ ਐਵਾਰਡ। ਪੰਜਾਬੀ ਗ਼ਜ਼ਲ ਮੰਚ ਪੰਜਾਬ ਵਲੋਂ ਸੁਰਜੀਤ ਰਾਮਪੁਰੀ ਐਵਾਰਡ। ਹੋਰ ਬਹੁਤ ਸਾਰੀਆਂ ਸੰਸਥਾਵਾਂ ਵਲੋਂ ਸਮੇਂ-ਸਮੇਂ 'ਤੇ ਸਨਮਾਨਿਤ ਕੀਤਾ ਗਿਆ। ਪ੍ਰੋ. ਕਾਲੜਾ ਬਹੁਤ ਸਾਰੀਆਂ ਸਾਹਿਤਕ ਸੰਸਥਾਵਾਂ ਨਾਲ ਜੁੜੇ


Namdhari Elibrary NamdhariElibrary@gmail.com

ਹੋਏ ਅਤੇ ਆਪਣੇ ਫਰਜ਼ ਨਿਭਾ ਰਹੇ ਹਨ।

ਜੀਵਨ ਦੇ ਸਫਰ ਵਿਚ ਪ੍ਰੋ. ਕਾਲੜਾ ਹਮਸਫਰ ਬਣ ਕੇ ਸਾਥ ਦਿੱਤਾ ਸਰਦਾਰਨੀ ਸਤਵੰਤ ਕੌਰ ਨੇ। ਇਸ ਜੋੜੇ ਦੇ ਘਰ ਚਾਰ ਔਲਾਦਾਂ ਹੋਈਆਂ ਦੋ ਲੜਕੇ ਅਤੇ ਦੋ ਲੜਕੀਆਂ। ਦੋਵੇਂ ਲੜਕੇ ਜਤਿੰਦਰਪਾਲ ਸਿੰਘ ਅਤੇ ਹਰਵਿੰਦਰਪਾਲ ਸਿੰਘ ਆਸਟ੍ਰੇਲੀਆ ਵਿਚ ਇੰਜੀਨੀਅਰ ਹਨ। ਦੋਵੇਂ ਬੇਟੀਆਂ ਚਿਰੰਜੀਵ ਕੌਰ ਅਤੇ ਚੰਦਰਪ੍ਰੀਤ ਕੌਰ ਆਪੋ ਆਪਣੇ ਪਰਿਵਾਰਾਂ ਵਿਚ ਖੁਸ਼ੀਆਂ ਮਾਣ ਰਹੀਆਂ ਹਨ। ਪ੍ਰੋ. ਕਾਲੜਾ ਆਸਟ੍ਰੇਲੀਆ ਬੇਟਿਆਂ ਕੋਲ ਕਈ ਵਾਰ ਜਾ ਆਏ ਹਨ। ਨਿਊਜ਼ੀਲੈਂਡ, ਥਾਈਲੈਂਡ ਅਤੇ ਮਲੇਸ਼ੀਆ ਦੀ ਯਾਤਰਾ ਵੀ ਕਰ ਆਏ ਹਨ। ਪਤਨੀ ਦੀ ਲੰਬੀ ਬਿਮਾਰੀ ਕਾਰਨ ਕੁਝ ਸਮਾਂ ਪਹਿਲਾਂ ਨਾਭੇ ਆਪਣੀ ਵੱਡੀ ਬੇਟੀ ਕੋਲ ਆ ਗਏ ਸਨ। ਪਿਛਲੇ ਸਾਲ ਦਸੰਬਰ ੨੦੦੭ ਨੂੰ ਸਤਵੰਤ ਕੌਰ ਜੀ ਆਪਣੀ ਜੀਵਨ ਯਾਤਰਾ ਪੂਰੀ ਕਰ ਗਏ। ਉਨ੍ਹਾਂ ਤੋਂ ਬਾਅਦ ਪ੍ਰੋ. ਕਾਲੜਾ ਦੇ ਜੀਵਨ ਵਿਚ ਇਕ ਖਲਾਅ ਆ ਗਿਆ। ਪ੍ਰਮਾਤਮਾ ਉਨ੍ਹਾਂ ਨੂੰ ਇਹ ਸਦਮਾ ਸਹਿਣ ਦਾ ਬਲ ਬਖਸ਼ੇ ਤਾਂ ਕਿ ਉਹ ਸਾਹਿਤਕ ਸਫਰ 'ਤੇ ਨਿਰੰਤਰ ਤੁਰਦੇ ਰਹਿਣ।

## ਪੰਜਾਬੀ ਨੂੰ ਸੰਯੁਕਤ ਰਾਸ਼ਟਰ ਦੀਆਂ ਸੰਚਾਰ ਭਾਸ਼ਾਵਾਂ ਵਿਚ ਪ੍ਰਤੀਨਿਧਤਾ ਮਿਲੇ-ਅੰਤਰ ਰਾਸ਼ਟਰੀ ਮਾਤ ਭਾਸ਼ਾ ਦਿਵਸ 'ਤੇ ਅਪੀਲ—ਲਖਬੀਰ ਸਿੰਘ

ਜਲੰਧਰ ਬੀਤੇ ਦਿਨੀਂ— ਯੁਵਾ ਕਰਮੀ ਸੰਸਥਾ 'ਪਹਿਲ' ਨੇ ਗੁਰੂ ਨਾਨਕ ਦੇਵ ਜ਼ਿਲ੍ਹਾ ਲਾਇਬ੍ਰੇਰੀ ਜਲੰਧਰ ਵਿਚ ਅੰਤਰ-ਰਾਸ਼ਟਰੀ ਮਾਤ-ਭਾਸ਼ਾ ਦਿਵਸ 'ਤੇ 'ਮਾਤ-ਭਾਸ਼ਾ ਦਾ ਮਹੱਤਵ ਅਤੇ ਪੰਜਾਬੀ ਮਾਤ-ਭਾਸ਼ਾ' ਵਿਸ਼ੇ 'ਤੇ ਸੈਮੀਨਾਰ ਕੀਤਾ। ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਸੇਵਾ-ਮੁਕਤ ਪ੍ਰਿੰਸੀਪਲ ਸ. ਪ੍ਰੀਤਮ ਸਿੰਘ ਸਰਗੋਧੀਆ ਨੇ ਕਿਹਾ ਕਿ ਸਰਕਾਰਾਂ, ਵਿਭਾਗਾਂ ਅਤੇ ਵਿਦਿਅਕ ਸੰਸਥਾਵਾਂ ਦੀ ਅਣਗਹਿਲੀ ਕਾਰਨ ਪੰਜਾਬੀ ਬਤੌਰ ਮਾਤ-ਭਾਸ਼ਾ ਆਪਣੀ ਬੁਨਿਆਦ ਵਿਚ ਪਈਆਂ ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਉਜਾਗਰ ਨਹੀਂ ਕਰ ਸਕੀ। ਅੱਜ ਵੀ ਇਸ ਪਾਸੇ ਵੱਲ ਧਿਆਨ ਦੇ ਕੇ ਪੰਜਾਬੀ ਨੂੰ ਵਿਸ਼ਵ ਦੀਆਂ ਪ੍ਰਮੁੱਖ ਭਾਸ਼ਾਵਾਂ ਵਿਚ ਥਾਂ ਦਿਵਾਈ ਜਾ ਸਕਦੀ ਹੈ।

ਇਸ ਮੌਕੇ ਪ੍ਰੋ. ਲਖਬੀਰ ਸਿੰਘ ਪਰਧਾਨ 'ਪਹਿਲ' ਨੇ ਆਪਣਾ ਪਰਚਾ ਪੇਸ਼ ਕਰਦਿਆਂ ਕਿਹਾ ਕਿ ਤਥਾ ਕਥਿਤ ਵਿਸ਼ਵੀਕਰਨ ਦੇ ਰੁਝਾਨ ਵਿਚ ਵਿਸ਼ਵ ਦੀਆਂ ਸੱਤ ਹਜ਼ਾਰ ਭਾਸ਼ਾਵਾਂ ਵਿਚੋਂ ਤਕਰੀਬਨ ਪੰਜਾਹ ਫੀਸਦੀ ਦੀ ਹੋਂਦ ਖਤਰੇ ਵਿਚ ਹੈ। ਦੁਨੀਆਂ ਵਿਚ ਪੰਜ ਸੋ ਭਾਸ਼ਾਵਾਂ ਇਸ ਤਰ੍ਹਾਂ ਦੀਆਂ ਹਨ ਜਿਨ੍ਹਾਂ ਨੂੰ ਬੋਲਣ ਵਾਲਿਆਂ ਦੀ ਗਿਣਤੀ ਦਸ ਤੋਂ ਵੀ ਘੱਟ ਹੈ। ਅੰਦਾਜ਼ਨ ਦੋ ਹਫਤੇ ਵਿਚ ਇਕ ਭਾਸ਼ਾ ਮਰ ਰਹੀ ਹੈ। ਇਕ ਭਾਸ਼ਾ ਦੇ ਖ਼ਤਮ ਹੋਣ ਨਾਲ ਉਸ ਨਾਲ ਸੰਬੰਧਤ ਗਿਆਨ, ਸਭਿਆਚਾਰ ਤੇ ਹੋਰ ਸਭ ਕੁਝ ਖ਼ਤਮ ਹੋ ਜਾਂਦਾ ਹੈ। ਵਿਸ਼ਵ ਦੇ ਇਸ ਵੱਡੇ ਨੁਕਸਾਨ ਨੂੰ ਪਹਿਚਾਣਦਿਆਂ ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੈਸਕੋ ਨੇ ਅੱਜ ਦੇ ਦਿਨ ਫਰਾਂਸ ਵਿਚ ਸਾਲ ੨੦੦੮ ਨੂੰ ਭਾਸ਼ਾਵਾਂ ਦਾ ਅੰਤਰ ਰਾਸ਼ਟਰੀ ਸਾਲ ਐਲਾਨ ਕਰਕੇ ਮਹੱਤਵਪੂਰਨ ਕੰਮ ਕੀਤਾ ਹੈ।

ਇਸ ਸੈਮੀਨਾਰ ਵਿਚ ਤੀਜਾ ਪਰਚਾ ਮਨਪ੍ਰੀਤ ਸਿੰਘ ਬੱਲ ਨੇ ਪੇਸ਼ ਕਰਦਿਆਂ ਕਿਹਾ ਕਿ ਸਰਕਾਰੀ ਪੱਧਰ 'ਤੇ ਹਰ ਤਰ੍ਹਾਂ ਦਾ ਕਾਨੂੰਨ ਅਤੇ ਵਿਧਾਨ ਪੰਜਾਬੀ ਭਾਸ਼ਾ ਦੀ ਹਰ ਪੱਧਰ 'ਤੇ ਵਰਤੋਂ ਦੇ ਹੱਕ ਵਿਚ ਹੈ, ਪਰ ਅਧਿਕਾਰੀਆਂ ਦੀ ਅਣਗਹਿਲੀ ਅਤੇ ਵਾਜਬ ਧਿਆਨ ਦੀ ਘਾਟ ਕਰਕੇ ਪੰਜਾਬੀ ਦੇ ਫੈਲਾਅ ਅਤੇ ਵਿਕਾਸ ਲਈ ਠੀਕ ਯਤਨ ਨਹੀਂ ਹੋ ਰਹੇ।

ਇਸ ਮੌਕੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਸ. ਜਗਦੀਸ਼ ਸਿੰਘ ਵਰਿਆਮ ਮੁੱਖ ਸੰਪਾਦਕ 'ਵਰਿਆਮ' ਨੇ 'ਪਹਿਲ' ਦੇ ਯਤਨਾਂ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਪੰਜਾਬੀ ਭਾਸ਼ਾ ਕਲਾ, ਵਿਗਿਆਨ, ਸਾਹਿਤ, ਸਭਿਆਚਾਰ ਗੱਲ ਕੀ ਜੀਵਨ ਦੇ ਹਰ ਪੱਖ ਨੂੰ ਬਾ ਖ਼ੂਬੀ ਪ੍ਰਸਤੁਤ ਕਰਨ ਦੇ ਸਮਰੱਥ ਹੈ, ਬੱਸ ਲੋੜ ਇਸ ਗੱਲ ਦੀ ਹੈ ਕਿ ਸਵੈ-ਮਾਣ ਵਾਲਾ ਰਵੱਈਆ ਅਪਣਾ ਕੇ ਇਸਨੂੰ ਵਿਚਾਰ-ਸੰਚਾਰ ਦਾ ਮਾਧਿਅਮ ਬਣਾਇਆ ਜਾਵੇ ਅਤੇ ਵਰਤੋਂ ਪ੍ਰਤੀ ਸੰਕੋਚ ਨੂੰ ਛੱਡਿਆ ਜਾਵੇ। ਸਟੇਜ ਦਾ ਸੰਚਾਲਨ ਕਰਦਿਆਂ ਪ੍ਰੋ. ਕਮਲਦੀਪ ਸਿੰਘ ਨੇ ਇਸ ਗੱਲ ਵਲ ਇਸ਼ਾਰਾ ਕੀਤਾ ਕਿ ਜਿੱਥੇ ਪੰਜਾਬ ਸਰਕਾਰ ਨੂੰ ਪੰਜਾਬੀ ਭਾਸ਼ਾ ਬਾਰੇ ਅਧਿਨਿਯਮਾਂ ਵੱਲ ਧਿਆਨ ਦੇਣ ਦੀ ਲੋੜ ਹੈ, ਉਥੇ ਯੂਨੀਵਰਸਿਟੀਆਂ ਵਲੋਂ ਇਸਦੇ ਲਾਜ਼ਮੀ ਕਰਨ ਨੂੰ ਕਾਲਜਾਂ ਦੀ ਪੱਧਰ 'ਤੇ ਪਰਖਣ ਦੀ ਵੀ ਲੋੜ ਹੈ। ਇਸ ਸੈਮੀਨਾਰ ਵਿਚ ਸ. ਗੁਰਿੰਦਰਜੀਤ ਸਿੰਘ ਨਾਗਰਾ (ਸੰਪਾਦਕ ਪੰਜਾਬ ਹੌਟ ਲਾਈਨ), ਸ. ਬਲਦੇਵ ਸਿੰਘ ਬਾਜਵਾ (ਸੰਪਾਦਕ ਮੀਡੀਆ ਪੰਜਾਬ ਡੌਟ ਕਾਮ), ਸ. ਸੁੱਚਾ ਸਿੰਘ ਵੇਘਲ ਐਨ. ਆਰ. ਆਈ. ਯੂ. ਕੇ ਡਾ. ਜਗਦੀਸ਼ ਕੌਰ ਵਾਡੀਆ ਨੇ ਵੀ ਸੰਬੋਧਨ ਕੀਤਾ। ਇਸ ਸੈਮੀਨਾਰ ਵਿਚ ਦੋ ਸੌ ਤੋਂ ਵੱਧ ਪੰਜਾਬੀ ਅਧਿਐਨ ਤੇ ਅਧਿਆਪਕ ਨਾਲ ਜੁੜੇ ਹੋਏ ਯੁਵਕਾਂ ਤੋਂ ਇਲਾਵਾ ਸ਼੍ਰੀਮਤੀ ਹਰਵਿੰਦਰ ਕੌਰ, ਸ਼੍ਰੀਮਤੀ ਬਿੰਦਰਜੀਤ ਕੌਰ, ਪ੍ਰੋ. ਤੀਰਥ ਸਿੰਘ, ਪ੍ਰੋ. ਵਿਨੋਦ ਕੁਮਾਰ, ਪ੍ਰੋ. ਰਛਪਾਲ ਸਿੰਘ, ਕੁਮਾਰੀ ਨਰਿੰਦਰ ਕੌਰ, ਸ਼੍ਰੀ ਪ੍ਰਵੀਨ ਕੁਮਾਰ, ਸ਼੍ਰੀ ਮੋਹਨ ਲਾਲ, ਸ. ਕੰਵਲਜੀਤ ਸਿੰਘ ਸੂਰੀ, ਕਮਾਡੈਂਟ ਬੀ. ਐਸ. ਲਾਲੀ, ਬਾਮੇਸ਼ਵਰ ਸਿੰਘ, ਸ. ਨਿਰੰਜਨ ਸਿੰਘ ਸਾਥੀ, ਆਦਿ ਨੇ ਸ਼ਿਰਕਤ ਕੀਤੀ। ਇਸ ਸੈਮੀਨਾਰ ਵਿਚ ਇਹ ਮਤਾ ਪਾਸ ਕਰਕੇ ਸੰਯੁਕਤ ਰਾਸ਼ਟਰ ਨੂੰ ਅਪੀਲ ਕੀਤੀ ਕਿ ੧੨ ਕਰੋੜ ਤੋਂ ਵੱਧ ਬੁਲਾਰਿਆਂ ਦੀ ਭਾਸ਼ਾ ਪੰਜਾਬੀ ਨੂੰ ਸੰਯੁਕਤ ਰਾਸ਼ਟਰ ਦੀਆਂ ਸੰਚਾਰ ਭਾਸ਼ਾਵਾਂ ਵਿਚ ਪ੍ਰਤਿਨਿਧਤਾ ਦਿੱਤਾ ਜਾਵੇ।


Namdhari Elibrary NamdhariElibrary@gmail.com

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54, Library Road, Azad Market, Delhi-110006

**Mobile Phone :** *S. Charanjit Singh 9810556398*
*S. Satvinder Singh 9811095210*





Namdhari Elibrary NamdhariElibrary@gmail.com

# ਡਾ. ਸਰਦਾਰ ਸਿੰਘ ਗਾਂਧੀ ਬਰਮਾ ਵਾਲੇ

*—ਸੂਬਾ ਸੁਰਿੰਦਰ ਕੌਰ ਖਰਲ*

ਡਾ. ਸਰਦਾਰ ਸਿੰਘ ਗਾਂਧੀ ਬਰਮਾ ਵਾਲੇ ਰੂਪਨਗਰ (ਰੋਪੜ) ਵਿਖੇ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ੧੩ ਫਰਵਰੀ ੨੦੦੮ ਨੂੰ ਚੜ੍ਹਾਈ ਕਰ ਗਏ। ਉਨ੍ਹਾਂ ਨਮਿਤ ਪਾਠ ਦਾ ਭੋਗ ੨੦ ਫਰਵਰੀ ੨੦੦੮ ਨੂੰ ਉਨ੍ਹਾਂ ਦੇ ਪਰਿਵਾਰ ਵਲੋਂ ਰੂਪਨਗਰ ਵਿਖੇ ਪਾਇਆ ਗਿਆ।

ਡਾ. ਸਰਦਾਰ ਸਿੰਘ ਗਾਂਧੀ ਦਾ ਜਨਮ ਪਿੰਡ ਹਾਸਲ ਤਹਿਸੀਲ ਚਕਵਾਲ ਜ਼ਿਲ੍ਹਾ ਜੇਹਲਮ (ਅਜੋਕਾ ਪਾਕਿਸਤਾਨ) ਵਿਖੇ ਜ਼ਿਮੀਦਾਰ ਸ. ਸੋਨਾ ਸਿੰਘ ਗਾਂਧੀ ਦੇ ਗ੍ਰਹਿ ਵਿਖੇ ਸੰਨ ੧੯੨੫ ਨੂੰ ਹੋਇਆ।



ਦੇਸ਼ ਦੀ ਵੰਡ ਵੇਲੇ ਆਪ ਪਹਿਲਾਂ ਕੁਝ ਸਮਾਂ ਅੰਬਾਲਾ ਵਿਖੇ ਰਹੇ ਅਤੇ ਫਿਰ ਰੋਪੜ ਵਿਚ ਪਿੰਡ ਬਹਿਰਾਮਪੁਰ ਵਿਖੇ ਕੁਝ ਸਮਾਂ ਰਹਿਣ ਉਪਰੰਤ ਆਪਣੇ ਚਾਚਾ ਜੀ ਸ. ਅਰਜਨ ਸਿੰਘ ਕੋਲ ਬਰਮਾ ਚਲੇ ਗਏ। ਮੌਲਮੀਨ (ਬਰਮਾ) ਵਿਖੇ ਉਨ੍ਹਾਂ ਨੇ ਆਪਣਾ ਕੰਮ-ਕਾਰ ਕਰਦਿਆਂ ਸਿੱਖ ਧਰਮ ਦਾ ਪ੍ਰਚਾਰ ਕੀਤਾ ਅਤੇ ਆਪਣੇ ਸ਼ਹਿਰ ਮੌਲਮੀਨ ਵਿਖੇ ਗੁਰਦੁਆਰਾ ਬਣਾਇਆ। ਆਪ ਨੇ ਬੋਧੀ ਸਾਧੂਆਂ ਨਾਲ ਮਿਲ ਕੇ ਬਰਮਾ-ਚੀਨ ਬਾਰਡਰ ਦੇ ਜੰਗਲਾਂ ਵਿਚ ਕੁਦਰਤੀ ਇਲਾਜਾਂ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਕਈ ਜੜੀ-ਬੂਟਿਆਂ ਦੀ ਖੋਜ ਕੀਤੀ।

ਡਾ. ਗਾਂਧੀ ਮੌਲਮੀਨ (ਬਰਮਾ) ਵਿਖੇ ਕਈ ਸਾਲ ਮਿਉਂਸਪਲ ਕਮਿਸ਼ਨਰ ਰਹੇ ਅਤੇ ਮੌਲਮੀਨ ਜੇਲ੍ਹ ਦੇ ਸਾਹਮਣੇ ਸੜਕ ਪਾਰ ਕਰ ਕੇ ਉਨ੍ਹਾਂ ਦਾ ਘਰ ਹੁੰਦਾ ਸੀ। ਮੌਲਮੀਨ ਦੀ ਇਸ ਜੇਲ੍ਹ ਵਿਖੇ ਅੰਗਰੇਜ਼ ਸਰਕਾਰ ਵਲੋਂ ਸੂਬਾ ਜਵਾਹਰ ਸਿੰਘ, ਸੂਬਾ ਲੱਖਾ ਸਿੰਘ ਅਤੇ ਸੂਬਾ ਬ੍ਰਹਮਾ ਸਿੰਘ ਨੂੰ ੩੦ ਦਸੰਬਰ ਸੰਨ ੧੮੭੨ ਤੋਂ ਕੈਦ ਰੱਖਿਆ ਗਿਆ ਸੀ।

ਮੌਲਮੀਨ ਵਿਖੇ ਸਖ਼ਤ ਕੈਦ ਕੱਟਦਿਆਂ ਸੂਬਾ ਜਵਾਹਰ ਸਿੰਘ ੨੯ ਨਵੰਬਰ ਸੰਨ ੧੮੮੨ ਨੂੰ ਅਤੇ ਸੂਬਾ ਲੱਖਾ ਸਿੰਘ ੫ ਫਰਵਰੀ ਸੰਨ ੧੯੦੩ ਨੂੰ ਪ੍ਰਾਣ ਤਿਆਗ ਗਏ। ਸੂਬਾ ਬ੍ਰਹਮਾ ਸਿੰਘ ਨੂੰ ੧੯ ਮਾਰਚ ੧੮੮੭ ਨੂੰ ਕਮਜ਼ੋਰੀ ਅਤੇ ਬੁਢਾਪੇ ਕਾਰਣ ਮੌਲਮੀਨ ਜੇਲ੍ਹ ਤੋਂ ਰਿਹਾਈ ਦੇ ਆਦੇਸ਼ ਮਿਲ ਗਏ।

ਡਾ. ਗਾਂਧੀ ਦੇ ਦੱਸਣ ਮੁਤਾਬਿਕ ਅੱਜ ਵੀ ਮੌਲਮੀਨ ਜੇਲ੍ਹ ਵਿਖੇ ਇਕ ਥੜਾ ਬਣਿਆ ਹੋਇਆ ਹੈ, ਜਿਥੋਂ ਭਜਨ ਕਰਨ ਦੀਆਂ ਅਵਾਜ਼ਾਂ ਆਉਂਦੀਆਂ ਹਨ। ਕਈਆਂ ਨੂੰ ਚਿੱਟੇ ਕੱਪੜਿਆਂ ਵਾਲੇ ਦੈਵੀ ਪੁਰਸ਼ ਦੇ ਦਰਸ਼ਨ ਹੁੰਦੇ ਹਨ, ਬਰਮੀ ਲੋਕ ਇਸ ਥੜੇ ਦੀ ਪੂਜਾ ਕਰਦੇ ਹਨ ਤੇ ਸੁੱਖਾਂ ਸੁੱਖਦੇ ਹਨ, ਜੋ ਪੂਰੀਆਂ ਹੁੰਦੀਆਂ ਹਨ। ਡਾ. ਗਾਂਧੀ ਦੇ ਮਨ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਬੜੀ ਸ਼ਰਧਾ ਬਣੀ ਹੋਈ ਸੀ। ਭਾਰਤ ਆ ਕੇ ਉਨ੍ਹਾਂ ਦੇ ਮਨ ਅੰਦਰ ਭਾਵਨਾ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਗੱਦੀ ਦੇ ਮਾਲਕ ਮੌਜੂਦਾ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਜਾਵੇ ਕਿ ਬਰਮਾ ਵਿਚ ਜਿਥੇ ਜਿਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰਹੇ, ਉਨ੍ਹਾਂ ਪਵਿੱਤਰ ਸਥਾਨਾਂ ਦੇ ਦਰਸ਼ਨ ਕੀਤੇ ਜਾਣ ਅਤੇ ਸੰਭਾਲ ਕੀਤੀ ਜਾਵੇ।

ਸੰਨ ੧੯੮੦ ਵਿਚ ਆਪਣੇ ਸਹੁਰਾ ਸਾਹਿਬ ਦੇ ਦੇਹਾਂਤ ਤੋਂ ਬਾਅਦ ਡਾ. ਗਾਂਧੀ ਰੂਪਨਗਰ ਵਿਖੇ ਵੱਸ ਗਏ ਅਤੇ ਉਹਨਾਂ ਨੇ ਦੂਰੋਂ ਨੇੜਿਓਂ ਆਉਣ ਵਾਲੇ ਅਨੇਕ ਮਰੀਜ਼ਾਂ ਦਾ ਇਲਾਜ ਕੀਤਾ। ਅਸੀਂ ਉਨ੍ਹਾਂ ਨੂੰ ਮਿਲ ਕੇ ਬਰਮਾ ਬਾਰੇ ਉਨ੍ਹਾਂ ਦੀ ਸਾਰੀ ਗੱਲਬਾਤ ਸੁਣੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕੀਤੀ। ਇਕ ਵਾਰ ਸੱਚੇ ਪਾਤਸ਼ਾਹ ਜੀ ਨੇ ਜਦੋਂ ਰੋਪੜ ਦਰਸ਼ਨ ਦਿੱਤੇ ਤਾਂ ਅਸੀਂ ਡਾ. ਗਾਂਧੀ ਨੂੰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਾਏ। ਡਾ. ਗਾਂਧੀ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਬਰਮਾ ਵਿਖੇ ਪ੍ਰਾਪਤ ਕੀਤੀ ਜਾਣਕਾਰੀ ਅਤੇ ਜੜੀ-ਬੂਟਿਆਂ ਦੀ ਖੋਜ ਅਨੁਸਾਰ ਉਹ ਕੈਂਸਰ ਅਤੇ ਹੋਰ ਕਈ ਬੀਮਾਰੀਆਂ ਦਾ ਇਲਾਜ ਕਰਦੇ ਹਨ। ਬਹੁਤ ਮਰੀਜ਼ ਉਨ੍ਹਾਂ ਕੋਲ ਰੋਜ਼ਾਨਾ ਦਵਾਈ ਲੈਣ ਆਉਂਦੇ ਹਨ।

ਸ੍ਰੀ ਸਤਿਗੁਰੂ ਜੀ ਨੇ ਅਨੇਕ ਨਾਮਧਾਰੀ ਸਿੱਖਾਂ ਨੂੰ ਦਵਾਈ ਲੈਣ ਡਾ. ਗਾਂਧੀ ਕੋਲ ਭੇਜਿਆ। ਸੰਤ ਦਰਸ਼ਨ ਸਿੰਘ ਜੋ ਅਜ ਕਲ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਲਾਂਗਰੀ ਹਨ ਨੂੰ ਸੱਚੇ ਪਾਤਸ਼ਾਹ ਜੀ ਨੇ ਹੁਕਮ ਕਰ ਕੁਝ ਸਮਾਂ ਗਾਂਧੀ ਜੀ ਦੀ ਸ਼ਗਿਰਦੀ ਕਰਨ ਲਈ ਰੋਪੜ ਭੇਜਿਆ ਸੀ।

ਡਾ. ਗਾਂਧੀ ਨੇ ਸਾਨੂੰ ਆਖਿਆ ਕਿ ਜਦੋਂ ਵੀ ਤੁਸੀਂ ਬਰਮਾ ਜਾਣਾ ਹੋਵੇ ਮੇਰੀ ਧੀ ਅਤੇ ਮੇਰੇ ਪੁੱਤਰ ਦੇ ਘਰ ਠਹਿਰ ਸਕਦੇ ਹੋ, ਉਹ ਤੁਹਾਨੂੰ ਤੁਹਾਡੇ ਕੰਮ ਵਿਚ ਪੂਰਾ ਸਹਿਯੋਗ ਦੇਣਗੇ। ਸ. ਸਰਦਾਰ ਸਿੰਘ ਗਾਂਧੀ ਦੇ ਤਿੰਨ ਸਪੁੱਤਰ ਅਤੇ ਚਾਰ ਸਪੁੱਤਰੀਆਂ ਹਨ। ਵੱਡੀ ਬੇਟੀ ਡਾ. ਇੰਦਰਜੀਤ ਕੌਰ ਬਰਮਾ (ਰੰਗੂਨ) ਵਿਖੇ ਐਮ. ਬੀ. ਬੀ. ਐਸ. ਡਾਕਟਰ ਹਨ ਅਤੇ ਆਪਣਾ ਕਲੀਨਿਕ ਚਲਾਉਣ ਤੋਂ ਇਲਾਵਾ ਰੰਗੂਨ ਗੁਰਦੁਆਰੇ ਵੱਲੋਂ ਖੋਲ੍ਹੀ ਗਈ ਫਰੀ ਗੁਰੂ ਨਾਨਕ ਡਿਸਪੈਂਸਰੀ ਵਿਖੇ ਲੋਕਾਂ ਦੀ ਸੇਵਾ ਕਰ ਰਹੇ ਹਨ।

ਡਾ. ਗਾਂਧੀ ਦਾ ਵੱਡਾ ਬੇਟਾ ਸੁਰਿੰਦਰ ਸਿੰਘ ਮੌਲਮੀਨ



Namdhari Elibrary NamdhariElibrary@gmail.com

(ਬਰਮਾ) ਵਿਖੇ ਆਪਣਾ ਕਾਰੋਬਾਰ ਕਰਦਾ ਹੈ। ਉਹ ਬਰਮਾ ਚੈਂਬਰ ਆਫ ਕਾਮਰਸ ਦੇ ਬਤੌਰ ਖਜ਼ਾਨਚੀ ਦੀ ਸੇਵਾ ਨਿਭਾਉਣ ਦੇ ਨਾਲ ਨਾਲ ਆਪਣੇ ਪਿਤਾ ਵੱਲੋਂ ਬਣਾਏ ਗੁਰਦੁਆਰੇ ਦੀ ਸੇਵਾ ਸੰਭਾਲ ਕਰ ਰਹੇ ਹਨ। ਵਿਚਕਾਰਲਾ ਬੇਟਾ ਗੁਰਸ਼ਰਨ ਸਿੰਘ ਰੂਪਨਗਰ ਵਿਖੇ ਇਲੈਕਟ੍ਰੋਨਿਕਲ ਦਾ ਕਾਰੋਬਾਰ ਕਰ ਰਹੇ ਹਨ। ਛੋਟਾ ਬੇਟਾ ਸੁਰਜੀਤ ਸਿੰਘ ਗਾਂਧੀ, ਫੋਟੋ ਲੈਬ ਚਲਾਉਣ ਦੇ ਨਾਲ ਨਾਲ ਰੂਪਨਗਰ ਤੋਂ ਪੱਤਰਕਾਰੀ ਦੀ ਸੇਵਾ ਵੀ ਕਰ ਰਹੇ ਹਨ। ਧੀਆਂ ਵਿੱਚੋਂ ਇਕ ਅੰਬਾਲਾ ਦੂਸਰੀ ਚੰਡੀਗੜ੍ਹ ਅਤੇ ਤੀਸਰੀ ਰੂਪਨਗਰ ਵਿਖੇ ਹੀ ਵਿਆਹੀਆਂ ਹੋਈਆਂ ਹਨ।

ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਸੰਬੰਧਤ ਅਸਥਾਨਾਂ ਦੀ ਖੋਜ ਕਰਨ ਮੈਂ, ਮੇਰੇ ਪਤੀ ਸ. ਭਗਵੰਤ ਸਿੰਘ ਅਤੇ ਸਾਡੇ ਨਾਲ ਸ. ਜਸਵਿੰਦਰ ਸਿੰਘ ਬਰਮਾ ਗਏ ਤਾਂ ਡਾ. ਇੰਦਰਜੀਤ ਕੌਰ ਸਾਨੂੰ ਰੰਗੂਨ ਵਿਖੇ ਆਪਣੇ ਘਰ ਲੈ ਗਏ। ੧੦ ਮਾਰਚ ੧੯੯੪ ਤੋਂ ੨੦ ਮਾਰਚ ੧੯੯੪ ਤੀਕ ਅਸੀਂ ਬਰਮਾ ਵਿਖੇ ਡਾ. ਸਾਹਿਬਾ ਅਤੇ ਉਨ੍ਹਾਂ ਦੇ ਪਤੀ ਸ. ਤੇਜਾ ਸਿੰਘ ਦੇ ਘਰ ਰਹੇ। ਉਨ੍ਹਾਂ ਸਾਡੀ ਬਹੁਤ ਖਾਤਰ ਕੀਤੀ, ਸਾਡੇ ਕੰਮ ਵਿਚ ਸਾਨੂੰ ਪੂਰਨ ਸਹਿਯੋਗ ਦਿੱਤਾ। ਡਾ. ਗਾਂਧੀ ਨੇ ਆਪਣੀ ਬੇਟੀ ਨੂੰ ਚਿੱਠੀ ਲਿਖ ਕੇ ਭੇਜੀ ਸੀ ਕਿ ਇਨ੍ਹਾਂ ਨੂੰ ਆਪਣੇ ਕੋਲ ਰੱਖਣਾ ਅਤੇ ਇਨ੍ਹਾਂ ਦਾ ਬਹੁਤ ਧਿਆਨ ਰੱਖਣਾ ਤੇ ਇਹ ਸਮਝ ਕੇ ਸੇਵਾ-ਸਤਿਕਾਰ ਕਰਨਾ ਕਿ ਮੇਰੇ ਆਪਣੇ ਮਾਂ-ਬਾਪ ਹੀ ਆਏ ਹੋਏ ਹਨ।

ਸਾਡੇ ਘਰ ਦੇ ਨੇੜੇ ਹੀ ਰਹਿੰਦੇ ਡਾ. ਗਾਂਧੀ ਨੂੰ ਰੋਪੜ ਵਿਖੇ ਜਦੋਂ ਵੀ ਮੈਂ ਮਿਲਣ ਜਾਂਦੀ ਸੀ ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਯਾਦ ਕਰਦੇ ਸਨ। ਅੰਤਮ ਦਿਨਾਂ ਵਿਚ ਉਨ੍ਹਾਂ ਮੈਥੋਂ ਨਾਮਧਾਰੀ ਨਿਤਨੇਮ ਦਾ ਗੁਟਕਾ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਮੰਗਵਾਏ। ਡਾ. ਸਾਹਿਬ ਮੈਨੂੰ ਆਪਣੀਆਂ ਧੀਆਂ ਵਾਂਗ ਸਮਝਦੇ ਹਨ।

ਆਪਣੇ ਪਰਿਵਾਰ ਵੱਲੋਂ ਸੰਤੁਸ਼ਟ ਸ. ਸਰਦਾਰ ਸਿੰਘ ਗਾਂਧੀ ਜੀ ਨੂੰ ਅਚਾਨਕ ਇਕ ਸਦਮੇ ਦਾ ਸਾਹਮਣਾ ਕਰਨਾ ਪਿਆ। ਲਗਭਗ ਤਿੰਨ ਮਹੀਨੇ ਪਹਿਲਾਂ ਉਹਨਾਂ ਦੀ ਸੁਪੱਤਨੀ ਸਰਦਾਰਨੀ ਸੋਮਾ ਵੰਤੀ ਦਾ ਅਚਾਨਕ ਦੇਹਾਂਤ ਹੋ ਗਿਆ ਜਿਸ ਦਾ ਦੁੱਖ ਉਹ ਸਹਿਣ ਨਹੀਂ ਕਰ ਸਕੇ ਅਤੇ ਉਹਨਾਂ ਦੇ ਵਿਛੋੜੇ ਵਿਚ ਕੇਵਲ ਕੁਝ ਦਿਨ ਬੀਮਾਰ ਰਹਿਣ ਉਪਰੰਤ ਇਸ ਸੰਸਾਰ ਨੂੰ ਸਦਾ ਲਈ ਛੱਡ ਗਏ।

## ਪ੍ਰੋ. ਕੁਲਵੰਤ ਜਗਰਾਉਂ ਨੂੰ ਭਾਵ-ਭਿਨੀਆਂ ਸ਼ਰਧਾਂਜਲੀਆਂ

ਪ੍ਰੋ. ਕੁਲਵੰਤ ਜਗਰਾਉਂ, ਜੋ ਕਿ ੫ ਮਾਰਚ ਨੂੰ ਸਦੀਵੀਂ ਵਿਛੋੜਾ ਦੇ ਗਏ ਸਨ, ਨਮਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੇਨਸ਼ਨ ਵਿਖੇ ਅੰਤਿਮ ਅਰਦਾਸ ਮੌਕੇ ਲੇਖਕਾਂ, ਸਾਹਿੱਤਕਾਰਾਂ, ਬੁੱਧੀਜੀਵੀਆਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਰਾਜਸੀ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਨਾਲ ਸਬੰਧਿਤ ਸ਼ਖਸੀਅਤਾਂ ਵੱਲੋਂ ਭਾਵ-ਭਿਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਪ੍ਰੋ. ਮੋਹਨ ਸਿੰਘ ਫਾਊਂਡੇਸ਼ਨ ਦੇ ਸਰਪ੍ਰਸਤ ਸ. ਜਗਦੇਵ ਸਿੰਘ ਜੱਸੋਵਾਲ ਨੇ ਕੁਲਵੰਤ ਜਗਰਾਓਂ ਨੂੰ ਅਕੀਦਤ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਵਿਚ ਲੋਕ-ਪੀੜਾ ਨੂੰ ਬਿਆਨ ਕੀਤਾ। ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦੇ ਖਾਤਮੇ ਲਈ ਨਾ ਤਾਂ ਸਰਕਾਰ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਨੇ ਕੋਈ ਇੰਸਟੀਚਿਊਟ ਸਥਾਪਿਤ ਕੀਤਾ ਹੈ। ਪੰਜਾਬੀ ਸਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸੁਰਜੀਤ ਪਾਤਰ ਨੇ ਕਿਹਾ ਕਿ ਪ੍ਰੋ. ਕੁਲਵੰਤ ਜਗਰਾਉਂ ਦੇ ਤੁਰ ਜਾਣ ਨਾਲ ਸਾਹਿਤਕ ਵਿਹੜਾ ਸੁੰਨਾ ਹੋ ਗਿਆ ਹੈ। 'ਅਜੀਤ' ਦੇ ਸਮਾਚਾਰ ਸੰਪਾਦਕ ਸ. ਦਰਸ਼ਨ ਸਿੰਘ ਮੱਕੜ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪ੍ਰੋ. ਕੁਲਵੰਤ ਜਗਰਾਉਂ ਬੇਤਾਜ ਬਾਦਸ਼ਾਹ ਸੀ ਜੋ ਮੌਤ ਨੂੰ ਵੀ ਕਲੋਲਾਂ ਕਰਦਾ ਸੀ। ਉਨ੍ਹਾਂ ਕਿਹਾ ਕਿ ਪ੍ਰੋ. ਕੁਲਵੰਤ ਜਗਰਾਉਂ ਨਾਲ ਉਨ੍ਹਾਂ ਦੀ ਸਾਂਝ ਚਾਲੀ ਸਾਲਾਂ ਤੋਂ ਸੀ। ਉਨ੍ਹਾਂ ਵਿਚਲੀ ਸਾਦਗੀ ਅਤੇ ਅਪਣੱਤ ਆਪਣੀ ਮਿਸਾਲ ਆਪ ਹੈ। ਉਨ੍ਹਾਂ ਕਿਹਾ ਕਿ ਪ੍ਰੋ. ਕੁਲਵੰਤ ਜਗਰਾਉਂ ਨੇ ਆਪਣੀ ਨਵੇਂ ਕਾਵਿ ਸੰਗ੍ਰਹਿ 'ਸੱਚ ਦੇ ਸਨਮੁੱਖ' ਵਿਚ ਕਈ ਅਜਿਹੀਆਂ



ਕਵਿਤਾਵਾਂ ਵੀ ਲਿਖੀਆਂ ਜੋ ਉਨ੍ਹਾਂ ਦੇ ਅੰਦਰਲੇ ਦਰਦ ਨੂੰ ਬਿਆਨ ਕਰਦੀਆਂ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਡਾ. ਐਸ. ਪੀ. ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਪ੍ਰੋ. ਕੁਲਵੰਤ ਜਗਰਾਉਂ ਨਾਲ ਆਪਣੀ ਸਾਢੇ ਤਿੰਨ ਦਹਾਕਿਆਂ ਦੀ ਸਾਂਝ ਦੌਰਾਨ ਉਨ੍ਹਾਂ ਨੂੰ ਕਈ ਰੂਪਾਂ ਵਿਚ ਦੇਖਿਆ। ਪੰਜਾਬੀ ਸਾਹਿਤ ਅਕੈਡਮੀ ਦੇ ਮੀਤ ਪ੍ਰਧਾਨ ਪ੍ਰੋ. ਗੁਰਭਜਨ ਗਿੱਲ ਨੇ ਸ਼ਰਧਾਂਜਲੀ ਸਮਾਗਮ ਦਾ ਸੰਚਾਲਨ ਕਰਦਿਆਂ ਆਪਣੇ ਭਾਵੁਕ ਸ਼ਬਦਾਂ ਵਿਚ ਪ੍ਰੋ. ਕੁਲਵੰਤ ਜਗਰਾਉਂ ਦੇ ਵਿਛੋੜੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਇਸ ਤੋਂ ਪਹਿਲਾਂ ਸ਼ਨੀਵਾਰ ਸ਼ਾਮ 'ਅਜੀਤ' ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਸ. ਬਰਜਿੰਦਰ ਸਿੰਘ ਹਮਦਰਦ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕਰਨ ਲਈ ਪ੍ਰੋ. ਕੁਲਵੰਤ ਜਗਰਾਉਂ ਦੇ ਗ੍ਰਹਿ ਵਿਖੇ ਪੁੱਜੇ। ਕੈਬਨਿਟ ਮੰਤਰੀ ਜਥੇਦਾਰ ਹੀਰਾ ਸਿੰਘ ਗਾਬੜੀਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਵੀ ਉਨ੍ਹਾਂ ਦੇ ਗ੍ਰਹਿ ਵਿਖੇ ਪੁੱਜ ਕੇ ਪ੍ਰੋ. ਜਗਰਾਉਂ ਦੀ ਧਰਮਪਤਨੀ ਸ੍ਰੀਮਤੀ ਮਹਿੰਦਰ ਕੌਰ ਕੋਛੜ, ਬੇਟੇ ਨਵਜੋਤ ਸਿੰਘ, ਬੇਟੀ ਨਵਕਿਰਨ ਕੌਰ ਅਤੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।



Namdhari Elibrary NamdhariElibrary@gmail.com

# ਸ. ਬਖਸ਼ੀਸ਼ ਸਿੰਘ ਲਾਇਲਪੁਰੀ

ਸੰਤ ਮੰਗਲ ਸਿੰਘ ਲਾਇਲਪੁਰੀ ਜੀ ਦੇ ਸਪੁੱਤਰ ਅਤੇ ਸ੍ਰੀ ਅਮਰ ਭਾਰਤੀ ਜੀ ਦੇ ਭਤੀਜੇ ਸ. ਬਖਸ਼ੀਸ਼ ਸਿੰਘ ਜੋ ਭਰਾਵਾਂ ਵਿਚੋਂ ਤੀਸਰੇ ਥਾਵੇਂ ਸਨ, ੭੦ ਸਾਲ ਦੀ ਉਮਰ ਭੋਗ ਕੇ ੮ ਫਰਵਰੀ ਦਿਨ ਸ਼ੁਕਰਵਾਰ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ।

ਵਿਛੜੀ ਜੀਵ ਆਤਮਾ ਨਮਿਤ ਪਰਵਾਰ ਵਲੋਂ ਜਿੱਥੇ ਸਧਾਰਨ ਪਾਠ ਦਾ ਆਰੰਭ ਕੀਤਾ ਗਿਆ ਉਥੇ ਗ੍ਰਹਿ ਵਿਖੇ ੯ ਤੋਂ ੧੩ ਫਰਵਰੀ ਤਕ ਰੋਜ਼ਾਨਾ ਨਿਤਨੇਮ ਅਤੇ ਸ਼ਬਦ ਕੀਰਤਨ ਚੱਲਦਾ ਰਿਹਾ। ਇਨ੍ਹਾਂ ਦਿਨਾਂ ਵਿਚ ਵੱਖ ਵੱਖ ਜਥੇਦਾਰ-ਰਾਗੀ ਮਨਜੀਤ ਸਿੰਘ, ਸ੍ਰੋਮਣੀ ਜਥੇਦਾਰ ਸੇਵਾ ਸਿੰਘ ਜੀ ਦੇ ਪੋਤਰੇ ਸੰਤ ਗੁਰਦੇਵ ਸਿੰਘ, ਮਹੰਤ ਸੰਤੋਖ ਸਿੰਘ ਅਤੇ ਜਥੇਦਾਰ ਗੁਰਚਰਨ ਸਿੰਘ ਰੋਜ਼ਾਨਾ ਸ਼ਾਮ ੭.੦੦ ਤੋਂ ੯.੦੦ ਤੱਕ ਕੀਰਤਨ ਤੇ ਕਥਾ ਕਰਦੇ ਹੋਏ ਸ਼ੋਕਮਈ ਮਾਹੌਲ ਨੂੰ ਸੁਖਾਲਾ ਬਣਾਉਣ ਵਿਚ ਵੱਡੀ ਸੇਵਾ ਨਿਭਾਉਂਦੇ ਰਹੇ।



ਪਾਠ ਦਾ ਭੋਗ ੧੪ ਫਰਵਰੀ ਦਿਨ ਵੀਰਵਾਰ ਨੂੰ ਦੁਪਹਿਰ ਬਾਦ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਨਵੀਂ ਦਿੱਲੀ ਵਿਖੇ ਪਾਇਆ ਗਿਆ। ਇਸ ਸਮੇਂ ਪੰਡਤ ਗੋਪਾਲ ਸਿੰਘ ਜੀ ਦੇ ਸ਼ਗਿਰਦ ਸੰਤ ਜਸਪਾਲ ਸਿੰਘ ਤੋਂ ਉਪਰੰਤ ਰਾਗੀ ਮਨਜੀਤ ਸਿੰਘ ਅਤੇ ਸ੍ਰੋਮਣੀ ਜਥੇਦਾਰ ਸੇਵਾ ਸਿੰਘ ਜੀ ਨੇ ਵਖਿਆਨ ਅਤੇ ਕੀਰਤਨ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਤੇ ਸਿਖਾਏ ਸੰਤ ਬਲਜੀਤ ਸਿੰਘ-ਗੁਰਮੀਤ ਸਿੰਘ ਜੀ ਨੇ ਤੰਤੀ ਸਾਜ਼ਾਂ ਨਾਲ ਕੀਰਤਨ ਕੀਤਾ। ਜਥੇਦਾਰ ਸੇਵਾ ਸਿੰਘ ਜੀ, ਨੇ ਜਿੱਥੇ ਜੀਵਨ ਮਰਨ ਫ਼ਿਲਾਸਫ਼ੀ ਬਾਰੇ ਚਾਨਣਾ ਪਾਇਆ ਉਥੇ ਪਿਛੋਕੜ ਜਾਣਕਾਰੀ ਦਿੱਤੀ ਕਿ "ਸ. ਬਖਸ਼ੀਸ਼ ਸਿੰਘ ਸੰਤ ਮੰਗਲ ਸਿੰਘ ਲਾਇਲਪੁਰੀ ਤੇ ਉਨ੍ਹਾਂ ਦੇ ਭਰਾਤਾ ਸ੍ਰੀ ਅਮਰ ਭਗਤੀ ਜੀ ਦੇ ਖ਼ਾਨਦਾਨ ਚੋਂ ਸਨ। ਉਨ੍ਹਾਂ ਦੋਵਾਂ ਭਰਾਵਾਂ ਦਾ ਨਾਮਧਾਰੀ ਪੰਥ ਨੂੰ ਬੜਾ ਤਗੜਾ ਸਹਿਯੋਗ ਰਿਹਾ ਹੈ। ਉਨ੍ਹਾਂ ਦੀ ਕਲਮ ਵਿਚ ਜਾਨ ਸੀ। ਮੈਂ ਤਦ ਸਿਰਸਾ ਦੇ ਲਾਗੇ ਰਾਣੀਆਂ ਸਾਂ। 'ਰੋਜ਼ਾਨਾ ਨਵਾਂ ਹਿੰਦੁਸਤਾਨ' ਪੜ੍ਹਨ ਨੂੰ ਮਿਲਦਾ ਸੀ। ਨਾਮਧਾਰੀ ਖ਼ਬਰਾਂ ਤੋਂ ਇਲਾਵਾ ਕੌਮੀ ਤੇ ਕੌਮਾਂਤਰੀ ਖ਼ਬਰਾਂ ਦੀ ਜਾਣਕਾਰੀ ਉਸ ਅਖਬਾਰ ਤੋਂ ਮਿਲਦੀ ਸੀ। ਸ੍ਰੀ ਅਮਰ ਭਗਤੀ ਤੇ ਐਸ. ਐਸ. ਮਨਧੀਰ ਦੇ ਆਰਟੀਕਲ ਪੜ੍ਹਨ ਨੂੰ ਮਿਲਦੇ ਸਨ। ਅੱਜ ਵੀ ਇਹਨਾਂ ਦੇ ਸਭ ਤੋਂ ਛੋਟੇ ਭਰਾ ਸਰਬ ਸ਼ਕਤੀ ਮਾਨ ਮਾਸਿਕ ਵਰਤਮਾਨ ਹਿੰਦੁਸਤਾਨ ਛਾਪਦੇ ਹਨ। ਸਾਰਾ ਪਰਵਾਰ ਸਾਹਿਤਕ ਰੁਚੀਆਂ ਰਖਦਾ ਹੈ।" ਉਪਰੰਤ ਰਾਗੀ ਬਲਜੀਤ ਸਿੰਘ ਗੁਰਮੀਤ ਸਿੰਘ ਭਰਾਵਾਂ ਤਾਰ ਸ਼ਹਿਨਾਈ ਦੀ ਧੁਨ ਛੇੜਦਿਆਂ ਸ਼ਬਦ ਗਾਇਨ ਕੀਤਾ-

'ਕਿਸ ਨਾਲ ਕੀਚੈ ਦੋਸਤੀ ਸਭ ਜਗ ਚਲਣਹਾਰ....................।'

ਸੰਤ ਬਲਜੀਤ ਸਿੰਘ ਜੀ ਨੇ ਇਸ ਪਰਵਾਰ ਨਾਲ ਨਿਜੀ ਸਾਂਝ ਦੱਸੀ ਕਿ "ਮੈਂ ਇਹਨਾਂ ਦੇ ਪਿਤਾ ਸੰਤ ਮੰਗਲ ਸਿੰਘ ਲਾਇਲਪੁਰੀ ਦੇ ਦਰਸ਼ਨ ਨਹੀਂ ਕੀਤੇ ਪਰ ਸਾਡੇ ਪਿਤਾ ਜੀ ਸਾਨੂੰ ਦੱਸਦੇ ਹੁੰਦੇ ਹਨ ਕਿ ਇਹਨਾਂ ਦਾ ਅਤੇ ਸਾਡਾ ਪਿਛਲਾ ਪਿੰਡ ਖਾਪੜਖੇੜੀ ਜ਼ਿਲ੍ਹਾ ਅੰਮ੍ਰਿਤਸਰ ਹੁੰਦਾ ਸੀ। ਲਾਇਲਪੁਰੀ ਜੀ ਨੇ ਖਾਪੜਖੇੜੀ ਵਿਖੇ ਕਈ ਇਕ ਪਰਵਾਰ ਨਾਮਧਾਰੀ ਬਣਾਏ। ਲਾਇਲਪੁਰੀ ਜੀ ਹਥੋਂ ਅੰਮ੍ਰਿਤ ਛੱਕ ਕੇ ਨਾਮਧਾਰੀ ਸਿੱਖ ਸੱਜਣ ਵਾਲਿਆਂ ਵਿਚੋਂ ਇਕ ਸਾਡੇ ਪਿਤਾ ਜੀ ਵੀ ਹਨ। ਸੋ ਸਾਡੀ ਨਾਮਧਾਰੀ ਪਰਵਾਰ ਵਜੋਂ ਹੋਂਦ ਇਨ੍ਹਾਂ ਦੇ ਪਿਤਾ ਲਾਇਲਪੁਰੀ ਜੀ ਕਰਕੇ ਹੀ ਹੈ। ਸਤਿਗੁਰੂ ਜੀ ਨੇ ਵੱਡੀ ਕ੍ਰਿਪਾ ਕੀਤੀ ਜੋ ਸਾਨੂੰ ਸ੍ਰੀ ਭੈਣੀ ਸਾਹਿਬ ਲੈ ਗਏ ਅਤੇ ਸੰਗੀਤ ਜਗਤ ਵਿਚ ਸਾਡੀ ਪਛਾਣ ਕਾਇਮ ਕੀਤੀ।"

ਭੋਗ ਦੇ ਸ਼ਲੋਕ ਪੜ੍ਹਨ ਉਪਰੰਤ ਵਿਛੜੀ ਜੀਵ ਆਤਮਾ ਦੀ ਕਲਿਆਣਤਾ ਹਿਤ ਅਰਦਾਸ ਕੀਤੀ ਗਈ। ਇਸ ਮੌਕੇ ਕੁਝ ਪ੍ਰਮੁੱਖ ਵਿਅਕਤੀਆਂ ਤੇ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਵੀ ਸ਼ਿਰਕਤ ਕੀਤੀ। ਜਿਨ੍ਹਾਂ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ ਸ. ਤੇਜਪਾਲ ਸਿੰਘ ਤੇ ਸ. ਜਸਪਾਲ ਸਿੰਘ, ਸ਼ਿਵਾਜੀ ਵਿਹਾਰ ਜਨਤਾ ਕਲੋਨੀ ਦੇ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਇਲਾਕੇ ਦੇ ਮੰਦਰ ਦੇ ਨੁਮਾਇੰਦੇ, ਡੇਰਾ ਬਾਬਾ ਸੰਗਤਾ ਜੀ ਮੋਤੀ ਨਗਰ ਦੀ ਸੰਗਤ ਦੇ ਨੁਮਾਇੰਦੇ ਵਰਨਣਯੋਗ ਹਨ। ਇਹਨਾਂ ਤੋਂ ਇਲਾਵਾ ਕੁਝ ਪਤਵੰਤੇ ਜਨ : ਰਾਜ ਸਭਾ ਦੇ ਸਾਬਕਾ ਮੈਂਬਰ ਅਤੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਸ੍ਰੀ ਹਰਵਿੰਦਰ ਸਿੰਘ ਹੰਸਪਾਲ, ਪ੍ਰੋਫੈਸਰ ਰਣਜੀਤ ਸਿੰਘ, ਪ੍ਰੋਫੈਸਰ ਸੁਖਬੀਰ ਸਿੰਘ ਗੁਲ੍ਹਾਟੀ, ਅਪਣੇ ਮਹਿਕਮੇ ਦੇ ਡਾਇਰੈਕਟਰ ਤੇ ਸੂਫ਼ੀ ਸ਼ਾਇਰ ਸ੍ਰੀ ਹਰਿੰਦਰ ਪਤੰਗਾ ਅਤੇ 'ਸਤਿਜੁਗ' ਦੇ ਐਡੀਟਰ ਪ੍ਰੋਫੈਸਰ ਤਾਰਾ ਸਿੰਘ ਅਨਜਾਣ ਪ੍ਰਮੁੱਖ ਹਨ। ਇਸ ਮੌਕੇ ਰਿਸ਼ਤੇਦਾਰ, ਸੰਬੰਧੀ ਤੇ ਦਿੱਲੀ ਦੀ ਹੋਰ ਸੰਗਤ ਤੋਂ ਇਲਾਵਾ ਹਿਸਾਰ, ਸਰਸਾ, ਜਲੰਧਰ, ਅੰਮ੍ਰਿਤਸਰ, ਚੰਡੀਗੜ੍ਹ, ਸੁੰਦਰ ਨਗਰ, ਮੰਡੀ, ਭੂੰਤਰ ਆਦਿ ਤੋਂ ਸੰਬਧਤ ਸੱਜਣ ਅਰਦਾਸ ਵਿਚ ਸ਼ਾਮਲ ਹੋਏ। ਸਮਾਪਤੀ 'ਤੇ ਸ੍ਰੀ ਐਸ. ਐਸ. ਮਨਧੀਰ ਨੇ ਆਈ ਸੰਗਤ ਦਾ ਧੰਨਵਾਦ ਕੀਤਾ। ਪਰਵਾਰ ਵਲੋਂ ਧਰਮ ਕਾਰਜਾਂ ਅਤੇ ਨਾਮਧਾਰੀ ਅਖਬਾਰਾਂ ਵਾਸਤੇ ਮਾਇਆ ਕੱਢੀ ਗਈ ਅਤੇ ਲੰਗਰ ਦੀ ਸੇਵਾ ਤਹਿ ਦਿਲੋਂ ਨਿਭਾਈ ਗਈ।

ਸਰਬ ਸ਼ਕਤੀਮਾਨ ਸਿੰਘ


Namdhari Elibrary NamdhariElibrary@gmail.com

OSTER®

REGD. TRADE MARK No. 491851

**_SHIRTS_**

**CARDIGANS • PULLOVERS**

# TITLIS
(U.K.)

**LUXURY SHAWLS • BLANKETS**

**BED SHEETS • BED LINEN**

**TEL : + 91 161 2494123, 2496056, 2493689, 5087501-02-03.**
**FAX:+ 91 161 2494131, 2500732**
**E-MAIL:jawsons@sify.com osterldh@satyam.net.in**
**Web site.www.osterindia.com**



Namdhari Elibrary NamdhariElibrary@gmail.com

# ਖ਼ਬਰਨਾਮਾ

## ਪ੍ਰਕਾਸ਼ ਉਤਸਵ-ਬਸੰਤ ਪੰਚਮੀ-ਔਰੰਗਾਬਾਦ (ਮਹਾਂਰਾਸ਼ਟਰ)

ਔਰੰਗਾਬਾਦ— ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ (ਬਸੰਤ ਪੰਚਮੀ) ੩ ਫਰਵਰੀ ਤੋਂ ਲੈ ਕੇ ੧੦ ਫਰਵਰੀ ੨੦੦੮ ਤਕ ਨਾਮਧਾਰੀ ਫਾਰਮ ਔਰੰਗਾਬਾਦ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਜਥੇਦਾਰ ਪ੍ਰੀਤਮ ਸਿੰਘ ਜੀ (ਭੈਣੀ ਸਾਹਿਬ ਵਾਲੇ) ਅਤੇ ਲਗਭਗ ੨੫ ਸੰਤ ਜਨ ਸ੍ਰੀ ਭੈਣੀ ਸਾਹਿਬ, ਅੰਮ੍ਰਿਤਸਰ ਅਤੇ ਸਿਰਸਾ ਜ਼ਿਲ੍ਹੇ ਤੋਂ ਇਥੇ ਆਏ।

੩ ਫਰਵਰੀ ੨੦੦੮ ਨੂੰ ਸਵੇਰੇ ੪-੩੦ ਵਜੇ ਨਾਮਧਾਰੀ ਫਾਰਮ ਦੇ ਮਰਾਠੀ ਬੱਚਿਆਂ ਦੁਆਰਾ ਆਸਾ ਦੀ ਵਾਰ ਦੇ ਕੀਰਤਨ ਦੇ ਨਾਲ ਕਾਰਜ-ਕਰਮ ਦੀ ਸ਼ੁਰੂਆਤ ਹੋਈ ਅਤੇ ਸ਼ਾਮ ਨੂੰ ਇਕ ਘੰਟਾ ਨਾਮ-ਸਿਮਰਨ ਹੋਇਆ। ਅਤੇ ਇਕ ਘੰਟਾ ਜਥੇਦਾਰ ਪ੍ਰੀਤਮ ਸਿੰਘ ਜੀ ਨੇ ਦੀਵਾਨ ਲਾਇਆ।

੪ ਫਰਵਰੀ ਤੋਂ ਜਥੇਦਾਰ ਜੀ ਦੁਆਰਾ ਆਸਾ ਦੀ ਵਾਰ ਦਾ ਕੀਰਤਨ ਰੋਜ਼ ਸਵੇਰੇ ੫ ਵਜੇ ਤੋਂ ਲੈ ਕੇ ਸਾਢੇ ੬ ਵਜੇ ਤਕ ਹੁੰਦਾ ਰਿਹਾ। ਉਪਰੰਤ ਹਵਨ ਅਤੇ ਵਰ੍ਹਨੀ, ਦੁਪਹਿਰ ਨੂੰ ਭਗੌਤੀ ਸਿਮਰਨ, ਸ਼ਾਮ ਨੂੰ ਇਕ ਘੰਟਾ ਨਾਮ-ਸਿਮਰਨ ਅਤੇ ਇਸੇ ਸਮੇਂ ਵਿਚ 'ਸ੍ਰੀ ਗੁਰੂ ਭਗਤ ਮਾਲ' ਦੀ ਕਥਾ ਮਰਾਠੀ ਬੱਚਿਆਂ ਦੁਆਰਾ, ਉਪਰੰਤ ਕੁਮਾਰੀ ਸਰਲਾ ਰਾਮ ਰਾਵ ਡਾਵਖਰ ਦਾ ਕੀਰਤਨ, ਕਵੀ ਗੁਰਸੇਵਕ ਸਿੰਘ ਜੀ ਦੇ ਕਵਿਤਾ ਗਾਇਨ, ਤੋਂ ਉਪਰੰਤ ਜਥੇਦਾਰ ਜੀ ਦੇ ਦੀਵਾਨ ਤੋਂ ਬਾਅਦ ਸਮਾਪਤੀ ਅਤੇ ਲੰਗਰ ਰਾਤ ਸਾਢੇ ੧੦ ਵਜੇ ਤਕ ਹੁੰਦੇ ਰਹੇ।

ਜਥੇਦਾਰ ਪ੍ਰੀਤਮ ਸਿੰਘ ਜੀ ਆਸਾ ਦੀ ਵਾਰ ਵਿਚ ਰੋਜ਼ ਨਵੇਂ ਨਵੇਂ ਸ਼ਬਦ ਗਾਉਂਦੇ ਅਤੇ ਸ਼ਾਮ ਦੇ ਦੀਵਾਨ ਵਿਚ ਵੀ ਨਵੀਆਂ-ਨਵੀਆਂ ਧਾਰਨਾਵਾਂ ਸਤਿਗੁਰੂ ਰਾਮ ਸਿੰਘ ਜੀ ਦੇ ਆਗਮਨ ਦੀਆਂ, ਭਗਤਾਂ ਦੀਆਂ ਜੀਵਨ ਸਾਖੀਆਂ ਉਤੇ, ਨਾਮ-ਸਿਮਰਨ ਉਤੇ, ਅਤੇ ਸਤਿਗੁਰੂ ਦੀ ਮਹਿਮਾ ਉਤੇ ਪੜ੍ਹਦੇ। ਜਥੇਦਾਰ ਜੀ ਦੇ ਦੀਵਾਨ ਦਾ ਆਪਣਾ ਵੱਖਰਾ ਹੀ ਤਰੀਕਾ ਹੈ, ਜੋ ਸੰਗਤ ਨੂੰ ਬਹੁਤ ਪਸੰਦ ਆਇਆ। ਕਵੀ ਗੁਰਸੇਵਕ ਸਿੰਘ ਜੀ ਵੀ ਰੋਜ਼ ਨਵੀਆਂ-ਨਵੀਆਂ ਕਵਿਤਾਵਾਂ ਬਣਾ ਕੇ ਸੁਣਾਉਂਦੇ ਰਹੇ। ਸੰਗਤ ਨੇ ਉਨ੍ਹਾਂ ਨੂੰ ਵੀ ਬਹੁਤ ਪਸੰਦ ਕੀਤਾ।

੧੦ ਫਰਵਰੀ ੨੦੦੮ ਨੂੰ ਸਮਾਪਤੀ ਸੀ। ਸਵੇਰੇ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਜੀ ਨੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ। ਫਿਰ ਹਵਨ ਹੋਇਆ। ਆਦਿ ਸ੍ਰੀ ਗਰੰਥ ਸਾਹਿਬ ਦੇ ਚਾਰ ਪਾਠਾਂ ਦੇ ਭੋਗ ਪਏ। ਸ. ਹਰਮੀਤ ਸਿੰਘ ਦੀ ਲੜਕੀ ਦਾ ਅਨੰਦ-ਕਾਰਜ ਵੀ ਕੀਤਾ ਗਿਆ। ਇਸ ਤੋਂ ਬਾਅਦ ਕੁਮਾਰੀ ਸਰਲਾ ਡਾਵਖਰ ਨੇ ਧਾਰਨਾ ਦੇ ਨਾਲ ਦੋ ਸ਼ਬਦ ਗਾਏ। ਧਾਰਨਾ ਸੀ—"ਦਿਨ ਭਾਗਾਂ ਵਾਲਾ ਚੜ੍ਹਿਆ, ਅੱਜ ਮੇਰਾ ਸਤਿਗੁਰ ਆਇਆ ਏ।" ਸ਼ਬਦ ਸਨ—"ਧੰਨ ਧੰਨ ਹਮਾਰੇ ਭਾਗ ਘਰ ਆਇਆ ਪਿਰ ਮੇਰਾ।" ਅਤੇ "ਕਰ ਕਿਰਪਾ ਪ੍ਰਭੂ ਘਰ ਮੇਂ ਆਏ।" ਫਿਰ ਕੁਮਾਰੀ ਗਿਆਨ ਦੇਵੀ ਕਾਟੇ ਨੇ ਇਕ ਸ਼ਬਦ ਗਾਇਨ ਕੀਤਾ—'ਆਜ ਹਮਾਰੇ ਗ੍ਰਹਿ ਬਸੰਤ।" ਕਵੀ ਗੁਰਸੇਵਕ ਸਿੰਘ ਨੇ ਅੱਧਾ ਘੰਟਾ ਆਪ ਵੀ ਕਵਿਤਾਵਾਂ ਦੇ ਨਾਲ ਬੜਾ ਹੀ ਪ੍ਰਭਾਵਸ਼ਾਲੀ ਦੀਵਾਨ ਲਾਇਆ। ਇਸ ਤੋਂ ਬਾਅਦ ਭਾਈ ਦਯਾ ਸਿੰਘ ਗੁਰਦੁਆਰੇ ਦੇ ਗ੍ਰੰਥੀ ਭਾਈ ਖੜਕ ਸਿੰਘ ਜੀ ਨੇ ੧੫ ਮਿੰਟ ਸਤਿਗੁਰੂ ਮਹਿਮਾ ਉਤੇ ਬੜੇ ਹੀ ਢੰਗ ਨਾਲ ਕਥਾ ਕੀਤੀ। ਇਸ ਤੋਂ ਬਾਅਦ ਜਥੇਦਾਰ ਪ੍ਰੀਤਮ ਸਿੰਘ ਜੀ ਨੇ ਬਹੁਤ ਹੀ ਸੁੰਦਰ ਤਰੀਕੇ ਨਾਲ ਇਕ ਘੰਟਾ ਦੀਵਾਨ ਲਗਾ ਕੇ, ਸਤਿਗੁਰੂ ਜੀ ਦਾ ਇਤਿਹਾਸ ਸੁਣਾ ਕੇ ਵਧੀਆ-ਵਧੀਆ ਧਾਰਨਾਵਾਂ ਪੜ੍ਹਕੇ ਸੰਗਤ ਨੂੰ ਮੰਤਰ-ਮੁਗਧ ਕਰ ਦਿੱਤਾ। ਕੁਝ ਧਾਰਨਾਵਾਂ ਸਨ :-

— "ਗੁਰੂ ਰਾਮ ਸਿੰਘ ਜਗ ਆਉਂਦੇ ਕਦੀ ਨਾ
ਅਜ਼ਾਦੀ ਦੇ ਫੁੱਲ ਮੁਸਕਰਾਉਂਦੇ ਕਦੀ ਨਾ।"

— "ਮੇਰੇ ਚੀਨੀ ਦੇ ਅਸਵਾਰ, ਤੇਰੇ ਉਪਕਾਰ
ਗਿਣੇ ਨਹੀਂ ਜਾਣੇ।"

ਅਖੀਰ ਵਿਚ ਸ. ਹਰਭਜਨ ਸਿੰਘ ਜੀ ਨੇ ਅੱਧਾ ਘੰਟਾ ਦੀਵਾਨ ਲਾਇਆ। ਸਭ ਤੋਂ ਪਹਿਲਾਂ ਉਨ੍ਹਾਂ ਸਤਿਗੁਰੂ ਜੀ ਦੇ ਆਗਮਨ ਦਿਵਸ ਦੀ ਵਧਾਈ ਦਿੱਤੀ। ਤੇ ਫੇਰ ਕਿਹਾ—"ਜਥੇਦਾਰ ਪ੍ਰੀਤਮ ਸਿੰਘ ਜੀ ਨੇ ਆਪ ਜੀ ਨੂੰ ਸਭ ਕੁਝ ਸੁਣਾ ਹੀ ਦਿੱਤਾ ਹੈ, ਫਿਰ ਵੀ ੧੦-੧੫ ਮਿੰਟ ਮੈਂ ਕੁਝ ਬੇਨਤੀ ਕਰੂੰਗਾ। ਉਨ੍ਹਾਂ ਧਾਰਨਾ ਪੜ੍ਹੀ—"ਕਲਿਜੁਗ ਵਿਚ ਸਤਿਜੁਗ ਲਾਇਆ ਗੁਰੂ ਰਾਮ ਸਿੰਘ ਨੇ।" ਉਨ੍ਹਾਂ ਕਿਹਾ, ਸਤਿਗੁਰੂ ਜੀ ਦਾ ਜਸ, ਕੋਈ ਸਾਰੀ ਉਮਰ ਵੀ ਲੱਗਾ ਰਹੇ, ਤਾਂ ਵੀ ਕਲਮਬੰਦ ਨਹੀਂ ਕਰ ਸਕਦਾ। ਸਤਿਗੁਰੂ ਜੀ ਦਾ ਅਵਤਾਰ ਕਿਸ ਲਈ ਹੁੰਦਾ ਹੈ...ਬੁਰੇ ਕੰਮਾਂ ਨੂੰ ਖਤਮ ਕਰਨ ਲਈ, ਅਤੇ ਅੱਛੇ ਕਰਮ ਕਰਵਾਉਣ ਲਈ। ਸਤਿਗੁਰੂ ਗਿਆਨ ਦਿੰਦਾ ਹੈ...ਨਾਮ ਦਿੰਦਾ ਹੈ; ਤਾਂ ਇਨਸਾਨ ਦੀ ਚੌਰਾਸੀ ਦਾ ਚੱਕਰ ਖਤਮ ਹੋ ਜਾਂਦਾ ਹੈ। ਸਤਿਗੁਰੂ ਜੀ ਨੇ ਈਸ਼ਵਰ ਮਿਲਨ ਦਾ ਸਿੱਧਾ ਰਸਤਾ ਇਸ ਸੰਸਾਰ ਨੂੰ ਦਿਖਾਇਆ ਹੈ। ਸਤਿਗੁਰੂ ਰਾਮ ਸਿੰਘ ਜੀ ਇਕ ਆਦਮੀ ਨੂੰ ਗੁਰ-ਮੰਤਰ ਦਿੰਦੇ ਸਨ, ਸਭ ਲੋਕਾਂ ਨੂੰ ਲਾਈਨ ਵਿਚ ਖੜ੍ਹਾ ਕਰਕੇ, ਭਾਵੇਂ ਕਿੰਨੇ ਵੀ ਲੋਕ ਹੋਣ, ਸਭ ਨੂੰ ਗੁਰ-ਮੰਤਰ ਸੁਣਾਈ ਦਿੰਦਾ ਸੀ।

ਸ. ਹਰਭਜਨ ਸਿੰਘ ਨੇ, ਸਤਿਗੁਰੂ ਜੀ ਦੇ ਪ੍ਰਕਾਸ਼ ਯਾਨੀ ਜਨਮ ਦੀ ਕਥਾ ਸੰਖੇਪ ਰੂਪ ਵਿਚ ਸੁਣਾਈ। ਉਨ੍ਹਾਂ ਦੱਸਿਆ, ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਮਾਂ ਦੇ ਪੇਟ ਤੋਂ ਨਹੀਂ ਹੋਇਆ, ਜਿਵੇਂ ਕਿ ਭਗਵਾਨ ਸ੍ਰੀ ਕ੍ਰਿਸ਼ਨ ਦੇ ਜਨਮ ਦੇ ਸਮੇਂ ਹੋਇਆ ਹੈ। ਬਾਲ ਰੂਪ ਵਿਚ ਸਤਿਗੁਰੂ ਜੀ ਦਾ ਪ੍ਰਕਾਸ਼ ਅਤੇ ਤੇਜ ਇੰਨਾ ਸੀ ਕਿ ਮੁਸਲਮਾਨ ਦਾਈ ਚੰਗੀ ਤਰ੍ਹਾਂ ਦਰਸ਼ਨ ਨਹੀਂ ਸੀ ਕਰ ਸਕੀ, ਉਸਦੀਆਂ ਅੱਖਾਂ ਪੂਰੀ ਤਰ੍ਹਾਂ ਨਹੀਂ ਖੁਲ੍ਹ ਸਕੀਆਂ ਅਤੇ ਕੋਠੇ ਉਤੇ ਚੜ੍ਹਕੇ ਕਹਿਣ ਲੱਗੀ—"ਏਹ ਤੇ ਨੂਰ ਅੱਲਾ ਦਾ ਆਇਆ, ਸਭ ਨੂੰ ਤਾਰਨ ਵਾਲਾ ਏ!" ਜਦ ਹਰਭਜਨ ਸਿੰਘ ਨੇ ਇਹ ਧਾਰਨਾ ਪੜ੍ਹੀ ਤਾਂ ਗੁਰਬਚਨ ਸਿੰਘ ਵਲਟੋਹੀਆ 'ਮਸਤਾਨਾ' ਹੋ ਗਿਆ।


Namdhari Elibrary NamdhariElibrary@gmail.com

ਉਨ੍ਹਾਂ ਅੱਗੇ ਕਿਹਾ, "ਸਤਿਗੁਰੂ ਜੀ ਨੇ ਅੰਗਰੇਜ਼ਾਂ ਦਾ ਪੂਰਨ ਬਾਈਕਾਟ ਕੀਤਾ। ਇਥੋਂ ਤਕ ਕਿ ਅੰਗਰੇਜ਼ਾਂ ਦੇ ਲਗਾਏ ਦਰਖਤਾਂ ਦੀ ਛਾਂ ਹੇਠ ਵੀ ਨਾਮਧਾਰੀ ਨਹੀਂ ਸਨ ਬੈਠਦੇ। ਸਵਦੇਸ਼ੀ ਦਾ ਪ੍ਰਚਾਰ ਕੀਤਾ, ਵਿਧਵਾ ਵਿਆਹ ਅਰੰਭ ਕੀਤੇ, ਦਹੇਜ ਤੋਂ ਬਿਨਾਂ ਸਮੂਹਿਕ ਵਿਆਹਾਂ ਦਾ ਸ਼੍ਰੀ ਗਣੇਸ਼ ਕਰਕੇ ਕਰਾਂਤੀਕਾਰੀ ਪ੍ਰੀਵਰਤਨ ਦੀ ਨੀਂਹ ਰੱਖੀ। ਦੇਸ਼ ਨੂੰ ਅਹਿੰਸਾ ਦਾ ਮੂਲ-ਮੰਤਰ ਦਿੱਤਾ। ਖਾਸ ਤੌਰ ਤੇ ਆਪਣੇ ਸੇਵਕਾਂ ਦੀ ਰੱਖਿਆ ਹਰ ਸਮੇਂ ਕੀਤੀ। ਉਨ੍ਹਾਂ ਨੇ ਇਕ ਸੇਵਕ ਭਾਈ ਰਾਏ ਸਿੰਘ ਦੀ ਕਥਾ ਸੰਖੇਪ ਰੂਪ ਵਿਚ ਸੁਣਾਈ। ਭਾਈ ਰਾਏ ਸਿੰਘ ਨੂੰ ਸਤਿਗੁਰੂ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਮਰਿਆਦਾ ਲਿਆਉਣ ਲਈ ਨੰਦੇੜ ਭੇਜਿਆ। ਰਸਤੇ ਵਿਚ ਜਾਂਦਿਆਂ ਨੰਦੇੜ ਦੇ ਜੰਗਲਾਂ ਵਿਚ ਸ਼ੇਰ ਆ ਜਾਂਦਾ ਹੈ, ਉਸਦੇ ਸਾਹਮਣੇ ਇਕ ਆਦਮੀ ਨੂੰ ਮਾਰ ਦਿੰਦਾ ਹੈ। ਭਾਈ ਰਾਏ ਸਿੰਘ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਦੇ ਹਨ। ਸਤਿਗੁਰੂ ਜੀ ਉਸ ਦੀ ਰੱਖਿਆ ਲਈ ਉਸੀ ਤਰ੍ਹਾਂ ਆਉਂਦੇ ਹਨ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਮੱਕੇ ਤੋਂ ਆਪਣੀ ਭੈਣ ਨਾਨਕੀ ਜੀ ਦੇ ਯਾਦ ਕਰਨ ਤੇ ਅੱਠ ਹਜ਼ਾਰ ਕਿਲੋਮੀਟਰ ਦਾ ਸਫਰ ਕੁਝ ਹੀ ਸਕਿੰਟਾਂ ਵਿਚ ਤੈਅ ਕਰਕੇ ਮੱਕੇ ਤੋਂ ਪੰਜਾਬ ਪਹੁੰਚ ਜਾਂਦੇ ਹਨ। ਇਸ ਪ੍ਰਥਾਏ ਹਰਭਜਨ ਸਿੰਘ ਜੀ ਨੇ ਇਕ ਕਵਿਤਾ ਸੁਣਾਈ :-

"ਨਾਨਕ ਕੂਕਦੀ ਨਾਨਕ ਦਾ ਰੂਪ ਹੋ ਗਈ,
ਉਸ ਦੀ ਕੂਕ ਵੀ ਤਾਂ ਬੇਨਜ਼ੀਰ ਹੈ ਸੀ।
ਪਹੁੰਚੀ ਝੱਟ ਜਾਂ ਪਾਰ ਸਮੁੰਦਰਾਂ ਦੇ,
ਜਿਥੇ ਬੈਠਾ ਉਹ ਪੀਰਾਂ ਦਾ ਪੀਰ ਹੈ ਸੀ।"

ਇਸੇ ਤਰ੍ਹਾਂ ਹੀ ਸਤਿਗੁਰੂ ਰਾਮ ਸਿੰਘ ਜੀ ਲਗਭਗ ਦੋ ਹਜ਼ਾਰ ਕਿਲੋਮੀਟਰ ਦਾ ਸਫਰ ਆਪਣੀ ਚੀਨੀ ਘੋੜੀ ਤੇ ਚੜ੍ਹਕੇ ਕੁਝ ਹੀ ਸਕਿੰਟਾਂ ਵਿਚ ਤੈਅ ਕਰਕੇ ਭਾਈ ਰਾਏ ਸਿੰਘ ਜੀ ਦੀ ਰੱਖਿਆ ਕਰਦੇ ਹਨ। ਫਿਰ ਉਨ੍ਹਾਂ ਇਕ ਕਵਿਤਾ ਸੁਣਾਈ—"ਰਾਏ ਸਿੰਘ ਨੇ ਜਦੋਂ ਅਰਦਾਸ ਕੀਤੀ, ਚੀਨੀ ਚੜ੍ਹੇ ਤੇ ਆਏ ਅਕਾਲ ਝਟਪਟ,.....ਆਲਿਮ ਹੋ ਪ੍ਰਗਟ ਸਤਿਗੁਰੂ ਰਾਮ ਸਿੰਘ ਨੇ ਜਲਵਾ ਆਪਣਾ ਝੱਟ ਦਿਖਾ ਦਿੱਤਾ। ਰਾਏ ਸਿੰਘ ਨੇ ਰੱਖਿਆ ਸ਼ੇਰ ਕੋਲੋਂ, ਬਚਨ ਆਪਣਾ ਤੋੜ ਨਿਭਾ ਦਿੱਤਾ।"

ਸਤਿਗੁਰੂ ਜੀ ਦੇ ਆਗਮਨ ਨਾਲ ਬਸੰਤ ਰੁੱਤ ਦਾ ਮਹਾਤਮ ਹੋਰ ਵਧ ਜਾਂਦਾ ਹੈ। ਉਨ੍ਹਾਂ ਫਿਰ ਇਹ ਧਾਰਨ ਪੜ੍ਹੀ—"ਆ ਨੀ ਬਸੰਤੇ ਰੁੱਤੇ, ਮਿਲਾ ਮੇਰੇ ਪ੍ਰੀਤਮ ਨੂੰ", ਮਸਤਾਨਾ ਸਿੱਖ ਹੋਰ ਜ਼ੋਰ ਨਾਲ ਮਸਤਾਨਾ ਹੋ ਗਏ ਤੇ ਥੋੜ੍ਹੀ ਦੇਰ ਬਾਅਦ ਬੇਸੁੱਧ ਹੋ ਕੇ ਲੰਮੇ ਪੈ ਗਏ।

ਸਭ ਸਾਧ ਸੰਗਤਾਂ ਨੇ ਜਥੇਦਾਰ ਜੀ ਦਾ ਅਤੇ ਸੰਤ ਮੰਡਲੀ ਦਾ ਧੰਨਵਾਦ ਕੀਤਾ।

ਇਸ ਤੋਂ ਉਪਰੰਤ ਭਾਈ ਖੜਕ ਸਿੰਘ ਦੇ ਹੱਥਾਂ ਨਾਲ, ਸ਼ਬਦ-ਕੀਰਤਨ ਕਰਨ ਵਾਲੇ ਮਰਾਠੀ ਬੱਚਿਆਂ ਨੂੰ ਇਨਾਮ ਦਿੱਤੇ ਗਏ। ਫਿਰ ਸ੍ਰੀ ਸੁਭਾਸ਼ ਰਾਵ ਜਵਕਰ ਨੇ ਸਭ ਦਾ ਧੰਨਵਾਦ ਮਰਾਠੀ ਭਾਸ਼ਾ ਵਿਚ ਕੀਤਾ। ਸਮਾਪਤੀ ਲਗਭਗ ਢਾਈ ਵਜੇ ਹੋਈ।

ਆਈ ਹੋਈ ਸੰਗਤ ਦੀ ਹਾਜ਼ਰੀ ੬੦੦ ਦੇ ਕਰੀਬ ਸੀ। ਲੰਗਰ ਰਾਤ ੭ ਵਜੇ ਤਕ ਚਲਦਾ ਰਿਹਾ।

ਜਥੇਦਾਰ ਪ੍ਰੀਤਮ ਸਿੰਘ ਜੀ ਦੇ ਦੀਵਾਨ ਤੋਂ ਪ੍ਰਭਾਵਿਤ ਹੋ ਕੇ ੧੨ ਸਰੀਰਾਂ ਨੇ ਗੁਰ-ਮੰਤਰ ਲਿਆ।

੧੧ ਫਰਵਰੀ ੨੦੦੮ ਨੂੰ ਸਵੇਰੇ ਇਕ ਹਵਨ ਅਤੇ ਇਕ ਵਰਨੀ ਸ. ਹਰਭਜਨ ਸਿੰਘ ਜੀ ਦੇ ਨਵੇਂ ਪਲਾਟ ਵਿਖੇ ਕੀਤਾ ਗਿਆ ਅਤੇ ਦੁਪਹਿਰ ਦੇ ਬਾਦ ਚਾਰ ਗੱਡੀਆਂ ਦੁਆਰਾ ਸੰਤ ਜਨ ਹਰ ਸਾਲ ਦੀ ਤਰਾਂ ਭਾਰਤੀ ਗਾਂਵ ਜੋ ਸੌ ਕਿਲੋਮੀਟਰ ਦੂਰ ਹੈ ਜਿਥੇ ਸ. ਹਰਭਜਨ ਸਿੰਘ ਜੀ ਨੇ ਸਭ ਤੋਂ ਪਹਿਲਾਂ ੧੯੭੦ ਵਿਚ ਠੇਕੇ ਦਾ ਕੰਮ ਕੀਤਾ ਸੀ, ਉਥੇ ਪਹੁੰਚੇ। ਪਿੰਡ ਵਾਲਿਆਂ ਨੇ ਬਹੁਤ ਸਵਾਗਤ ਕੀਤਾ। ਕਰੀਬ ਦੋ ਘੰਟੇ ਤਕ ਜਲਪਾਣ ਹੋਇਆ ਜਿਸ ਵਿਚ ਜਵਾਰ ਦੀਆਂ ਹੋਲਾਂ, ਖੇਤ ਦੀ ਮੁਸੰਮੀ ਅਤੇ ਨਾਰੀਅਲ ਪਾਣੀ ਦਾ ਪਰਬੰਧ ਕੀਤਾ ਗਿਆ ਸੀ। ਸ਼ਾਮ ਨੂੰ ਇਕ ਘੰਟਾ ਨਾਮ ਸਿਮਰਨ ਹੋਇਆ। ਇਕ ਸ਼ਬਦ ਕੁਮਾਰੀ ਸਰਲਾ ਡਾਵਰਵਰ ਨੇ ਪੜ੍ਹਿਆ। ਫਿਰ ਕਵੀ ਗੁਰਸੇਵਕ ਸਿੰਘ ਜੀ ਨੇ ਅੱਧਾ ਘੰਟਾ ਦੀਵਾਨ ਲਾਇਆ। ਫਿਰ ਜਥੇਦਾਰ ਪ੍ਰੀਤਮ ਸਿੰਘ ਜੀ ਨੇ ਡੇਢ ਘੰਟਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਗਮਨ ਦੇ ਨਾਲ ਹੀ ਭਗਤ ਸੁਦਾਮਾ ਦਾ ਪਰਸੰਗ ਸੁਣਾਇਆ ਅਤੇ ਬਹੁਤ ਅਛੀ ਅਛੀ ਧਾਰਨਾਵਾਂ ਪੜ੍ਹੀਆਂ। ਕਰੀਬ ੧੨੦੦ ਦੀ ਬਸਤੀਵਾਲਾ ਪੂਰਾ ਪਿੰਡ ਦੀਵਾਨ ਵਿਚ ਹਾਜ਼ਰ ਹੋਇਆ। ੧੨ ਫਰਵਰੀ ੨੦੦੮ ਨੂੰ ਜਥੇਦਾਰ ਜੀ ਜੱਥੇ ਦੇ ਨਾਲ ਨੰਦੇੜ ਚਲੇ ਗਏ। ਉਥੋਂ ੧੪ ਫਰਵਰੀ ੨੦੦੮ ਨੂੰ ਸ੍ਰੀ ਭੈਣੀ ਸਾਹਿਬ ਵਾਸਤੇ ਚਲ ਪਏ।

*ਰਿਪੋਰਟ : ਸੁਭਾਸ਼ ਰਾਵ ਜਵਕਰ*
*ਸ੍ਰੀ ਰਾਮਹਰੀ ਸੱਚਖੰਡ ਮੰਦਿਰ*
*ਨਾਮਧਾਰੀ, ਫਾਰਮਜ਼, ਬੀੜ ਰੋਡ ਝਾਲਟਾ,*
*ਔਰੰਗਾਬਾਦ (ਮਹਾਂਰਾਸ਼ਟਰ)*
*ਫੋਨ ੦੨੪੦-੨੪੭੧੯੭੩*

## ਬਠਿੰਡਾ ਵਿਚ ਕੂਕਾ ਅੰਦੋਲਨ ਦੇ ੧੫੦ ਸਾਲਾਂ ਨੂੰ ਸਮਰਪਿਤ ਸਮਾਗਮ

*—ਮਨਪ੍ਰੀਤ ਸਿੰਘ ਰਾਮਪੁਰਾ ਫੂਲ*

ਬਠਿੰਡਾ ਦੇ ਐਸ. ਐਸ. ਡੀ ਗਰਲਜ਼ ਕਾਲਜ ਵਿਚ ਸਰਬਧਰਮ ਸੰਮੇਲਨ ਕੂਕਾ ਅੰਦੋਲਨ ਦੇ ੧੫੦ ਸਾਲਾਂ ਨੂੰ ਸਮਰਪਿਤ ਸਰਕਾਰ ਵੱਲੋਂ ਬਹੁਤ ਹੀ ਭਾਰੀ ਸਮਾਗਮ ਕੀਤਾ ਗਿਆ। ਸਮੁੱਚੇ ਪ੍ਰੋਗਰਾਮ ਦਾ ਨਿਸ਼ਾਨਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਦੁੱਤੀ ਸ਼ਖਸ਼ੀਅਤ ਦੇ ਹਰ ਪੱਖ ਨੂੰ ਲੋਕਾਂ ਸਾਹਮਣੇ ਪੇਸ਼ ਕਰਨਾ ਸੀ।

ਪ੍ਰੋਗਰਾਮ ਦੇ ਆਰੰਭ ਵਿਚ ਡੀ. ਸੀ. ਸ੍ਰੀ ਰਾਹੁਲ ਤਿਵਾੜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਅੱਗੇ ਜੋਤ ਜਗਾ ਕੇ ਸ਼ੁਮਾਂ ਰੌਸ਼ਨ ਕੀਤੀ। ਡਾ. ਲਖਵੀਰ ਸਿੰਘ ਨੇ ਸਭ ਨੂੰ ਜੀ ਆਇਆਂ ਆਖਿਆ। ਗੁਰਭਗਤ ਸਿੰਘ ਅਤੇ ਜਸਵੀਰ ਕੌਰ ਵੱਲੋਂ ਕਵਿਤਾ "ਬਣਕੇ ਚਾਨਣ ਮੁਨਾਰਾ ਜੋ ਆਪ ਸਤਿਗੁਰ ਦੇਸ਼ ਵਾਸੀਆਂ ਨੂੰ ਰਸਤਾ ਜੋ ਦੱਸਦਾ ਨਾ" ਗਾਈ ਗਈ। ਇਸ ਸਮੇਂ ਬਠਿੰਡਾ ਪ੍ਰਸ਼ਾਸ਼ਨ ਵੱਲੋਂ ਕੂਕਾ ਅੰਦੋਲਨ ਨੂੰ ਸਮਰਪਿਤ ਸਰਕਾਰ ਵੱਲੋਂ ਛਪਿਆ ਪੈਂਫਲਿਟ ਡੀ. ਸੀ. ਰਾਹੁਲ ਤਿਵਾੜੀ, ਸੂਬਾ ਜੰਗੀਰ ਸਿੰਘ, ਸੂਬਾ ਬਲਵਿੰਦਰ ਸਿੰਘ, ਸ੍ਰੀ ਹਰਪਾਲ ਸਿੰਘ ਸੇਵਕ, ਡਾ. ਲਖਵੀਰ ਸਿੰਘ, ਐਸ. ਡੀ. ਐਮ, ਮਾਹੀ, ਡੀ. ਪੀ. ਆਰ. ਓ, ਡੀ. ਈ. ਓ,


Namdhari Elibrary NamdhariElibrary@gmail.com

ਪੁਸ਼ਪਿੰਦਰ, ਸੁਮਨਪ੍ਰੀਤ ਅਤੇ ਪ੍ਰੀਤੀ ਵੱਲੋਂ ਜਾਰੀ ਕੀਤਾ ਗਿਆ। ਸੂਬਾ ਸੁਰਿੰਦਰ ਕੌਰ ਖਰਲ ਵੱਲੋਂ ਆਪਣੀ ਨਵੀਂ ਛਪੀ ਕਿਤਾਬ ਡੀ. ਸੀ ਸਾਹਿਬ ਅਤੇ ਐਸ. ਡੀ. ਐਮ ਸਾਹਿਬ ਨੂੰ ਭੇਟ ਕੀਤੀ ਗਈ। ਡੀ. ਸੀ ਬਠਿੰਡਾ ਸ੍ਰੀ ਰਾਹੁਲ ਤਿਵਾੜੀ ਨੇ ਕਿਹਾ ਕਿ "ਮੈਂ ਅੱਜ ਦੇ ਕੂਕਾ ਸਮਾਜ ਦੇ ੧੫੦ ਸਾਲਾ ਸਮਾਗਮ ਵਿਚ ਹਾਜ਼ਰ ਹੋਏ ਸਾਰੇ ਹੀ ਲੋਕਾਂ ਨੂੰ ਵਧਾਈ ਦਿੰਦਾ ਹਾਂ। ਅੱਜ ਅਸੀਂ ਸਾਡੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਨੂੰ ਯਾਦ ਕਰ ਰਹੇ ਹਾਂ। ਉਹਨਾਂ ਦੇ ਦਿਨ ਮਨਾ ਰਹੇ ਹਾਂ। ਉਹਨਾਂ ਆਖਿਆ ਕਿ ਮੈਂ ਹਿਸਟਰੀ ਦਾ ਸਟੂਡੈਂਟ ਰਿਹਾ ਹਾਂ। ਜਦੋਂ ਵੀ ਇਤਿਹਾਸ ਵਿਚ ਬਹਾਦਰੀ ਦੀ ਗੱਲ ਚਲਦੀ ਹੈ ਤਾਂ ਸਭ ਤੋਂ ਪਹਿਲਾਂ ਉਹਨਾਂ ਕੂਕਾ ਸਿੰਘਾਂ ਦੀ ਗੱਲ ਚਲਦੀ ਹੈ ਜਿਨਾਂ ਨੂੰ ਤੋਪਾਂ ਨਾਲ ਉਡਾਇਆ ਗਿਆ ਅਤੇ ਉਹ ਫਿਰ ਵੀ ਹੱਸਦੇ ਰਹੇ ਸਨ। ਜ਼ੁਲਮ ਦੀ ਖਾਤਰ ਜੇ ਕਿਸੇ ਨੇ ਆਵਾਜ਼ ਉਠਾਈ ਤਾਂ ਸਭ ਤੋਂ ਪਹਿਲਾਂ ਨਾਮਧਾਰੀਆਂ ਨੇ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਗੱਲ ਨੂੰ ਸਵੀਕਾਰ ਕੀਤਾ ਕਿ ਜ਼ੁਲਮ ਕਰਨ ਵਾਲਾ ਹੀ ਜ਼ਾਲਿਮ ਨਹੀਂ ਹੁੰਦਾ ਸਗੋਂ ਜ਼ੁਲਮ ਸਹਿਨ ਵਾਲਾ ਵੀ ਜ਼ਾਲਿਮ ਹੁੰਦਾ ਹੈ। ਉਹਨਾਂ ਅਧਿਆਪਕਾਂ, ਵਿਦਿਆਰਥੀਆਂ, ਅਫਸਰਾਂ, ਨਾਮਧਾਰੀਆਂ ਦੇ ਵੱਡੀ ਗਿਣਤੀ ਵਿਚ ਇਕੱਤਰ ਇਕੱਠ ਨੂੰ ਸੰਬੋਧਿਤ ਹੁੰਦਿਆਂ ਆਖਿਆ ਕਿ ਮੈਂ ਬਹੁਤ ਹੀ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਅੱਜ ਅਸੀਂ ਕੂਕਾ ਅੰਦੋਲਨ ਦੇ ੧੫੦ ਸਾਲਾਂ ਨੂੰ ਮਨਾਉਂਦੇ ਹੋਏ ਇਸ ਇਤਿਹਾਸ ਨੂੰ ਜਾਣਕੇ ਆਪਣੀ ਜ਼ਿੰਦਗੀ ਨੂੰ ਵਧੀਆ ਰਸਤੇ ਤੇ ਤੋਰ ਸਕਦੇ ਹਾਂ। ਇਸ ਸੰਮੇਲਨ ਵਿਚ ਪ੍ਰੋ. ਨਿਰਮਲ ਪ੍ਰੀਤ ਸਿੰਘ ਮੁੱਖੀ ਰਜਿੰਦਰਾ ਕਾਲਜ ਬਠਿੰਡਾ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਸਬੰਧੀ, ਪ੍ਰੋ. ਗੁਰਬਚਨ ਸਿੰਘ ਨਰੂਆਣਾ ਸਾਹਿਬ ਵੱਲੋਂ ਬਹੁਤ ਸਤਿਗੁਰੂ ਰਾਮ ਸਿੰਘ ਅਤੇ ਭਾਰਤੀ ਦਰਸ਼ਨ ਸਬੰਧੀ, ਡਾ. ਸਤਿਨਾਮ ਸਿੰਘ ਮੁੱਖੀ ਰੀਜਨਲ ਸੈਂਟਰ ਬਠਿੰਡਾ (ਪੰਜਾਬੀ ਯੂਨੀ. ਪਟਿਆਲਾ) ਵੱਲੋਂ ਨਾਮਧਾਰੀ ਆਜ਼ਾਦੀ ਸੰਘਰਸ਼ ਸਬੰਧੀ ਅਤੇ ਡਾ. ਸੁਰਜੀਤ ਸਿੰਘ ਭੱਟੀ ਪ੍ਰਿੰਸੀਪਲ ਯੂਨੀਵਰਸਿਟੀ ਕੈਂਪਸ ਫੂਲ ਵੱਲੋਂ ਬਹੁਤ ਹੀ ਪ੍ਰਭਾਵਸ਼ਾਲੀ ਵਿਦਵਤਾ ਭਰਪੂਰ ਪਰਚਾ ਪੜ੍ਹਿਆ ਜਿਸ ਤੋਂ ਪ੍ਰਭਾਵਤ ਹੋ ਕੇ ਸ੍ਰੀ ਹਰਪਾਲ ਸਿੰਘ ਸੇਵਕ ਨੇ ਉਹਨਾਂ ਪ੍ਰਤੀ ਇਹ ਸ਼ਬਦ ਕਹੇ ਕਿ –

"ਤੁਸਾਂ ਦੇ ਬੋਲ ਵੀ ਸੋਹਣੇ ਉਦੂੰ ਵੱਧ ਪੇਸ਼ਕਾਰੀ ਹੈ।
ਸੁਰ ਸਰਗਮ ਵੀ ਜੋ ਹੋਵੇ ਜਾਂ ਸ਼ਾਇਰ ਦੀ ਸ਼ਾਇਰੀ ਹੈ।"

ਇਸ ਸਮੇਂ ਸੁਖਮੰਦਰ ਸਿੰਘ ਰਾਮਪੁਰਾਫੂਲ ਵੱਲੋਂ ਬਹੁਤ ਹੀ ਪ੍ਰਭਾਵਸ਼ਾਲੀ ਨਾਟਕੀ ਢੰਗ ਦੀ ਕਵਿਤਾ ਪੇਸ਼ ਕੀਤੀ ਗਈ। ਸਮਾਗਮ ਨੂੰ ਉਚੇਚੀ ਤੌਰ ਤੇ ਪਹੁੰਚੇ ਸ. ਸਵਰਨ ਸਿੰਘ ਵਿਰਕ, ਸੂਬਾ ਬਲਵਿੰਦਰ ਸਿੰਘ, ਸੂਬਾ ਸੁਰਿੰਦਰ ਕੌਰ ਖਰਲ ਨੇ ਵੀ ਸੰਬੋਧਨ ਕੀਤਾ। ਪੁਸ਼ਪਿੰਦਰ ਕੌਰ, ਸੁਮਨਪ੍ਰੀਤ ਕੌਰ, ਪ੍ਰੀਤੀ, ਰਾਜਵਿੰਦਰ ਸਿੰਘ ਵੱਲੋਂ ਕੂਕਾ ਅੰਦੋਲਨ ਨਾਲ ਸਬੰਧਿਤ ਕਵਿਤਾਵਾਂ ਪੇਸ਼ ਕੀਤੀਆਂ ਗਈਆਂ ਅਤੇ ਸੰਤ ਸਿੰਘ, ਲਾਡੀ ਅਤੇ ਸੋਨਾ ਵੱਲੋਂ ਕਵੀਸ਼ਰੀ ਪੇਸ਼ ਕੀਤੀ ਗਈ। ਡੀ. ਸੀ ਸਾਹਿਬ ਵੱਲੋਂ ਪੇਪਰ ਪੜ੍ਹਨ ਵਾਲੇ ਵਿਦਵਾਨਾਂ ਡੀ. ਈ. ਓ, ਡਿਪਟੀ ਡਾਇਰੈਕਟਰ ਰੋਜ਼ਗਾਰ, ਐਸ. ਡੀ. ਐਮ ਨੂੰ ਲੋਈਆਂ, ਸ਼ਾਲਾਂ ਅਤੇ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ। ਬੱਚਿਆਂ ਨੂੰ ਡੀ. ਈ. ਓ ਸਾਹਿਬ, ਡਿਪਟੀ ਡਾਇਰੈਕਟਰ ਰੋਜ਼ਗਾਰ, ਸੂਬਾ ਬਲਵਿੰਦਰ ਸਿੰਘ, ਸੂਬਾ ਜਗੀਰ ਸਿੰਘ, ਡਾ. ਲਖਵੀਰ ਸਿੰਘ ਰਾਮਪੁਰਾ ਫੂਲ ਵੱਲੋਂ ਇਨਾਮ ਵੰਡੇ ਗਏ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸੂਬਾ ਮੱਲ ਸਿੰਘ ਭਗਤਾ, ਸਰਪੰਚ ਗੁਰਦੀਪ ਸਿੰਘ ਕੋਠਾ ਗੁਰੂ, ਮਿਹਰ ਸਿੰਘ ਧੰਮੂ ਭਾਈਰੂਪਾ, ਰਾਮਪੁਰਾ ਫੂਲ ਤੋਂ ਨਾਮਧਾਰੀ ਸੰਗਤ ਅਤੇ ਸ਼ਹੀਦ ਵਰਿਆਮ ਸਿੰਘ ਯਾਦਗਾਰ ਕਮੇਟੀ ਦੇ ਮੈਂਬਰ ਭਾਰੀ ਗਿਣਤੀ ਵਿਚ ਪਹੁੰਚੇ ਹੋਏ ਹਨ। ਸਮਾਗਮ ਦੇ ਅਖੀਰ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ, ਭਾਰਤੀ ਧਰਮਾਂ ਅਤੇ ਉਹਨਾਂ ਦੇ ਨਿਚੋੜ ਨਾਮਧਾਰੀ ਸਿੱਖਾਂ ਬਾਰੇ ਵਿਦਵਤਾ ਭਰਪੂਰ ਵਿਚਾਰ ਪੇਸ਼ ਕੀਤੇ ਅਤੇ ਸਭ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਡਾ. ਸਤਿਨਾਮ ਸਿੰਘ ਮੁਖੀ ਰੀਜਨਲ ਸੈਂਟਰ ਬਠਿੰਡਾ ਨੇ ਕੀਤਾ। ਐਸ. ਡੀ. ਓ ਰਣਜੀਤ ਸਿੰਘ ਅਤੇ ਹਰਜਿੰਦਰ ਸਿੰਘ ਬਠਿੰਡਾ ਵੱਲੋਂ ਬਾਹਰੋਂ ਆਈਆਂ ਸੰਗਤਾਂ ਦੀ ਖੂਬ ਸੇਵਾ ਕੀਤੀ ਗਈ।

## "ਸਿਰਾਂ ਵੱਟੇ ਸਿੰਘ ਲੈਂਦੇ ਸਰਦਾਰੀਆਂ"
## ਨਾਮਧਾਰੀ ਸ਼ਹੀਦਾਂ ਦੇ ੧੫੦ ਸਾਲਾ ਯਾਦਗਾਰੀ ਸਮਾਗਮਾਂ ਦੀ ਲੜੀ ਵਿਚ

ਮਾਲੇਰਕੋਟਲੇ ਵਿਖੇ, ਮਿਤੀ ੧੭-੨-੨੦੦੮ ਨੂੰ ਨਾਮਧਾਰੀ ਕੂਕਾ ਸ਼ਹੀਦਾਂ ਦੀ ਯਾਦ ਵਿਚ ਮਹੀਨਾਵਾਰ ਸ਼ਹੀਦੀ ਸਮਾਗਮ ਮਨਾਇਆ ਗਿਆ। ਸਮਾਗਮ ਵਿਚ ਅੰਮ੍ਰਿਤ ਵੇਲੇ ਦੇ ਨਾਮ ਸਿਮਰਨ- ਨਿੱਤਨੇਮ ਉਪ੍ਰੰਤ ਸਾਰਾ ਦਿਨ ਕੀਰਤਨ ਦੀਵਾਨਾਂ ਅਤੇ ਕਥਾ-ਵੀਚਾਰਾਂ ਦਾ ਪ੍ਰਵਾਹ ਚੱਲਿਆ। ਸ਼ਹੀਦੀ ਸਮਾਗਮ ਵਿਚ ਸਿੱਖ ਪੰਥ ਦੇ ਦੋ ਬਜ਼ੁਰਗ ਵਿਦਵਾਨ ਸੂਬਾ ਮੇਲਾ ਸਿੰਘ ਜੀ ਨੇ ਸ਼ਹੀਦਾਂ ਦੇ ਇਤਿਹਾਸ ਨੂੰ ਵਰਣਨ ਕਰਦਿਆਂ, ਉਨ੍ਹਾਂ ਦੀ ਯਾਦ ਵਿਚ ਗੁਰਬਾਣੀ ਦੇ ਸ਼ਬਦਾਂ ਵਿਚ ਦੀਵਾਨ ਸਜਾ ਕੇ ਸਾਧ ਸੰਗਤਾਂ ਨੂੰ ਕ੍ਰਿਤਾਰਥ ਕੀਤਾ। ਪੰਥ ਦੇ ਬੁੱਧੀਜੀਵੀ ਤੇ ਗੁਰਬਾਣੀ ਦੇ ਮਹਾਨ ਗਿਆਨਵਾਨ ਮਾਸਟਰ ਦਰਸ਼ਨ ਸਿੰਘ ਜੀ ਨੇ ਗੁਰਬਾਣੀ ਵਿਚਲੇ ਅਹਿਮ ਨੁਕਤਿਆਂ ਸਿਧਾਂਤਾਂ, ਗੁਰਸਿੱਖੀ ਅਤੇ ਗੁਰਸਿੱਖ ਸ਼ਹੀਦਾਂ ਬਾਰੇ ਵਿਸਤ੍ਰਿਤ ਚਰਚਾ ਕੀਤੀ। ਸੰਤ ਸਵਰਨ ਸਿੰਘ ਬਾਜਵਾ ਅਤੇ ਸੰਤ ਛਿੰਦਾ ਸਿੰਘ ਕਵੀਸ਼ਰ ਨੇ ਆਪਣੇ-ਵਿਚਾਰ ਅਤੇ ਸ਼ਰਧਾ, ਕਵੀਸ਼ਰੀ ਦੇ ਜੋਸ਼ੀਲੇ ਸ਼ਬਦਾਂ ਵਿਚ ਅਰਪਣ ਕੀਤੀ। ਜਥੇਦਾਰ ਸੰਤ ਸੁਦਰਸ਼ਨ ਸਿੰਘ ਜੀ ਅਮਰਾਸਰ (ਹਰਿਆਣਾ) ਹੋਰਾਂ ਗੁਰਬਾਣੀ ਦੇ ਇਲਾਹੀ ਸ਼ਬਦ "ਭਵਨ ਸਹਾਵੜਾ" ਧਰਤਿ ਸੁਭਾਗੀ ਰਾਮ" ਦੀ ਧਾਰਨਾ ਰੱਖ ਕੇ, ਮਾਨਵ ਮਾਤਰ ਨੂੰ ਨਾਮ ਸਿਮਰਨ ਅਤੇ ਹੱਥੀਂ ਸੇਵਾ ਕਰਨ ਬਾਰੇ ਦੀਵਾਨ ਲਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਬਿਨਾਂ ਜਥੇਦਾਰ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਬਣੇ ਸੇਵਕ ਸੰਤ ਮੰਗਲ ਸਿੰਘ ਬਿਸ਼ਨਪੁਰੇ ਵਾਲਿਆਂ ਦੇ ਪਿਛਲੇ ਪ੍ਰਸੰਗ ਸੁਣਾਏ :

"ਛੱਡ ਭੈੜੇ ਚਾਲੇ ਨੀ ਜਿੰਦੜੀਏ! ਖਾਕ ਬਥੇਰੀ ਛਾਣੀ,
ਹੁਣ ਸਿਮਰਨ ਕਰਲੈ ਨੀ, ਜਿੰਦੜੀਏ! ਬਿਰਥਾ ਅਉਧ ਵਿਹਾਣੀ,
ਜੱਗ ਚਲਦਾ ਜਾਂਦਾ ਈ ਨੀ, ਜਿੰਦੜੀਏ! ਜਿਉਂ ਨਦੀਆਂ ਦਾ ਪਾਣੀ,
ਹੱਥੀ ਸੇਵਾ ਕਰਲੈ ਨੀ ਜਿੰਦੜੀਏ! ਕਹਿੰਦੀ ਆ ਗੁਰਬਾਣੀ।"

ਨਿੱਕੀਆਂ-ਨਿੱਕੀਆਂ ਦੋ ਦੇਵੀਆਂ-ਬੱਚੀਆਂ ਯਾਦਵਿੰਦਰ ਕੌਰ


Namdhari Elibrary NamdhariElibrary@gmail.com

ਅਤੇ ਹਰਪ੍ਰੀਤ ਕੌਰ ਨੇ ਆਪਣੀ ਮਧੁਰ ਸੁਰੀਲੀ, ਨੰਨ੍ਹੀਆਂ ਆਵਾਜ਼ਾਂ ਵਿਚ ਛੋਟੇ ਸਾਹਿਬਜ਼ਾਦਿਆਂ ਦੇ ਨੀਹਾਂ ਦੇ ਚਿਣਨ ਵਾਲੇ ਦ੍ਰਿਸ਼ ਨੂੰ ਪੇਸ਼ ਕਰਕੇ ਸਾਧ ਸੰਗਤਾਂ ਤੋਂ ਆਸੀਸਾਂ ਪ੍ਰਾਪਤ ਕੀਤੀਆਂ, ਬੱਚੀਆਂ ਦੇ ਗਾਏ ਸ਼ਹੀਦਾਂ ਦੇ ਗੀਤ ਦੇ ਬੋਲ ਇਸ ਤਰ੍ਹਾਂ ਸੰਗਤਾਂ ਦੀ ਜ਼ਬਾਨਾਂ ਤੇ ਚੜ੍ਹ ਗਏ :-

"ਅਸੀ ਨੀਹਾਂ ਦੇ ਵਿਚ ਖੜੇ-ਖੜੇ,
ਸਾਡੇ ਦਿਲ 'ਚ ਹੌਂਸਲੇ ਬੜੇ-ਬੜੇ,
ਸੱਦ ਲੈ ਜੱਲਾਦ ਕਰ ਲੈ ਤਿਆਰੀਆਂ.....
ਸਿਰਾਂ ਵੱਟੇ ਸਿੰਘ ਲੈਂਦੇ ਸਰਦਾਰੀਆਂ। ..........."

ਸੰਤ ਮੁਖਤਿਆਰ ਸਿੰਘ ਹਿਮਤਪੁਰ ਵਾਲਿਆਂ 'ਗੁਰ-ਪ੍ਰਸਾਦਿ' ਦੇ ਵਿਸ਼ੇ ਤੇ ਵਿਆਖਿਆਨ ਕਰਕੇ ਆਪਣੀ ਹਾਜ਼ਰੀ ਲੁਆਈ। ਸੰਤ ਬਲਵੰਤ ਸਿੰਘ ਜੀ ਸ੍ਰੀ ਭੈਣੀ ਸਾਹਿਬ ਹੁਰਾਂ ਸਿੱਖ ਪੰਥ ਦੇ ਜਨਮਦਾਤਾ ਸਾਹਿਬ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਅਤੇ ਧਰਮ ਜੀ ਚਾਦਰ ਸਤਿਗੁਰੂ ਤੇਗ ਬਹਾਦਰ ਅਤੇ ਮਾਤਾ ਗੁਜਰੀ ਦੀ-ਚਾਰੇ ਸਾਹਿਬਜ਼ਾਦਿਆਂ, ਪੰਜ ਪਿਆਰਿਆਂ ਚਾਲੀ ਮੁਕਤਿਆਂ, ਸ੍ਰੀ ਦਸਮੇਸ਼ ਪਿਤਾ ਜੀ ਦੇ ਜੰਗੀ-ਕਾਰਨਾਮੇ ਉਨ੍ਹਾਂ ਦੀ ਸਾਹਿਤਕ ਦੇਣ ਅਤੇ ਖਾਲਸਾ ਪੰਥ ਦੀ ਸਾਜਨਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪੁਨਰ-ਖਾਲਸੇ ਦੀ ਸਥਾਪਨਾ, ਉਨ੍ਹਾਂ ਦੇ ਪੈਦਾ ਕੀਤੇ ਮਰਜੀਵੜੇ , ਜੁਝਾਰੂ ਸ਼ਹੀਦ-ਸਿੰਘ ਦੀ ਖੂਨੀ ਦਾਸਤਾਨ, ਪਰਉਪਕਾਰ, ਸੇਵਾ-ਸਿਮਰਨ ਸੰਤੋਖ ਬਾਰੇ, ਬਹੁਤ ਹੀ ਸੁੰਦਰ ਤੇ ਭਾਵ-ਪੂਰਤ ਵਰਣਨ ਕਰਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ। ਦੁਪਹਿਰ ਨੂੰ ਨਾਮ-ਸਿਮਰਨ ਵੀ ਕੀਤਾ ਗਿਆ। ਉਪ੍ਰੰਤ ਸੰਗਤਾਂ ਵਲੋਂ ਅਨੇਕਾਂ ਹੀ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਸਹਿਜ-ਪਾਠਾਂ, ਮੂਲ ਮੰਤਰ-ਪਹਿਲੀ ਪਉੜੀ ਦੇ ਅਨੇਕਾਂ ਹੀ ਸਿਮਰਨ ਦੀਆਂ ਮਾਲਾਂ ਦੇ ਭੋਗ ਪਾਏ ਗਏ।

ਪ੍ਰੋਗਰਾਮ ਵਿਚ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਮੁਖ ਸੇਵਾਦਾਰ ਸੂਬਾ ਬਲਵਿੰਦਰ ਸਿੰਘ ਨੇ ਸਟੇਜ ਦੀ ਸੇਵਾ ਨਿਭਾਈ ਅਤੇ ਹੋਰ ਵੀ ਜਾਣਕਾਰੀ ਦਿੱਤੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਸਮਾਜ-ਸੁਧਾਰਕ ਵਡਮੁੱਲੀਆਂ ਦੇਣਾਂ ਅਤੇ ਉਨਾਂ ਦੇ ਸਿੱਖ-ਸ਼ਹੀਦਾਂ ਦੇ ਯਾਦਗੀਰੀ ਸਮਾਰੋਹਾਂ ਬਾਰੇ ਵਿਸਤ੍ਰਿਤ ਚਾਨਣਾ ਪਾਇਆ, ਜਿਹੜਾ ਮੌਜੂਦਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਕ੍ਰਿਪਾ ਕਰਕੇ ਸਾਧ ਸੰਗਤ ਅਤੇ ਸਮੁੱਚੀ ਮਾਨਵਤਾ ਦੇ ਭਲੇ ਲਈ, ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਸਿੱਖ ਸਤਿਗੁਰੂ ਸਾਹਿਬਾਨ ਅਤੇ ਗੁਰਬਾਣੀ ਅਨੁਸਾਰ ਸਮਾਜਿਕ ਕੁਰੀਤੀਆਂ ਨੂੰ ਖ਼ਤਮ ਕਰਨ ਦਾ ਅਹਿਮ ਤੇ ਬੇਮਿਸਾਲ ਉਪਰਾਲਾ ਕਰਕੇ ਸਮਾਜ ਨੂੰ ਉਸਾਰੂ-ਸੁਚਾਰੂ-ਤੰਦਰੁਸਤ ਸੇਧ ਦੇ ਰਹੇ ਹਨ। ਸਮਾਗਮ ਦੀ ਸੇਵਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਸੇਵਕ ਸੰਤ-ਮਹੰਤ ਸੰਤੋਖ ਸਿੰਘ ਜੀ ਅਤੇ ਤੇ ਉਨ੍ਹਾਂ ਦੇ ਸਾਰੇ ਪਰਿਵਾਰ ਨੇ ਤਨਦੇਹੀ ਨਾਲ ਕੀਤੀ।

*ਰਿਪੋਰਟ : ਜਸਬੀਰ ਸਿੰਘ ਸਿੱਧੂ*

## ਜਲੰਧਰ ਵਿਚ ਸਮਾਗਮ

ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਸਰਬ ਪ੍ਰਿਥਮ ਦੇਸ਼ ਦੀ ਆਜ਼ਾਦੀ ਵਾਸਤੇ ਆਰੰਭੇ ਕੂਕਾ ਸੰਗਰਾਮ ਦੇ ਮਹਾਨ ਸ਼ਹੀਦਾਂ ਅਤੇ ਸੂਰਬੀਰਾਂ ਨੂੰ ੧੫੦ਵਾਂ ਸਾਲ ਸਮਰਪਿਤ ਦੇ ਸੰਬੰਧ ਵਿਚ ਨਾਮਧਾਰੀ ਧਰਮਸਾਲਾ ਪ੍ਰੀਤ ਨਗਰ ਸੋਢਲ ਰੋਡ ਜਲੰਧਰ ਵਿਖੇ ੧੪ ਮਾਰਚ ਦਿਨ ਸ਼ੁੱਕਰਵਾਰ ਨੂੰ ਇਕ ਵਿਸ਼ਾਲ ਸਮਾਗਮ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਕੀਤਾ ਗਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਸੰਤ ਬਲਬੀਰ ਸਿੰਘ ਅਤੇ ਇਨ੍ਹਾਂ ਦੇ ਸਹਿਯੋਗੀ ਜਥੇ ਵਲੋਂ ਕੀਤਾ ਗਿਆ ਉਪਰੰਤ ਜਥੇਦਾਰ ਗੁਰਦੀਪ ਸਿੰਘ ਸ੍ਰੀ ਭੈਣੀ ਸਾਹਿਬ ਨੇ ਹੱਲੇ ਦਾ ਦੀਵਾਨ ਲਗਾਉਂਦਿਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਉਹ ਸੰਗਤਾਂ ਧੰਨਤਾ ਦੇ ਯੋਗ ਹਨ ਜੋ ਸਤਿਗੁਰੂ ਦੀਆਂ ਯਾਦਾਂ ਰਲ ਕੇ ਮਨਾਉਂਦੀਆਂ ਹਨ। ਇਤਿਹਾਸ 'ਤੇ ਰੋਸ਼ਨੀ ਪਾਉਂਦਿਆਂ ਹੋਇਆਂ ਬਹੁਤ ਪ੍ਰਭਾਵਸ਼ਾਲੀ ਕੀਰਤਨ ਕੀਤਾ।

ਇਸ ਸਮਾਗਮ ਵਿਚ ਵਿਸ਼ਵ ਨਾਮਧਾਰੀ ਵਿੱਦਿਅਕ ਜਥੇ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਝੱਲ, ਜਨਰਲ ਸਕੱਤਰ ਹਰਜੀਤ ਸਿੰਘ ਮੁਠੱਡਾ, ਸਕੱਤਰ ਸੁਖਵਿੰਦਰ ਸਿੰਘ ਲਾਇਲ, ਖਜ਼ਾਨਚੀ ਬਲਵੀਰ ਸਿੰਘ, ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਜਗਦੀਸ਼ ਸਿੰਘ ਵਰਿਆਮ, ਵਿਸ਼ਵ ਨਾਮਧਾਰੀ ਇਸਤਰੀ ਵਿੱਦਿਅਕ ਜਥੇ ਦੀ ਪ੍ਰਧਾਨ ਬੀਬੀ ਸੁਖਜੀਤ ਕੌਰ ਅਤੇ ਖਜਾਨਚੀ ਅਮਰਜੀਤ ਕੌਰ ਵਿਸ਼ੇਸ਼ ਰੂਪ ਵਿਚ ਪਹੁੰਚ ਕੇ ਸ਼ਿਰਕਤ ਕੀਤੀ ਅਤੇ ਆਪਣੇ-ਆਪਣੇ ਵਿਚਾਰਾਂ ਰਾਹੀਂ ਆਖਿਆ ਕਿ ਦੇਸ਼ ਦੇ ਕੋਨੇ-ਕੋਨੇ ਵਿਚ ਨਾਮਧਾਰੀ ਪੰਥ ਨੂੰ ਜੋ ਮਾਣ ਤੇ ਵਡਿਆਈ ਮਿਲ ਰਹੀ ਹੈ, ਉਹ ਸਭ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਹੈ ਅਤੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ ਲਈ ਨਾਮਿਲਵਰਤਨ ਦੀ ਲਹਿਰ ਚਲਾ ਕੇ ਆਜ਼ਾਦੀ ਸੰਗਰਾਮ ਨੂੰ ਨਵੀਂ ਦਿਸ਼ਾ ਦਿੱਤੀ। ਪੰਜਾਬ ਨੂੰ ਮਾਣ ਹੈ ਉਨ੍ਹਾਂ ਮਹਾਨ ਸੂਰਬੀਰ ਸਿੱਖਾਂ 'ਤੇ ਜਿਨ੍ਹਾਂ ਨੇ ਜ਼ਾਲਮ ਗੋਰਿਆਂ ਤੋਂ ਦੇਸ਼ ਆਜ਼ਾਦ ਕਰਾਉਣ ਲਈ, ਪਾਪ ਦੀ ਜੜ੍ਹ ਪੁੱਟਣ ਲਈ, ਆਪਣੇ ਆਪ ਨੂੰ ਤੋਪਾਂ ਮੂਹਰੇ ਖੜ ਕੇ ਤੂੰਬਾ-ਤੂੰਬਾ ਉੜਵਾਇਆ। ਇਨ੍ਹਾਂ ਸ਼ਹੀਦਾਂ ਦੇ ਲਹੂ ਨਾਲ ਰੰਗੀ ਧਰਤੀ ਭਵਿੱਖ ਦੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਹੈ। ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਸਭ ਤੋਂ ਵੱਧ ਪੰਜਾਬੀਆਂ ਅਤੇ ਨਾਮਧਾਰੀਆਂ ਦੀ ਸ਼ਹੀਦੀ ਦਾ ਯੋਗਦਾਨ ਹੈ।

ਨਾਮਧਾਰੀ ਸੰਗਤ ਜਲੰਧਰ ਸ਼ਹਿਰ ਦੇ ਪ੍ਰਧਾਨ ਸੁਰਜੀਤ ਸਿੰਘ ਜੀ ਨੇ ਬੜੇ ਹੀ ਸੁਚੱਜੇ ਢੰਗ ਨਾਲ ਨਾਮਧਾਰੀ ਸ਼ਹੀਦਾਂ ਬਾਰੇ ਜਾਣਕਾਰੀ ਦਿੱਤੀ ਅਤੇ ਆਏ ਹੋਏ ਵਿਸ਼ੇਸ਼ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਧੰਨਵਾਦ ਕੀਤਾ ਅਤੇ ਸਟੇਜ ਦਾ ਸੰਚਾਲਨ ਸਕੱਤਰ ਦੀਪ ਸਿੰਘ ਹੁਰਾਂ ਨੇ ਬਹੁਤ ਹੀ ਬਾਖੂਬੀ ਨਿਭਾਇਆ। ਅੰਤ ਵਿਚ ਨਾਮਧਾਰੀ ਸੰਗਤ ਜਲੰਧਰ ਸ਼ਹਿਰ ਵਲੋਂ ਆਏ ਹੋਏ ਵਿਸ਼ੇਸ਼ ਮਹਿਮਾਨਾਂ ਨੂੰ ਸਨਮਾਨਤ ਕੀਤਾ ਗਿਆ।

ਇਸ ਸਮਾਗਮ ਵਿਚ ਜਥੇਦਾਰ ਸੁਰਿੰਦਰ ਸਿੰਘ ਛਿੰਦਾ, ਗੁਰਦੀਪ ਸਿੰਘ, ਜਤਿੰਦਰਪਾਲ ਸਿੰਘ ਚਿੰਕਾ, ਸੁਰਿੰਦਰ ਸਿੰਘ ਪੱਪੂ, ਆਗਿਆ ਸਿੰਘ, ਬਚਨ ਸਿੰਘ, ਜਥੇਦਾਰ ਹਜ਼ਾਰਾ ਸਿੰਘ, ਮੋਹਨ ਸਿੰਘ ਓਸਾਹਨ, ਸੰਤੋਖ ਸਿੰਘ, ਬਲਵੰਤ ਸਿੰਘ, ਸੁਖਜੀਤ ਸਿੰਘ, ਮੱਖਣ ਸਿੰਘ, ਨਵਜੀਤ ਸਿੰਘ ਆਦਿ ਤੋਂ ਇਲਾਵਾ ਸਮੂਹ ਸਾਧ ਸੰਗਤ ਵਿਸ਼ੇਸ਼ ਰੂਪ ਵਿਚ ਹਾਜ਼ਰ ਸੀ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।


Namdhari Elibrary NamdhariElibrary@gmail.com

# ਵਰਿਆਮ ਨੂੰ ਸਹਾਇਤਾ

| | |
|---|---|
| – ਸ. ਨਿਸ਼ਾਨ ਸਿੰਘ ਨਾਮਧਾਰੀ, ਤਲਵੰਡੀ ਗੋਰਾਇਆ ਜ਼ਿਲਾ ਗੁਰਦਾਸਪੁਰ ਵਰਿਆਮ ਦੀ ਚੜਦੀ ਕਲਾ ਵਾਸਤੇ | ੨੦੦-੦੦ |
| – ਸ. ਬਲਬੀਰ ਸਿੰਘ ਢਿੱਲੋਂ, ਚੰਡੀਗੜ੍ਹ, ਨਵੀਂ ਕੋਠੀ ਬਨਵਾਉਣ ਦੀ ਖੁਸ਼ੀ ਵਿਚ ਵਰਿਆਮ ਦੀ ਚੜਦੀ ਕਲਾ ਵਾਸਤੇ | ੫੦੦-੦੦ |
| – ਸੰਤ ਜਸਵੰਤ ਸਿੰਘ 'ਖਿੱਲਾ' ਪ੍ਰੀਤ ਨਗਰ ਸੋਡਲ ਰੋਡ ਜਲੰਧਰ ਨਵੇਂ ਕਾਰੋਬਾਰ ਦੇ ਉਦਘਾਟਣ ਆਸਾ ਦੀ ਵਾਰ ਦੇ ਕੀਰਤਨ ਅਤੇ ਲੰਗਰ ਸਮੇਂ | ੨੦੦-੦੦ |
| – ਸੂਬਾ ਜਸਬੀਰ ਸਿੰਘ ਜੀ ਪੱਦੀ ਖਾਲਸਾ ਜਲੰਧਰ ਵਲੋਂ ਵਰਿਆਮ ਦੀ ਚੜ੍ਹਦੀ ਕਲਾ ਲਈ | ੨੦੦-੦੦ |
| – ਸ. ਗੁਰਬਖਸ਼ ਸਿੰਘ ਮਠਾੜੂ ਇੰਗਲੈਂਡ ਨਿਵਾਸੀ ਵਲੋਂ ਆਪਣੀ ਜੀਵਨ ਸਾਥਣ ਬੀਬੀ ਮਹਿੰਦਰ ਕੌਰ ਦੀ ਦੂਜੀ ਬਰਸੀ ਦੇ ਅਵਸਰ ਤੇ | ੧੧੦੦-੦੦ |
| – ਸ. ਗੁਰਮੀਤ ਸਿੰਘ ਪਵਾਰ ੩੩-ਚੀਮਾ ਨਗਰ ਜਲੰਧਰ ਵਲੋਂ ਆਪਣੇ ਵੀਰ ਗੁਰਨਾਮ ਸਿੰਘ ਪਵਾਰ (ਸਪੁੱਤਰ ਸ. ਗੁਰਤੇਗ ਸਿੰਘ ਪਵਾਰ) ਨਮਿਤ। ਦੇਹਾਂਤ ੬-੩-੦੮ ਪਾਠ ਦਾ ਭੋਗ ੧੫ ਮਾਰਚ ੨੦੦੮ ਕੀਰਤਨ ਸੰਤ ਬਲਬੀਰ ਸਿੰਘ ਨਾਮਧਾਰੀ, ਸੰਤ ਸੁਰਿੰਦਰ ਸਿੰਘ, ਸੰਤ ਮਨਰਾਜ ਸਿੰਘ ਹੋਰਾਂ ਕੀਤਾ | ੫੦੦-੦੦ |
| – ਨਾਮਧਾਰੀ ਸੰਗਤ ਪਿੰਡ ਜੁਗਰਾਲ ੧੬-੩-੨੦੦੮ ਨੂੰ ਮੇਲੇ ਸਮੇਂ | ੨੫੦-੦੦ |
| – ਬੀਬੀ ਮਹਿੰਦਰ ਕੌਰ ਸੁਪਤਨੀ ਸ਼ਹੀਦ ਸੰਤ ਜੁਗਿੰਦਰ ਸਿੰਘ ਨੂੰਹ ਸਵ. ਮਹੰਤ ਆਤਮਾ ਸਿੰਘ ਸਨਖੱਤਰਵੀ ਨਮਿਤ ਪਾਠ ਦੇ ਭੋਗ ਦੇ ਅਵਸਰ ਤੇ ਸੰਤ ਬਲਵੰਤ ਸਿੰਘ ਪਿੰਡ ਡੁਗਰੀ ਰਾਹੀਂ | ੫੦੦-੦੦ |
| – ਸੰਤ ਬਲਬੀਰ ਸਿੰਘ ਰੀਹਲ ਦਾਰਾ ਸਲਾਮ ਤੰਨਜ਼ਾਨੀਆ ਵਲੋਂ ਵਾਰਸ਼ਕ ਚੰਦੇ ਤੋਂ ਇਲਾਵਾ ਸਹਾਇਤਾ | ੫੦੦-੦੦ |
| – ਸ. ਅਮਰਜੀਤ ਸਿੰਘ, ਅਮਰਜੀਤ ਮੋਟਰ ਗੈਰਜ ਫਗਵਾੜਾ ਵਰਿਆਮ ਦੀ ਚੜ੍ਹਦੀ ਕਲਾ ਲਈ | ੧੦੦੦-੦੦ |
| – ਸ. ਗੁਰਦੇਵ ਸਿੰਘ ਗੋਰਾਇਆ ਸਪੁੱਤਰ ਸੰਤ ਤਰਨ ਸਿੰਘ ਵਹਿਮੀ-ਬੁਢੀ ਮੋੜੀ ਰਾਮਪੁਰ ਸ਼ਿਰਸਾ ਵਲੋਂ : ਵਰਿਆਮ ਦੀ ਚੜ੍ਹਦੀ ਕਲਾ ਲਈ | ੫੦੦-੦੦ |
| – ਸ. ਮਨਮੋਹਨ ਸਿੰਘ ਸਪੁੱਤਰ ਮਾਸਟਰ ਨਿਹਾਲ ਸਿੰਘ ਜੀ | ੫੦੦-੦੦ |
| – ਸ. ਰਣਜੀਤ ਸਿੰਘ ਬਾਜਵਾ-ਸ. ਗੁਰਪ੍ਰਕਾਸ਼ ਸਿੰਘ ਬਾਜਵਾ ਕੈਨੇਡਾ ਵਲੋਂ ਆਪਣੇ ਗ੍ਰਹਿ ਪਿੰਡ ਭਟੀਆਂ ਜੱਟਾਂ (ਮੁਕੇਰੀਆ) ਵਿਚ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਸਾਧ ਸੰਗਤ ਸਹਿਤ ਦਰਸ਼ਨ ਦੇਣ ਦੀ ਖੁਸ਼ੀ ਵਿਚ | ੧੦੦੦-੦੦ |
| – ਸ. ਜਸਵੰਤ ਸਿੰਘ ਜੱਸ ਦਿਲੀ ਵਲੋਂ ਪ੍ਰੇਮ ਭੇਟਾ | ੫੧-੦੦ |
| – ਲਾਲਾ ਲੇਖ ਰਾਜ ਅਗਰਵਾਲ ਪਰਿਵਾਰ ਆਰੂਸ਼ਾ ਤਨਜ਼ਾਨੀਆ ਵਲੋਂ ਵਰਿਆਮ ਦੀ ਚੜ੍ਹਦੀ ਕਲਾ ਵਾਸਤੇ | ੩੧੦੦-੦੦ |
| – ਸ. ਸੀਤਲ ਸਿੰਘ ਮੰਡੀ ਡੱਬਵਾਲੀ | ੫੦-੦੦ |
| – ਨਾਮਧਾਰੀ ਕਲਾਥ ਹਾਊਸ ਚੰਡੀਗੜ੍ਹ | ੨੦੦-੦੦ |


Namdhari Elibrary NamdhariElibrary@gmail.com

# ਪ੍ਰਤੀਕਿਰਿਆ

ਮੈਨੂੰ ਪਤਾ ਹੈ ਕਿ ਆਪ ਦੀ ਸਿਹਤ ਠੀਕ ਨਾ ਹੋਣ ਤੇ ਵੀ ਆਪ ਜੀ ਬਹੁਤ ਮਿਹਨਤ ਅਤੇ ਤਨਦੇਹੀ ਨਾਲ ਵਰਿਆਮ ਨੂੰ ਇਕ ਸਿਰਮੌਰ ਪਰਚੇ ਦੀ ਤਰ੍ਹਾਂ ਹਰ ਮਹੀਨੇ ਸਹੀ ਤਰੀਖਾਂ ਤੇ ਬਹੁਤ ਹੀ (ਸੋਹਣਾ) ਸੁਚੱਜੀਆਂ ਸਾਹਿਤਕ, ਇਤਿਹਾਸਕ ਅਤੇ ਰੌਚਿਕ ਰਚਨਾਵਾਂ ਨਾਲ ਸਾਨੂੰ ਭੇਜਦੇ ਹੋ ਪਾਠਕ ਅਨੰਦ ਮਾਣਦੇ ਹਨ। ਉਸ ਪਿਛੇ ਜੋ ਆਪ ਜੀ ਦੀ ਕੁਰਬਾਨੀ ਤੇ ਮਿਹਨਤ ਹੁੰਦੀ ਹੈ ਉਹ ਪਰਚੇ ਦੀ ਦਿੱਖ ਤੋਂ ਹੀ ਪ੍ਰਗਟ ਹੋ ਜਾਂਦੀ ਹੈ। ਮਾਰਚ ੨੦੦੮ ਅੰਕ ਵਿਚ ਪ੍ਰੋ. ਸੁਲੱਖਣ ਸਿੰਘ ਮੀਤ ਜੀ ਦਾ ਲੇਖ "ਸ਼ਹੀਦ-ਏ-ਆਜ਼ਮ (ਸ.) ਭਗਤ ਸਿੰਘ ਨੂੰ ਪ੍ਰਭਾਵਤ ਕਰਨ ਵਾਲੀਆਂ ਸ਼ਖਸੀਅਤਾਂ।" ਬਹੁਤ ਹੀ ਰੌਚਿਕ ਤੇ ਖੋਜ ਭਰਪੂਰ ਸੀ।

ਪ੍ਰੋ. ਮੀਤ ਜੀ ਨੇ ਸ਼ਹੀਦ ਭਗਤ ਸਿੰਘ ਜੀ ਵਲੋਂ ਦੋ ਲੇਖ ਨਾਮਧਾਰੀ ਸਿੰਘਾਂ ਦੇ ਅੰਦੋਲਨ ਬਾਰੇ ਲਿਖੇ ਲੇਖ ਜਾਂ ਤਾਂ ਪੜੇ ਨਹੀਂ ਜਾਂ ਉਹ ਸ. ਭਗਤ ਸਿੰਘ ਨੂੰ ਪ੍ਰਭਾਵਤ ਕਰਨ ਵਾਲੀਆਂ ਸ਼ਖਸੀਅਤਾਂ ਦਾ ਜ਼ਿਕਰ ਕਰਦਿਆਂ ਪਰਿਵਾਰਿਕ ਦਾਇਰੇ 'ਚੋਂ ਬਾਹਰ ਨਹੀਂ ਨਿਕਲੇ। "ਮੈਂ ਨਾਸਤਿਕ ਕਿਉਂ ਹਾਂ?" ਲੇਖ ਵਿਚ ਸ਼ਹੀਦ ਸਰਦਾਰ ਜੀ ਨੇ ਪੱਛਮੀ ਵਿਦਵਾਨਾਂ ਦੀਆਂ ਲਿਖਤਾਂ ਦੇ ਪ੍ਰਭਾਵ ਦਾ ਜ਼ਿਕਰ ਕੀਤਾ ਹੈ।

ਕੂਕਾ (ਸਿੰਘ) ਅੰਦੋਲਨ ਬਾਰੇ ਆਪ ਜੀ ਨੇ ਮਾਸਿਕ ਪੱਤਰ 'ਚਾਂਦ' ਅਤੇ 'ਮਹਾਂਰਥੀ' ਦੋ ਪਰਚਿਆਂ ਵਿਚ ਲੇਖ ਛਪਵਾਏ ਇਹ ਲੇਖ ਤਕਰੀਬਨ ਇਕੋ ਕਲਮ ਨਾਲ ਇਕੋ ਧਾਰਾ ਵਿਚ ਲਿਖੇ ਹੋਏ ਹਨ ਪ੍ਰੰਤੂ ਫਿਰ ਵੀ ਇਹਨਾਂ ਵਿਚ ਤੱਥਾਂ ਆਦਿ ਦਾ ਫਰਕ ਹੈ ਅਤੇ ਸਰਦਾਰ ਜੀ ਉਪਰ ਪਏ ਪ੍ਰਭਾਵ ਦੀ ਪ੍ਰਤੱਖ ਮਿਸਾਲ ਹੈ। ਸ਼ਹੀਦ ਸਰਦਾਰ ਲਿਖਦੇ ਹਨ, "ਅਸੀਂ ਉਨ੍ਹਾਂ ਦੀ (ਨਾਮਧਾਰੀਆਂ ਦੀ) ਯਾਦ ਵਿਚ ਕੋਈ ਵੱਡਾ ਥੰਮ੍ਹ ਨਹੀਂ ਖੜ੍ਹਾ ਕਰ ਸਕਦੇ ਤਾਂ ਕੀ ਆਪਣੇ ਦਿਲ ਵਿਚ ਥੋੜ੍ਹੀ ਜਹੀ ਥਾਂ ਦੇਣੋਂ ਵੀ ਝਿਝਕੀਏ?" ਇਹਨਾਂ ਦੋ ਲੇਖਾਂ ਵਿਚ ਸ਼ਹੀਦ ਭਗਤ ਸਿੰਘ ਨੇ ਆਪਣੇ ਸੰਘਰਸ਼ ਮਈ ਜੀਵਨ ਵਿਚ ਥੋੜੇ ਸਮੇਂ ਵਿਚ ਜੋ ਅਧਿਐਨ ਕੀਤਾ ਉਸੇ ਜਾਣਕਾਰੀ ਦੇ ਆਧਾਰ 'ਤੇ ਇਹ ਦੋ ਲੇਖ ਲਿਖੇ ਜਿਸ ਕਰਕੇ ਪਹਿਲਾਂ 'ਕੂਕਾ ਲਹਿਰ' ਫਿਰ 'ਕੂਕਾ ਬਗਾਵਤ' ਦੇ ਸਿਰਲੇਖ ਦਿੱਤੇ, ਇਕ ਜਗ੍ਹਾ ਆਪ ਲਿਖਦੇ ਹਨ, "ਅਸੀਂ ਕੂਕਿਆਂ ਨੂੰ 'ਭੁੱਲੜ' ਅਤੇ 'ਮੂਰਖ' ਕਹਿ ਕੇ ਆਪਣੇ ਫਰਜ਼ ਤੋਂ ਲਾਂਭੇ ਹੋ ਜਾਂਦੇ ਹਾਂ ਪ੍ਰੰਤੂ ਉਹਨਾਂ ਦੀਆਂ ਕੁਰਬਾਨੀਆਂ ਦਾ ਮੇਰੇ ਉਪਰ ਬਹੁਤ ਗਹਿਰਾ ਅਸਰ ਹੈ। ਸਵਾਰਥ ਜਾਂ ਲੋਭ ਲਈ ਉਹਨਾਂ ਆਪਣੀਆਂ ਜਾਨਾਂ ਦਿੱਤੀਆਂ ਹੁੰਦੀਆਂ ਤਾਂ ਅਸੀਂ ਅਣਗਹਿਲੀ ਵਿਖਾ ਸਕਦੇ ਸਾਂ, ਪਰ ਉਹਨਾਂ ਦੀ 'ਮੂਰਖਤਾ' ਵਿਚ ਵੀ ਦੇਸ਼ ਪਿਆਰ ਜੋਸ਼ ਕੁੱਟ ਕੁੱਟ ਕੇ ਭਰਿਆ ਹੋਇਆ ਸੀ।.........।"......ਅੱਗੇ ਚੱਲ ਸ਼ਹੀਦ ਭਗਤ ਸਿੰਘ ਲਿਖਦੇ ਹਨ "ਮਿ. ਕਾਵਨ ਇਕ ਖੱਤ ਵਿਚ ਲਿਖਦਾ ਹੈ :- 'ਮੇਰੀ ਇਹ ਨੀਅਤ ਨਹੀਂ ਸੀ ਕਿ ਪੰਜਾਹਾਂ ਨੂੰ ਤਾਂ ਉਡਾ ਦਿੱਤਾ ਜਾਵੇ ਅਤੇ ਬਾਕੀ ਬੱਚਦੇ ਸੋਲਾਂ ਬਾਗੀ ਮਲੌਦ ਕੋਲ ਫਾਹੇ ਲਾਉਣ ਲਈ ਘੱਲਦਿਆਂ। ਪਰ ਇਕ ਨੇ ਪਹਿਰੇਦਾਰ ਤੋਂ ਬੱਚ ਕੇ ਮੇਰੇ ਉਤੇ ਖਤਰਨਾਕ ਹਮਲਾ ਕਰ ਦਿੱਤਾ ਮੈਨੂੰ ਦਾੜ੍ਹੀ ਤੋਂ ਫੜ ਲਿਆ ਅਤੇ ਗਲ ਘੁੱਟਣ ਦੀ ਕੋਸ਼ਿਸ਼ ਕਰਨ ਲੱਗਾ। ਅਤੇ ਜਿਵੇਂ ਕਿ ਉਹ ਬੜਾ ਤਾਕਤਵਰ ਬੰਦਾ ਸੀ, ਮੈਨੂੰ ਆਪਣਾ ਆਪ ਛੁਡਾਉਣ ਦੀ ਬੜੀ ਮੁਸ਼ਕਲ ਹੋਈ। ਸਿਪਾਹੀਆਂ ਨੇ ਤਲਵਾਰਾਂ ਕੱਢੀਆਂ ਅਤੇ ਉਸ ਨੂੰ ਵੱਢ ਕੇ ਰੱਖ ਦਿੱਤਾ।"

ਸ਼ਹੀਦ ਭਗਤ ਸਿੰਘ ਉਪਰ ਕੂਕੇ ਸਿੰਘਾਂ ਦੇ ਅੰਦੋਲਨ ਦਾ ਬਹੁਤ ਅਸਰ ਸੀ, "ਉਸ ਤਹਿਰੀਕ (ਅੰਦੋਲਨ-ਇਤਿਹਾਸ) ਦਾ ਨਾਮ ਸੀ 'ਕੂਕਾ ਲਹਿਰ' ਕੁਝ ਮਜ਼ਹਬੀ ਕੁਝ ਸਮਾਜਿਕ ਰੂਪ ਰਖਦਿਆਂ ਹੋਇਆਂ ਹੀ ਉਹ ਤਹਿਰੀਕ ਇਕ 'ਰਾਜ ਪਲਟਾਊ' ਨਹੀਂ (ਸਗੋਂ) 'ਜੁਗ ਪਲਟਾਊ ਤਹਿਰੀਕ ਸੀ।" ਜਿਸ ਦੇ ਪ੍ਰਭਾਵ ਹੇਠ ਬਾਬਾ ਸੋਹਨ ਸਿੰਘ ਭਕਨਾ, ਸ. ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਊਧਮ ਸਿੰਘ ਆਦਿ ਵੀ ਨਹੀਂ ਬੱਚ ਸਕੇ।

ਮੇਰੇ ਨਾਲ ਮੇਰੀ ਸਿਹਤ ਸਾਥ ਨਹੀਂ ਦੇ ਰਹੀ ਫਰਵਰੀ ਵਿਚ ਦਿਲ ਦਾ ਛੋਟਾ ਜਿਹਾ ਓਪਰੇਸ਼ਨ ਹੋਇਆ ਹੈ ਪਿਛਲੇ ਨਵੰਬਰ ਦਸੰਬਰ ਵਿਚ ਇਥੇ ਪੰਜਾਬ ਵਿਚ ਸਿਹਤ ਖਰਾਬ ਹੋ ਗਈ ਸੀ ਫਿਰ ਵੀ ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਦੀ ਬਹੁਤ ਬਖਸ਼ਸ਼ਾਂ ਭਰੀ ਕ੍ਰਿਪਾ ਹੈ ਜੀ। ਵਰਿਆਮ ਪੜ੍ਹਨ ਨਾਲ ਮਨ ਤਾਜ਼ਾ ਹੋ ਰੁਚੀਆਂ ਪ੍ਰਬੱਲ ਹੋ ਜਾਂਦੀਆਂ ਹਨ ਜੀ ਧੰਨਵਾਦ। ਸਰਬਤ ਨੂੰ ਸਤਿ ਸ੍ਰੀ ਅਕਾਲ!

*ਸੁਰਜੀਤ ਸਿੰਘ ਜੀਤ ਲੰਡਨ।*

*ਮਾਂ ਬੋਲੀ ਤੇ ਭਾਸ਼ਾ*

ਵਰਿਆਮ ਦੇ ਸੰਪਾਦਕ ਸ. ਜਗਦੀਸ਼ ਸਿੰਘ ਵਰਿਆਮ ਪੰਜਾਬੀ ਪੱਤਰਕਾਰੀ ਵਿਚ ਸਨਮਾਨਯੋਗ ਸਥਾਨ ਰਖਦੇ ਹਨ ਤੇ ਉਹਨਾਂ ਦੀਆਂ ਸੰਪਾਦਕੀ ਟਿਪਣੀਆਂ ਹਰ ਮਹੀਨੇ ਗੰਭੀਰਤਾ ਨਾਲ ਅਧਿਐਨ ਕਰਦਾ ਹਾਂ। ਮਾਰਚ ੨੦੦੮ ਵਰਿਆਮ ਅੰਕ ਦੀ ਸੰਪਾਦਕੀ ਪੰਜਾਬੀ ਜਗਤ ਨੂੰ ਵਿਸ਼ਵ ਭਰ ਵਿਚ ਸਾਰਿਥਕ ਸੁਨੇਹਾ ਦਿੰਦੀ ਹੈ ਜਿਹੜੀਆਂ ਕੌਮਾਂ ਆਪਣੀ ਬੋਲੀ ਤੇ ਸਭਿਆਚਾਰ ਨੂੰ ਵਿਸਾਰਦੀਆਂ ਹਨ ਉਹ ਕਿਸੇ ਜੋਗੀਆਂ ਨਹੀਂ ਰਹਿੰਦੀਆਂ। ਸ. ਜਗਦੀਸ਼ ਸਿੰਘ ਵਰਿਆਮ ਨੇ ਮਾਂ ਬੋਲੀ ਤੇ ਪੰਜਾਬੀ ਭਾਸ਼ਾ ਪ੍ਰਤੀ ਮਾਪਿਆਂ ਨੂੰ ਬੱਚਿਆਂ ਨੂੰ ਗੰਭੀਰਤਾ ਨਾਲ ਬੋਲਣ ਪੜ੍ਹਨ ਲਿਖਣ ਦੀ ਸੇਧ ਮਈ ਗੱਲ ਕਹੀ ਹੈ ਤਾਂ ਕਿ ਪੰਜਾਬੀ ਸੰਸਾਰ ਦਾ ਭਵਿੱਖ ਉੱਜਲ ਰਹੇ। ਯੂਨੈਸਕੋ ਦੇ



Namdhari Elibrary NamdhariElibrary@gmail.com

ਹਵਾਲੇ ਨਾਲ ਸੰਪਾਦਕੀ ਪੰਜਾਬੀਆਂ ਲਈ ਬਹੁਤ ਸਿਖਿਆ ਦਾਇਕ ਤੇ ਅਮਲ ਕਰਨ ਵਾਲੀ ਪਰੀਵਾਰਕ ਮੁੱਢਲੀ ਲੋੜ ਅਤੇ ਸੇਧ ਹੈ।

ਵਰਿਆਮ ਦੀ ਸਮੁੱਚੀ ਸਮੱਗਰੀ ਹਰ ਮਹੀਨੇ ਦੇ ਅੰਕ ਵਿਚ ਮਿਆਰੀ ਪੜ੍ਹਨ ਨੂੰ ਮਿਲਦੀ ਹੈ। ਮੈਂ ਵਰਿਆਮ ਦਾ ਬੌਧਿਕ ਪਾਠਕ ਹਾਂ। ਪਰਚਾ ਜੀਵਨ ਸੁਧਾਰ, ਮਾਰਗ ਦਰਸ਼ਨ ਤੇ ਸਮਾਜ ਵਿਚ ਨੇਕ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਨਾਮਧਾਰੀ ਲਹਿਰ ਦੇ ਗੌਰਵਮਈ ਇਤਿਹਾਸ ਤੇ ਮੌਜੂਦ ਸੰਚਾਲਨ ਬਾਰੇ ਵਰਿਆਮ ਖੋਜ ਭਰਪੂਰ ਲਿਖਦਾ ਹੈ। ਅਨੇਕਾਂ ਚਨੌਤੀਆਂ ਨੇ ਸਨਮੁੱਖ ਵਰਿਆਮ ਦਾ ਪੰਜਾਬੀ ਪੱਤਰਕਾਰੀ ਦਾ ਮਿਆਰ ਕਾਇਮ ਹੈ। ਅਦਾਰਾ ਵਧਾਈ ਦਾ ਹੱਕਦਾਰ ਹੈ।

*—ਕੁਲਦੀਪ ਸਿੰਘ ਪੱਟੀ*
*੬੪੪, ਮੋਰੀ ਮਹੱਲਾ ਬਹਾਦਰਪੁਰ,*
*ਹੁਸ਼ਿਆਰਪੁਰ।*

ਮਾਰਚ ਦਾ ਵਰਿਆਮ ਮਿਲਿਆ, ਬਹੁਤ ਬਹੁਤ ਧੰਨਵਾਦ। ਪਰਚੇ ਦੀ ਦਿੱਖ ਬਹੁਤ ਪ੍ਰਭਾਵਸ਼ਾਲੀ ਤੇ ਮਨਮੋਹਣੀ ਹੈ। ਉਮੀਦਾਂ ਦਾ ਸੂਰਜ ਇਵੇਂ ਹੀ ਚੜ੍ਹਦਾ ਰਹੇ। ਮੈਟਰ ਵੀ ਸ਼ਲਾਘਾਯੋਗ ਹੈ। ਤੁਹਾਡੇ ਵਲੋਂ ਲਿਖਿਆ ਗਿਆ ਮਾਂ ਬੋਲੀ ਦਿਵਸ ਉਤੇ ਸੰਪਾਦਕੀ ਬਹੁਤ ਪ੍ਰਭਾਵ ਦਿੰਦਾ ਹੈ। ਤੁਹਾਡੀ ਇਹ ਗੱਲ ਸੋਲਾਂ ਆਨੇ ਸੱਚ ਹੈ ਕਿ ਪੰਜਾਬੀ ਦੇ ਪੁੱਤਾਂ ਦੀ ਸਿਆਣਪ, ਚਤੁਰਤਾ, ਖੁਸ਼ਹਾਲੀ ਅਤੇ ਸ਼ੁਜਾਅਤ, ਸਖਾਵਤ ਹੀ ਪੰਜਾਬੀ ਮਾਂ ਬੋਲੀ ਨੂੰ ਲੈ ਕੇ ਬਹਿ ਗਈ। ਜਦੋਂ ਆਦਮੀ ਕੋਲ ਲੋੜੋਂ ਵਧ ਸਾਧਨ ਹੋ ਜਾਂਦੇ ਹਨ ਤਾਂ ਉਹ ਆਪਣਿਆਂ, ਅਗਲਿਆਂ-ਪਿਛਲਿਆਂ ਨੂੰ ਭੁੱਲ ਹੀ ਜਾਂਦਾ ਹੈ। ਤੇ ਉਹ ਆਪ ਵੀ ਦੂਜਿਆਂ ਨੂੰ ਵੀ ਗਲਤ ਰਸਤਾ ਦਿਖਾਉਂਦਾ ਹੈ; ਅੰਗੇਰਜ਼ੀ ਵੱਲ ਨੂੰ ਉਤਸ਼ਾਹ ਅਜਿਹੇ ਲੋਕ ਹੀ ਕਰਦੇ ਹਨ। ਅੱਜ ਦੀ ਤਰੀਕ ਵਿਚ ਪੰਜਾਬੀ ਲਈ ਸਭ ਤੋਂ ਵੱਡਾ ਨਰਕ ਇਨ੍ਹਾਂ ਅੰਗਰੇਜ਼ੀ ਸਕੂਲਾਂ ਨੇ ਹੀ ਪਾਇਆ ਹੋਇਆ ਹੈ। ਇਨ੍ਹਾਂ ਸਕੂਲਾਂ ਨੇ ਤਾਂ ਸਾਡਾ ਸਾਰਾ ਸਭਿਆਚਾਰ ਹੀ ਖਰਾਬ ਕਰ ਦਿੱਤਾ ਹੈ। ਕਾਸ਼! ਤੁਹਾਡੀ ਆਵਾਜ਼ ਇਨ੍ਹਾਂ ਅਤੇ ਇਨ੍ਹਾਂ ਵਰਗੇ ਆਪਣੀ ਮਾਂ ਬੋਲੀ ਤੋਂ ਦੂਰ ਜਾ ਰਹੇ ਪੰਜਾਬੀਆਂ ਦੇ ਕੰਨਾਂ ਤੱਕ ਪਹੁੰਚ ਕੇ ਕੁਝ ਅਸਰ ਕਰ ਸਕੇ। ਮੇਰੀ ਵਾਹਿਗੁਰੂ ਅਗੇ ਅਰਦਾਸ ਹੈ ਕਿ ਉਹ ਇਨ੍ਹਾਂ ਲੋਕਾਂ ਨੂੰ ਸੁਮੱਤ ਬਖਸ਼ੇ।

## ਸਾਰੇ ਪੰਜਾਬੀਆਂ ਨੂੰ ਵਧਾਈ!!

ਪੰਜਾਬੀ ਨੂੰ ਪੰਜਾਬ ਦੇ ਸਕੂਲਾਂ ਵਿਚ ਦਸਵੀਂ ਤੱਕ ਜ਼ਰੂਰੀ ਵਿਸ਼ਾ ਬਣਾਏ ਜਾਣ ਅਤੇ ਸਰਕਾਰੀ ਕੰਮ ਕਾਜ ਨੂੰ ਪੰਜਾਬੀ ਵਿਚ ਕਰਨ ਦਾ ਜੋ ਫੈਸਲਾ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਨੇ ਕੀਤਾ ਹੈ ਸਭਨਾਂ ਨੂੰ ਬਹੁਤ ਬਹੁਤ ਵਧਾਈ। ਉਨ੍ਹਾਂ ਪੰਜਾਬੀਆਂ ਨੂੰ ਬਹੁਤ-ਬਹੁਤ ਮੁਬਾਰਕ ਜਿਨ੍ਹਾਂ ਨੇ ਇਹ ਕਾਰਜ ਕਰਨ ਲਈ ਸਰਕਾਰ ਨੂੰ ਜ਼ੋਰ ਪਾਇਆ। ਇਹ ਕੰਮ ਹੋਣਾ ਤਾਂ ਪਹਿਲਾਂ ਚਾਹੀਦਾ ਸੀ ਚੱਲੋ ਦੇਰ ਆਏ ਦਰੁਸਤ ਆਏ।

ਇਸ ਇਤਿਹਾਸਕ ਫੈਸਲੇ ਲਈ ਬਾਦਲ ਸਰਕਾਰ ਦਾ ਨਾਂ ਇੱਕ ਚੰਗਾ ਕੰਮ ਕਰਨ ਲਈ ਯਾਦ ਰੱਖਿਆ ਜਾਏਗਾ। ਹੁਣ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਸਾਰੀ ਸਰਕਾਰੀ ਮਸ਼ੀਨਰੀ ਅਤੇ ਪੰਜਾਬ ਦੇ ਇੰਗਲਿਸ਼ ਮੀਡੀਅਮ ਵਾਲੇ ਸਕੂਲ ਇਸ ਫੈਸਲੇ ਦਾ ਇਮਾਨਦਾਰੀ ਨਾਲ ਸੁਆਗਤ ਕਰਕੇ ਅਮਲ ਕਰਨਗੇ।

*—ਭੁਪਿੰਦਰ ਉਸਤਾਦ*
*ਮੁਹੱਲਾ ਗੋਬਿੰਦਗੜ੍ਹ, ਜਲੰਧਰ ਸ਼ਹਿਰ*

## ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ

ਜੱਸ ਜੀਵਨ ਭਾਗ-ਛੇ ਸਫਾ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਨੰ: ੪੩੭ ਦੀ ਪੂਰਬੀ ਪਾਕਿਸਤਾਨ ਦੀ ਲਾਈਨ ਨੰ. ੧੧ ਵਿਚ ਸ੍ਰ: ਜਗਜੀਤ ਸਿੰਘ ਅਰੋੜਾ ਲੈਫਟੀਨੈਂਟ ਦੀ ਥਾਂ ਤੇ ਲੈਫਟੀਨੈਂਟ ਜਰਨਲ ਪੜ੍ਹਿਆ ਜਾਵੇ। ਕਿਉਂਕਿ ਉਸ ਵੇਲੇ ਉਹਨਾਂ ਦਾ ਰੈਂਕ ਲੈਫਟੀਨੈਂਟ ਜਨਰਲ ਸੀ। ਕ੍ਰਿਪਾ ਕਰਕੇ ਇਹ ਸੋਧ ਕੀਤੀ ਜਾਵੇ ਆਪ ਜੀ ਦੀ ਬਹੁਤ ਮੇਹਰਬਾਨੀ ਹੋਵੇਗੀ।

ਵੱਲੋਂ

*ਸੂਬੇਦਾਰ ਗੁਰਨਾਮ ਸਿੰਘ (ਰੀਟਾਇਰਡ) ਨਾਮਧਾਰੀ,*
*ਪਿੰਡ :- ਚੱਕ-ਯਕੂਬ, ਡਾਕਖਾਨਾ ਕਾਹਨੂੰਵਾਨ*
*ਜ਼ਿਲ੍ਹਾ ਗੁਰਦਾਸਪੁਰ।*

## Order For Grant of Renewal of Exemption U/S 80G (5) (VI)

Donations made to Vishav Namdhari Sangat Society Gurudwara Shri Bhaini Sahib, Distt. Ludhiana wil be eligible for tax relief under section 80-G of the Income Tax Act, 1961 in the hands of the donors subject to the limits and conditions prescribed in the said section.

This exemption certificate will be valid for the period from 01-04-2007 to 31-03-2010 relevant to the assessment years 2008-09 to 2010-2011.

*Sd/-*
*(R.K.ROYE)*
*Commissioner of Income Tax-I,*
*Ludhiana.*


Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL
FOODS PVT LTD

**Pinoneer Manufacturer in India of**

- **Automatic machines for producing Biscuits**
- **Automatic machines for producing Wafers**

**and**

**Makers of High quality Biscuits**

## BBL FOODS PVT. LTD.

*Santosh Nagar (X) Roads, Hyderabad-500 059 India*

*Ph.:— +91-40-4530680, 82,84    Fax :— +91-40--4530475*

*E-mail:amber @hd1.vsnl.net.in*

| | | |
|---|---|---|
| **Balvinder Pal Singh**<br>*Manging Director*<br>*Ph.: 9391048734* | **Lakhbir Singh Muchhal**<br>*Director*<br>*Ph.: 9848050607* | **Sukhwinder Kaur**<br>*Director*<br>*Ph.: 9391046298* |




Namdhari Elibrary NamdhariElibrary@gmail.com



**ਨਾਮਧਾਰੀ ਸੰਗਤ ਜਲੰਧਰ ਵਲੋਂ ਸ਼ਤਾਬਦੀ ਸਮਾਗਮ**

ਜਥੇਦਾਰ ਗੁਰਦੀਪ ਸਿੰਘ ਤੇ ਜੱਥਾ ਕੀਰਤਨ ਕਰਦੇ ਹੋਏ। ਵਿਸ਼ੇਸ਼ ਮਹਿਮਾਨ ਸੂਬਾ ਬਲਵਿੰਦਰ ਸਿੰਘ ਝੱਲ ਪ੍ਰਧਾਨ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ ਦਾ ਸਨਮਾਨ ਕਰਦੇ ਜਗਦੀਸ਼ ਸਿੰਘ ਵਰਿਆਮ । ਪ੍ਰਧਾਨ ਸੁਰਜੀਤ ਸਿੰਘ, ਜਗਦੀਸ਼ ਸਿੰਘ ਵਰਿਆਮ ਅਤੇ ਸਨਮਾਨਿਤ ਬਜ਼ੁਰਗ ਜਥੇਦਾਰ ਹਜ਼ਾਰਾ ਸਿੰਘ ਜੀ। ਸੰਤ ਹਰਜੀਤ ਸਿੰਘ ਜਨਰਲ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ ਬੀਬੀ ਸੁਖਜੀਤ ਕੌਰ ਪ੍ਰਧਾਨ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜੱਥਾ। ਸੰਤ ਸੁਖਵਿੰਦਰ ਸਿੰਘ ਲਾਇਲ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ। ਸੰਤ ਦੀਪ ਸਿੰਘ ਸਕੱਤਰ ਨਾਮਧਾਰੀ ਸੰਗਤ ਜਲੰਧਰ ਜਥੇਦਾਰ ਸੁਰਿੰਦਰ ਸਿੰਘ ਛਿੰਦਾ ਅਤੇ ਸੰਗਤਾਂ ਦੇ ਦ੍ਰਿਸ਼

Namdhari Elibrary NamdhariElibrary@gmail.com

Registered No. PB 0016 (2006-2008) Monthly Wariam Ladowali Road, Jalandhar - 144 001
Regd. RNI No. 26453/75 April 2008

Reliable Performance




Consistence Performers, Suited to all market needs with high yield, quality & disease resistant.

NS

NAMDHARI SEEDS PVT. LTD.

Bidadi 562 109 Bangalore • Tel.: 98454 71271/ 72, 98453 81817/ 98453 10057
Liaison Office : Tel.: 080 28602167/ 69 • Fax: 080 28602168
e-mail : namdhariseeds@namdhariseeds.com • URL : www.namdhariseeds.com

*Seeds for a better future...*

ਐਡੀਟਰ, ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289

Namdhari Elibrary NamdhariElibrary@gmail.com